
INTERNATIONAL MAGAZINE
RNI No. 61816/95
ਅਪ੍ਰੈਲ 2018
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
ਵਿਸਾਖੀ 1699 ਈਸਵੀ ਨੂੰ ਸਾਹਿਬ ਸ੍ਰੀ
ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਖਾਲਸਾ
ਸਾਜਨ ਸਮੇਂ ਸੀਸ ਦੀ ਮੰਗ ਕਰਦੇ ਹੋਏ।

# ਆਤਮ ਮਾਰਗ

ਸਾਲ-ਚੌਵੀਵਾਂ, ਮਹੀਨਾ - ਅਪ੍ਰੈਲ, 2018

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| | |
|---|---|
| **ਚੇਅਰਮੈਨ** | ਐਡੀਟਰ-ਇਨ-ਚੀਫ |
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

**ਫੋਨ :- 84378-12900, 94172-14391, 94172-14379,**

**Email :atammarg1@yahoo.co.in**

**Postal Address for any Enquiry, Money Order, Cheque and drafts :**

**'ATAM MARG' MAGAZINE**

**Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India**

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Please visit us on internet at :-**

**For Atam Marg Email : atammarg1@yahoo.co.in,**

**Website & Live video -**

**www.ratwarasahib.in**
**www.ratwarasahib.org** } **(Every sunday)**

**Email :sratwarasahib.in@gmail.com**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ - ਬਾਬਾ ਸਤਨਾਮ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪਨੂੰ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-604-589-9189

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

### ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ ਅਤੇ ਹਿੰਦੀ) 9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ 94172-14382
8. ਅਕਾਲ ਬਿਰਧ ਆਸ਼ਰਮ : 98157-28220

### ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ਼੍ਰੀ ਮਾਨ ਜੀ | - | 98551-32009 |
| ਸ਼੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


| | | |
|---|---|---|
| 1. | ਸੰਪਾਦਕੀ<br>*ਭਾਈ (ਡਾ.) ਸੁਖਵਿੰਦਰ ਸਿੰਘ* | 5 |
| 2. | ਬਾਰਹ ਮਾਹਾ<br>*ਡਾ. ਜਗਜੀਤ ਸਿੰਘ* | 7 |
| 3. | ਆਲਮੇ ਰੌਸ਼ਨ ਜ਼ਿ ਗੁਰੁ ਗੋਬਿੰਦ ਸਿੰਘ<br>*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | 11 |
| 4. | ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ<br>*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | 28 |
| 5. | ਬਾਬਾਣੀਆਂ ਕਹਾਣੀਆਂ<br>*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | 42 |
| 6. | ਆਤਮ ਗਿਆਨ<br>*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | 46 |
| 7. | ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ<br>*ਸੰਤ ਬਾਬਾ ਹਰਪਾਲ ਸਿੰਘ ਜੀ* | 48 |
| 8. | ਨੂਰਾਨੀ ਮਿਲਾਪ<br>*ਭਾਈ (ਡਾ.) ਸੁਖਵਿੰਦਰ ਸਿੰਘ* | 53 |
| 9. | 1699 ਦੀ ਵਿਸਾਖੀ<br>*ਡਾ. ਜਗਜੀਤ ਸਿੰਘ* | 55 |
| 10. | ਗੁਰਬਾਣੀ ਅਰਥ-ਭੰਡਾਰ<br>*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ* | 60 |
| 11. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ<br>*ਡਾ. ਸਵਾਮੀ ਰਾਮ ਜੀ* | 61 |
| 12. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ | 63 |

# ਸੰਪਾਦਕੀ

*(ਡਾ.) ਭਾਈ ਸੁਖਵਿੰਦਰ ਸਿੰਘ*

ਸਿੱਖ ਧਰਮ ਦਾ ਆਰੰਭ ਪ੍ਰਮੇਸ਼ਰ ਦੇ ਸਾਕਾਰ ਰੂਪ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼, ਗੁਰਬਾਣੀ ਦੇ ਨਾਦ ਅਤੇ ਰਬਾਬ ਦੀ ਤਾਰ ਤੋਂ ਹੁੰਦਾ ਹੈ। ਇਹ ਆਪਣਾ ਸਫਰ ਪੜਾਅ ਦਰ ਪੜਾਅ ਤਹਿ ਕਰਦਾ ਹੋਇਆ, ਕੁਰਬਾਨੀ, ਖੰਡੇ ਦੀ ਧਾਰ ਅਤੇ ਨਗਾਰੇ ਦੀ ਚੋਟ ਤੱਕ ਪਹੁੰਚਿਆ। ਸਰਬੰਸ ਦਾਨੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਸਰਗੁਣ ਸਰੂਪ ਵਿਚ ਇਸ ਇਲਾਹੀ ਜੋਤ ਦੇ ਸਿਖਰ ਹਨ। ਇਸ ਧਰਮ ਨੇ 10 ਜਾਮੇ ਧਾਰਨ ਕੀਤੇ। ਹੁਣ 11ਵੇਂ ਸਰੂਪ ਜੁਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਦਰਸ਼ਨ ਦੇ ਕੇ ਮਨੁੱਖਤਾ ਦਾ ਉਧਾਰ ਕਰ ਰਹੇ ਹਨ। ਮਾਨਵਤਾ ਦੇ ਹਰ ਖੇਤਰ ਦੀ ਅਗਵਾਈ ਕਰ ਰਹੇ ਹਨ। ਇਹ ਵਿਸ਼ਾਲ ਸਫਰ 1469 ਈ. ਨੂੰ ਸ਼ੁਰੂ ਹੁੰਦਾ ਹੈ ਅਤੇ 1699 ਈ. ਇਸ ਦਾ ਸਿਖਰ ਛਹੁੰਦਾ ਹੈ। 1708 ਈ. ਵਿਚ ਮੰਜ਼ਿਲੇ ਮਕਸੂਦ ਨੂੰ ਪ੍ਰਾਪਤ ਕਰਕੇ ਸਦੀਵੀ ਤੌਰ ਤੇ ਸ਼ਬਦ ਗੁਰੂ ਦੇ ਸਿਧਾਂਤ ਨਾਲ ਜੁੜ ਜਾਂਦਾ ਹੈ। ਇਸ ਇਲਾਹੀ ਨਾਦ ਤੇ ਜੋਤਿ ਦੇ ਅਨੇਕਾਂ ਪਹਿਲੂ ਹਨ ਇਨ੍ਹਾਂ ਵਿਚੋਂ ਕੁਝ ਪਹਿਲੂਆਂ ਤੇ ਤੁੱਛ ਬੁੱਧੀ ਅਨੁਸਾਰ ਵਿਚਾਰ ਸਾਂਝੀ ਕਰਨ ਜਾ ਰਹੇ ਹਾਂ। ਇਸ ਸਿੱਖੀ ਰੂਪ ਖੇਤੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਨੇ ਸਿੰਜਿਆ ਤੇ 10ਵੇਂ ਸਤਿਗੁਰੂ ਦਸ਼ਮੇਸ਼ ਪਿਤਾ ਵੇਲੇ ਫਲ ਲੱਗਾ। ਇਸ ਸਫਰ ਦੌਰਾਨ ਇਸ ਹਰਿਆਵਲ ਵਿਚ ਅਨੇਕਾਂ ਰੰਗ ਭਰੇ ਗਏ। ਸਭ ਤੋਂ ਪਹਿਲਾਂ '***ਨਾਨਕ ਕੈ ਘਰਿ ਕੇਵਲ ਨਾਮੁ॥' ਅਰਥਾਤ 'ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥ ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥*** ਭਾਵ ਨਾਮ ਦਾ ਸਿਧਾਂਤ ਪ੍ਰਗਟ ਹੋਇਆ। ਹੁਕਮ ਦੇ ਸਿਧਾਂਤ ਤੇ ਖੜ੍ਹੀ ਸਮੁੱਚੀ ਵਿਚਾਰਧਾਰਾ ਸੇਵਾ ਸਿਮਰਨ ਦੇ ਰੂਪ ਵਿਚ ਸਾਮ੍ਹਣੇ ਆਈ। ਕਰਮਕਾਂਡਾਂ, ਭੇਖਾਂ, ਭਰਮਾਂ, ਜਾਤ-ਪਾਤ, ਨਸਲ, ਲਿੰਗ ਦੇ ਭੇਦ ਭਾਵ ਤੋਂ ਛੁਟਕਾਰਾ ਦਿਵਾ ਕੇ, ਵਰਣ ਆਸ਼ਰਮ ਦੀ ਵੰਡ ਤੋਂ ਉਪਰ ਉਠ ਕੇ '***ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥' (ਅੰਗ-1136) 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥' (ਅੰਗ-1350)*** ਸਾਰੀ ਮਾਨਵਤਾ ਨੂੰ ਵਾਹਿਗੁਰੂ ਦਾ ਰੂਪ ਜਾਨਣ ਦਾ ਸਿਧਾਂਤ ਵਿਹਾਰਿਕ ਰੂਪ ਵਿਚ ਰੂਪਮਾਨ ਹੋਇਆ। ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ ਸਿੱਖ ਜੀਵਨ ਦੇ ਅਨਿੱਖੜੇ ਅੰਗ ਬਣੇ। ***'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ'*** ਮੰਗਣਾ ਸਿੱਖ ਦੀ ਸਦੀਵੀ ਅਰਦਾਸ ਬਣ ਗਈ। ਜੀਵਨ ਮੁਕਤ ਦੀ ਵਿਚਾਰਧਾਰਾ ਵਿਸ਼ੇਸ਼ ਤੌਰ ਤੇ ਰੂਪਮਾਨ ਹੋਈ।

ਦਸ ਜਾਮਿਆਂ ਵਿਚ ਇਲਾਹੀ ਜੋਤਿ ਦੇ ਸਫਰ ਵਿਚ ਹੁਕਮ, ਸੇਵਾ ਸਿਮਰਨ, ਸਾਂਝੀਵਾਲਤਾ, ਭਾਣੇ ਦਾ ਸਬਰ, ਮੀਰੀ-ਪੀਰੀ ਦਾ ਸਿਧਾਂਤ, ਕੋਮਲ ਹਿਰਦਾ, ਮਨੁੱਖੀ ਅਧਿਕਾਰਾਂ ਦੀ ਰੱਖਿਆ, ਦੂਸਰੇ ਧਰਮ ਵਾਸਤੇ ਆਪਣੀ ਜਿੰਦ ਜਾਨ ਦੀ ਬਾਜੀ ਲਾ ਦੇਣੀ ਤੇ ਦੇਸ਼ ਕੌਮ ਅਤੇ ਮਾਨਵਤਾ ਦੀ ਭਲਾਈ ਲਈ ਸਰਬੰਸ ਵਾਰ ਦੇਣ ਦਾ ਨਵਾਂ ਨਿਵੇਕਲਾ ਗਾਡੀ ਰਾਹ ਹੋਂਦ ਵਿਚ ਆਇਆ। ਭਾਰਤ ਵਰਸ਼ ਵਿਚ ਆਏ ਹਰ ਪੱਖ ਤੋਂ ਨਿਘਾਰ ਨੂੰ ਉੱਚੇ ਸੁੱਚੇ ਆਦਰਸ਼ਾਂ ਰਾਹੀਂ ਪੂਰਿਆ ਗਿਆ। ਅਧੂਰੇਪੁਣ ਵਿਚ ਪੂਰਨਤਾ ਦਾ ਅਹਿਸਾਸ ਜਗਾ ਕੇ ਇਕ ਪੂਰਨ ਮਨੁੱਖ ਦੀ ਸਿਰਜਣਾ ਕੀਤੀ। ਕਰਮ, ਉਪਾਸਨਾ, ਗਿਆਨ, ਵਿਗਿਆਨ ਦਾ ਮਾਰਗ ਦ੍ਰਿੜ੍ਹ ਕਰਵਾਇਆ। ਮਲ, ਵਿਖਸ਼ੇਪ, ਆਵਰਨ ਵਰਗੇ ਦੋਸ਼ਾਂ ਨੂੰ ਦੂਰ ਕਰਕੇ ਸਵੈ ਸਰੂਪ ਦੀ ਲੱਖਤਾ ਕਰਾਈ। ਆਪਣੇ ਮੂਲ ਨੂੰ ਪਛਾਨਣਾ ਹੀ ਜੀਵਨ ਦਾ ਲਖਸ਼ ਹੈ, ਇਹ ਅਹਿਸਾਸ ਕਰਵਾਇਆ। 'ਸੁਣਿਐ' ਦੇ ਨਾਲ-ਨਾਲ ਮੰਨਣ ਦੀ ਤਾਗੀਦ ਕੀਤੀ। ਇਸ ਦੀ ਤਿਆਰੀ, ਮੰਜ਼ਿਲ ਦਾ ਸਫਰ ਤੇ ਸਿਖਰ ਚੜ੍ਹਦੀ ਕਲਾ ਦਾ ਪ੍ਰਤੀਕ ਸੀ। ਇਹ ਇਕ ਕਰਾਮਾਤ ਸੀ ਜੋ 1699 ਈ. 'ਚ ਪੂਰੀ ਹੋਈ। 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ' ਦੇ ਸਿਧਾਂਤ ਨੂੰ ਕੌਮ ਦਾ ਸਦੀਵੀ ਅੰਗ ਬਣਾਉਣਾ ਸੀ। 'ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਉਂ' ਦਾ ਨਵਾਂ ਸਿਧਾਂਤ ਹੋਂਦ ਵਿਚ ਆਇਆ। ਹਜ਼ਾਰਾਂ/ਲੱਖਾਂ 'ਚ ਇਕ ਦੀ ਪਛਾਣ ਦੀ ਬਖਸਿਸ਼ ਹੋਈ।

ਇਸ ਇਲਾਹੀ ਨਾਦ ਤੇ ਜੋਤਿ ਦੀਆਂ ਨੀਹਾਂ ਨੂੰ ਸ਼ਹੀਦਾਂ ਦੇ ਖੂਨ ਨਾਲ ਸਿੰਜਿਆ ਗਿਆ। ਮੀਰੀ ਪੀਰੀ ਤੇ ਤਿਲਕ ਜੰਞੂ ਦੀ ਰਾਖੀ ਵਰਗੇ ਵਰਤਾਰੇ ਸਾਡੇ ਦ੍ਰਿਸ਼ਟੀਗੋਚਰੇ ਹਨ। ਜੀਵਤ ਮਰਨ ਦੇ ਭਾਵ ਨਾਲ ਵਿਚਰਦਾ ਮਨੁੱਖ, ਪ੍ਰੇਮ ਦੀ ਖੇਡ ਖੇਡਦਾ ਹੈ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ- ੧੧੦੨*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ- ੧੪੧੨*

ਦੇ ਸਿਧਾਂਤ 'ਤੇ ਚਲਦਿਆਂ 'ਖ਼ਾਲਸਾ ਮੇਰੋ ਰੂਪ ਹੈ ਖ਼ਾਸ' ਹੋ ਨਿਬੜਿਆ। ਖੰਡੇ ਧਾਰ ਤੇ ਤਲਵਾਰ ਵਿਚੋਂ ਪੈਦਾ ਹੋਏ ਇਸ ਪੂਰਨ ਮਨੁੱਖ ਨੇ ਖਾਲਸੇ ਦੀ ਉਪਾਧੀ ਪ੍ਰਾਪਤ ਕੀਤੀ। ਉਪਾਧੀ ਪ੍ਰਦਾਨ ਕਰਨ ਵਾਲੇ ਰਹਿਬਰ 'ਆਪੇ ਗੁਰ ਚੇਲਾ' ਦੇ ਰੂਪ ਵਿਚ ਪ੍ਰਗਟ ਹੋਏ।

*ਵਾਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
*ਭਾਈ ਗੁਰਦਾਸ ਜੀ, ਵਾਰ ੪੧/੧੭*

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥* *(ਸਵਯੇ ਪਾ: ੧੦)*

ਕੇਵਲ ਇਕ ਅਦੁੱਤੀ ਪ੍ਰਮੇਸ਼ਰ ਵਾਹਿਗੁਰੂ ਨੂੰ ਮੰਨਣ ਵਾਲਾ ਖਾਲਸਾ ਪ੍ਰਗਟ ਹੋਇਆ। ਇਕ ਆਮ ਮਨੁੱਖ ਬਖਸ਼ਿਸ਼ ਪ੍ਰਾਪਤ ਕਰਕੇ ਉਸ ਅਕਾਲ ਪੁਰਖ ਦਾ ਰੂਪ ਬਣ ਗਿਆ। ਸਿਰਜਣਹਾਰ ਵਲੋਂ ਸਿਰਜਿਆ ਉਸ ਵਰਗਾ ਹੀ ਹੋ ਨਿਬੜਿਆ। ਅਕਾਲ ਪੁਰਖ ਤੇ ਉਸ ਪੂਰਨ ਮਨੁੱਖ ਵਿਚ ਕੋਈ ਫਰਕ ਨਾਂ ਰਿਹਾ। ਜੋ ਕਿਸੇ ਵੇਲੇ ਭਾਈ ਮਰਦਾਨਾ ਜੀ ਦੇ ਰੂਪ ਵਿਚ, 'ਤੇਰਾ ਮੇਰਾ ਬਹੁਤਾ ਅੰਤਰਿ ਨਾਹੀ', ਤੂੰ ਖੁਦਾ ਦਾ ਡੂੰਮ, ਹਉ ਤੇਰਾ ਡੂਮ' ਵਾਲੇ ਭਾਵਨਾਤਮਿਕ ਬੋਲ ਮੁੜ ਸੱਚ ਹੋ ਨਿਬੜੇ। ਭਾਈ ਸਾਹਿਬ ਭਾਈ ਦਇਆ ਸਿੰਘ ਜੀ ਮਹਾਰਾਜ ਅਤੇ ਨਾਲ ਹੋਰ ਚਾਰ ਸਾਥੀ 'ਪੰਚ ਪਰਵਾਣ' ਪੰਚ ਪਰਧਾਨ, ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖਾਲਸੇ ਮਹਿ ਹੋਂ ਕਰੌਂ ਨਿਵਾਸ' ਦੇ ਰੂਪ ਵਿਚ ਦ੍ਰਿਸ਼ਟਮਾਨ ਹੋਏ। ਚਰਣ ਪਾਹੁਲ ਤੋਂ ਸ਼ੁਰੂ ਹੋ ਕੇ ਖੰਡੇ ਦੀ ਪਾਹੁਲ ਦੇ ਰੂਪ ਵਿਚ ਧਰਮ ਅੰਦਰ ਪ੍ਰਵੇਸ਼ ਕਰਨ ਦੀ ਜੁਗਤਿ ਸਾਹਮਣੇ ਆਈ। ਖੰਡੇ ਦੀ ਪਾਹੁਲ ਸਦੀਵੀ ਹੋ ਨਿਬੜੀ। 1675 ਈ. ਤੋਂ 1699 ਈ. ਤਕ ਦਸ਼ਮੇਸ਼ ਜੀ ਨੇ ਵੀ 24 ਸਾਲ ਚਰਣ ਪਾਹੁਲ ਵਾਲਾ ਨਿਯਮ ਹੀ ਵਰਤਿਆ। 'ਗੁਰਬਾਣੀ ਤੇ ਕੁਰਬਾਨੀ' ਵਾਲੀ ਜੀਵਨ ਜੁਗਤਿ, 1699 ਈ. ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੂਰਨ ਸਤਿਗੁਰੂ ਰਾਹੀਂ ਪੰਜਾਂ ਵਿਚ ਪ੍ਰਵੇਸ਼ ਕਰਕੇ ਸਦੀਵੀ ਤੌਰ 'ਤੇ ਅਮਰ ਹੋ ਗਈ। ਇਨ੍ਹਾਂ ਪੰਜਾਂ ਤੋਂ ਆਪ ਪਾਹੁਲ ਲੈਣੀ ਭਾਵ ਅੰਮ੍ਰਿਤ ਛਕਣਾ, ਪੰਜਾਂ ਨੂੰ ਆਪਣਾ ਸੀਸ ਝੁਕਾਉਣਾ ਤੇ ਪੰਜਾਂ ਨੂੰ ਆਪਣਾ ਰੂਪ ਸਮਝਣਾ ਵੱਡੇ ਸਿਧਾਂਤਾਂ ਦੀ ਰੂਪਮਾਨਤਾ ਹੈ। ਇਹ ਇਕ ਨਿਵੇਕਲੀ, ਵਿਲੱਖਣ ਮਿਸਾਲ ਹੈ। ਧਰਮਾਂ ਦੇ ਇਤਿਹਾਸ ਅੰਦਰ ਇਹ ਪਹਿਲੀ ਤੇ ਆਖਰੀ ਉਦਾਹਰਣ ਹੈ।

ਵਿਸਾਖੀ 1699 ਈ. ਨੂੰ ਕੌਮ ਦੇ ਜਨਮ ਦਿਵਸ ਦੇ ਤੌਰ ਤੇ ਨਹੀਂ ਵੇਖਿਆ ਜਾ ਸਕਦਾ। ਇਹ ਤਾਂ ਖਾਲਸੇ ਦਾ ਸਾਜਨਾ ਦਿਵਸ ਹੈ। ਪੰਥ ਦਾ ਸਾਜਨਾ ਦਿਵਸ ਹੈ। ਇਹ ਪੂਰਨ ਮਨੁੱਖ ਦਾ ਪ੍ਰਗਟ ਦਿਵਸ ਹੈ। 'ਪ੍ਰਗਟਿਉ ਖਾਲਸਾ ਪ੍ਰਮਾਤਮ ਕੀ ਮੌਜ' 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ' ਮਿਲਦੇ ਜੁਲਦੇ ਸਿਧਾਂਤ ਹਨ। ਅਸਲ ਵਿਚ ਪ੍ਰਗਟ ਉਹ ਸ਼ੈਅ ਹੁੰਦੀ ਹੈ ਜੋ ਪਹਿਲਾਂ ਮੌਜੂਦ ਹੋਵੇ ਜਿਸ ਦੀ ਪਹਿਲਾ ਹੋਂਦ ਹੋਵੇ। ਖ਼ਾਲਸਾ ਇਕ ਆਦਰਸ਼ ਹੈ -

*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥*
*ਅੰਗ - ੬੫੫*

ਇਹ ਇਕ ਸੱਚਾ-ਸੁੱਚਾ ਆਦਰਸ਼ ਹੈ ਜਿਸ ਦੀ ਹੋਂਦ ਪਹਿਲਾਂ ਵੀ ਸੀ ਪਰ ਉਸ ਦਿਨ ਖਾਲਸੇ ਦੇ ਰੂਪ ਵਿਚ ਪ੍ਰਗਟ ਹੋਈ। ਉਸ ਦਿਨ ਬਾਣੀ ਦੀ ਜੁਗਤਿ ਵਰਤਾਉਣ ਵਾਲੀ ਜ਼ਿੰਮੇਵਾਰੀ, ਪਾਹੁਲ ਪ੍ਰਾਪਤ ਪੰਜ ਪਿਆਰਿਆਂ ਦੇ ਰੂਪ ਵਿਚ ਪੰਥ ਦੇ ਅਤੇ ਮਾਨਵਤਾ ਦੇ ਸਪੁਰਦ ਕਰ ਦਿਤੀ ਗਈ। ਇਹ ਇਕ ਮਾਨਵਤਾ ਨੂੰ ਰੱਬੀ ਤੋਹਫਾ ਹੈ। ਇਹ ਉਹ ਅੰਮ੍ਰਿਤ ਹੈ ਜਿਸ ਨੂੰ ਛਕ ਕੇ ਸਦੀਵੀ ਅਮਰਤਾ ਪ੍ਰਾਪਤ ਹੋ ਜਾਂਦੀ ਹੈ। ਅੰਦਰਲੇ ਅੰਮ੍ਰਿਤ ਨਾਲ ਇਕਸੁਰਤਾ ਇਕਮਿਕਤਾ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ - ੨੯੩*

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥* *ਅੰਗ- ੫੩੮*

ਉਸ ਮਹਾਨ ਅੰਮ੍ਰਿਤ ਦੇ ਸਰੋਵਰ ਤਕ ਪਹੁੰਚਣ ਦਾ ਇਕ ਸੁਖੈਨ ਰਸਤਾ ਹੈ। ਇਹੀ ਅਸਲ ਵਿਚ ਆਤਮ ਮਾਰਗ ਹੈ। ਆਤਮ ਮਾਰਗ ਮੈਗਜ਼ੀਨ ਦਾ ਇਹੀ ਲਖਸ਼, ਧੇਅ, ਉਦੇਸ਼ ਤੇ ਮੰਤਵ ਹੈ ਕਿ ਕਿਵੇਂ ਉਸ ਅੰਦਰਲੇ ਅੰਮ੍ਰਿਤ ਤਕ ਸਾਡੀ ਰੁਸਵਾਈ ਹੋ ਸਕੇ, ਕਿਵੇਂ ਅੰਦਰਲੇ ਨਾਮ ਰੂਪੀ ਅੰਮ੍ਰਿਤ ਨੂੰ ਚਖ ਕੇ ਅਸੀਂ ਸਦੀਵੀ ਤੌਰ

*(ਬਾਕੀ ਪੰਨਾ 10 'ਤੇ)*

# ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

## (ਵੈਸਾਖਿ ਮਹੀਨੇ ਦੀ ਸੰਗਰਾਂਦ : 14 ਅਪ੍ਰੈਲ, ਦਿਨ ਸ਼ਨਿੱਚਰਵਾਰ)

*(ਡਾ.) ਜਗਜੀਤ ਸਿੰਘ*

**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪**

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥*
*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥*
*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥*
*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥*
*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥*
*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥*
*ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥*
*ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥*

*ਅੰਗ - ੧੩੩*

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥

ਵੈਸਾਖ ਦਾ ਮਹੀਨਾ ਬੜੀ ਸੁਹਾਵਣੀ ਰੁੱਤ ਵਾਲਾ ਹੈ ਅਤੇ ਹਰ ਇਸਤ੍ਰੀ ਪੁਰਸ਼ ਲਈ ਖੁਸ਼ੀਆਂ ਭਰਿਆ ਰੀਝਾਂ ਵਾਲਾ ਮਹੀਨਾ ਮੰਨਿਆ ਜਾਂਦਾ ਹੈ ਪਰ ਵੈਸਾਖ ਦੇ ਇਸ ਸੁਹਾਵਣੇ ਮਹੀਨੇ ਵਿਚ ਵੀ ਉਨ੍ਹਾਂ ਜੀਵ ਇਸਤ੍ਰੀਆਂ ਦਾ ਦਿਲ ਕਿਵੇਂ ਟਿਕ ਸਕਦਾ ਹੈ, ਖੁਸ਼ ਹੋ ਸਕਦਾ ਹੈ ਜੋ ਆਪਣੇ ਪ੍ਰੀਤਮ ਤੋਂ ਵਿਛੁੜੀਆਂ ਹੋਈਆਂ ਹਨ ਅਤੇ ਜਿਨ੍ਹਾਂ ਦੇ ਅੰਦਰ ਪ੍ਰਭੂ ਪਤੀ-ਪਿਆਰ ਦੀ ਅਣਹੋਂਦ ਹੈ ਅਤੇ ਵਿਛੋੜੇ ਦਾ ਅਨੁਭਵ ਹੀ ਨਹੀਂ। ***(ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ )*** ਵਿਛੋੜਾ ਸਭ ਤੋਂ ਵੱਡਾ ਦੁਖ ਹੈ ਪਰ ਇਸ ਤੋਂ ਵੀ ਵੱਡਾ ਦੁਖ ਹੈ ਵਿਛੋੜੇ ਦੇ ਅਨੁਭਵ ਦਾ ਖਤਮ ਹੋ ਜਾਣਾ। ਜੇ ਵਿਛੋੜੇ ਦਾ ਅਹਿਸਾਸ ਹੋਵੇਗਾ ਤਾਂ ਮਿਲਾਪ ਲਈ ਉਦਮ-ਸ਼ੀਲ ਹੋਇਆ ਜਾ ਸਕਦਾ ਹੈ ਪਰ ਜੇ ਭਾਵਨਾ ਹੀ ਮਰ ਜਾਵੇ, ਤਾਂ ਬੜੀ ਦੁਖਦਾਈ ਅਵਸਥਾ ਹੁੰਦੀ ਹੈ। ਇਸ ਤਰ੍ਹਾਂ ਜਿਹੜੇ ਜੀਵਾਂ ਨੂੰ ਮਨ-ਮੋਹਣੀ ਮਾਇਆ ਚੰਬੜ ਜਾਂਦੀ ਹੈ, ਉਹ ਸੱਜਣ ਪ੍ਰਭੂ ਨੂੰ ਭੁੱਲ ਹੀ ਜਾਂਦੇ ਹਨ। ਉਨ੍ਹਾਂ ਨੂੰ ਧੀਰਜ ਕਿਵੇਂ ਪ੍ਰਾਪਤ ਹੋ ਸਕਦਾ ਹੈ? ***(ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ )***

ਮਨੁੱਖ ਨੂੰ ਮਾਇਆ ਮਿੱਠੀ ਲਗਦੀ ਹੈ, ਮਾਇਆ ਦਾ ਰੂਪ ਰੰਗ ਅਤਿ ਮੋਹਣਾ ਹੈ, ਪ੍ਰਮਾਤਮਾ ਦੀ ਖੇਡ ਹੀ ਐਸੀ ਹੈ ਕਿ ਮਾਇਆ ਦੀ ਠੱਗ-ਬੂਟੀ ਮਨੁੱਖ ਦੇ ਚੰਚਲ ਮਨ ਨੂੰ ਮੋਹ ਲੈਂਦੀ ਹੈ। ਮਨੁੱਖ ਇਸ ਦੇ ਛਲਾਵੇ ਨੂੰ ਸਮਝ ਨਹੀਂ ਸਕਦਾ ਅਤੇ ਇਸ ਦੇ ਪਿਆਰ ਵਿਚੋਂ ਖੁਸ਼ੀ ਅਨੰਦ ਭਾਲਦਾ ਹੈ ਪਰ ਧੂਏਂ ਦੇ ਪਹਾੜ ਦੀ ਸਥਿਰਤਾ ਨਹੀਂ ਹੁੰਦੀ, ਨਾ ਹੀ ਰੇਤ ਦੀ ਕੰਧ ਦੀ ਕੋਈ ਮਿਆਦ। ਗੁਰੂ ਅਮਰਦਾਸ ਜੀ ਬੜੇ ਪਿਆਰੇ ਬਚਨਾਂ ਰਾਹੀਂ ਚੰਚਲ ਮਨ ਨੂੰ ਮਾਇਆ ਦੇ ਛਲਾਵੇ ਤੋਂ ਸਾਵਧਾਨ ਕਰਦੇ ਫੁਰਮਾਉਂਦੇ ਹਨ -

*ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥*
*ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥*
*ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥*
*ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥*
*ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥*
*ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥*

*ਅੰਗ - ੯੧੮*

ਮਾਇਆ ਦੇ ਪਿਆਰ ਅਤੇ ਛਲਾਵੇ ਦਾ ਸਭ ਤੋਂ ਦੁਖਾਦਾਈ ਪ੍ਰਤੀਕਰਮ ਇਹ ਹੁੰਦਾ ਹੈ ਕਿ ਮਨੁੱਖ ਸਿਰਜਨਹਾਰ, ਪਾਲਨਹਾਰ ਪ੍ਰਭੂ ਨੂੰ ਵਿਸਾਰ ਦਿੰਦਾ ਹੈ ਅਤੇ ਇਸ ਦੀ ਖੇਡ ਵਿਚ ਮਸਤ ਹੋ ਕੇ ਅਮੋਲਕ ਜੀਵਨ ਦੀ ਬਾਜੀ ਹਾਰ ਜਾਂਦਾ ਹੈ। ਨਾ ਦੀਨ ਮਿਲਦਾ ਹੈ ਨਾ ਦੁਨੀਆਂ। ਜੇ ਮਨੁੱਖ ਮਾਇਆ ਦੀ ਅਸਲੀਅਤ ਸਮਝ ਲਵੇ, ਗੁਰਸ਼ਬਦ ਰਾਹੀਂ, ਬਾਣੀ ਰਾਹੀਂ, ਨਾਮ ਸਿਮਰਨ ਰਾਹੀਂ, ਸੰਤਾਂ ਮਹਾਂਪੁਰਸ਼ਾਂ, ਨਾਮ-ਅਭਿਆਸੀਆਂ ਦੀ ਸੰਗਤ ਰਾਹੀਂ ਤਾਂ ਉਹ ਪ੍ਰਭੂ-ਪਿਆਰ ਦੇ ਅਨੰਦ ਵਿਚ ਵਿਚਰਦਾ ਮਾਇਆ ਨੂੰ ਦਾਸੀ (ਸੇਵਕ) ਮੰਨ ਕੇ ਉਸ ਨੂੰ ਉੱਤਮ-ਕਾਰਜਾਂ ਲਈ ਸਾਧਨ ਵਜੋਂ ਵਰਤੋਂ ਵਿਚ ਲਿਆ ਸਕਦਾ ਹੈ। ਨਹੀਂ ਤਾਂ ਮਾਇਆ ਦੀ ਅਗਨੀ ਮਨੁੱਖ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ॥*
*ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ*
*ਤਿਨੀ ਵਿਚੇ ਮਾਇਆ ਪਾਇਆ ॥* *ਅੰਗ - ੯੨੧*

ਮਾਇਆ ਦੇ ਮੋਹ ਵਿਚ ਗਿਆਨ-ਵਿਹੂਣਾ ਮਨੁੱਖ ਕੀਮਤੀ ਹੀਰੇ-ਮੋਤੀਆਂ ਸਮਾਨ ਪ੍ਰਭੂ-ਨਾਮ ਨੂੰ ਵਿਸਾਰ ਦੇਂਦਾ ਹੈ ਜੋ ਇਸ ਦਾ ਅਸਲ ਖਜ਼ਾਨਾ ਹੈ, ਜੋ ਸੁਖਾਂ ਦੀ ਖਾਣ ਹੈ, ਜੋ ਅਸਲ ਜੀਵਨ ਹੈ, ਸੁਖ ਅਨੰਦ ਦਾ ਘਰ ਹੈ। ਮਾਇਕ ਮੋਹ, ਲੋਭ ਲਾਲਚ ਤ੍ਰਿਸ਼ਨਾ ਦੀ ਅੱਗ ਤਾਂ ਸਦਾ ਹੀ ਦ੍ਵੈਤ ਭਾਵ ਪੈਦਾ ਕਰਦੀ ਹੈ ਜਿਥੇ ਸੁਪਨੇ ਵਿਚ ਵੀ ਸੁਖ ਨਸੀਬ ਨਹੀਂ ਹੁੰਦਾ -

*ਰਤਨੁ ਪਦਾਰਥੁ ਪਲਰਿ ਤਿਆਗੈ ॥*

*ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥*
*ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥*

*ਅੰਗ - ੧੧੩*

ਗੁਰਬਾਣੀ ਸਾਨੂੰ ਮਾਇਆ ਦੀ ਅਸਲੀਅਤ ਉਜਾਗਰ ਕਰਦੀ ਦਸਦੀ ਹੈ ਕਿ ਉਸ ਮਾਇਆ ਨਾਲ ਮੋਹ ਪਾਉਣ ਅਤੇ ਇਕੱਠੀ ਕਰਨ ਦਾ ਕੀ ਲਾਭ ਜੋ ਜਗਤ ਤੋਂ ਤੁਰਨ ਲੱਗਿਆਂ ਨਾਲ ਨਹੀਂ ਜਾਂਦੀ। ਜਿਸ ਤੋਂ ਆਖਰ ਵਿਛੜ ਜਾਣਾ ਹੈ, ਉਸ ਦੀ ਖਾਤਰ ਐਨੇ ਜਤਨ ਕਰਨ ਅਤੇ ਵੈਰ-ਵਿਰੋਧ ਸਹੇੜਨ ਦਾ ਕੀ ਲਾਭ?

*ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ ॥*
*ਤਿਸ ਕਾ ਕਹੁ ਕਿਆ ਜਤਨੁ ਜਿਸ ਤੇ ਵੰਜੀਐ ॥*

*ਅੰਗ - ੭੦੮*

ਸੱਚ ਇਹ ਹੈ ਕਿ ਮਨੁੱਖ ਨੇ ਮਾਇਆ ਦੇ ਬੜੇ ਡਰਾਉਣੇ ਜੰਗਲ ਨੂੰ ਰਮਣੀਕ ਸ਼ਹਿਰ ਮੰਨ ਲਿਆ ਹੈ, ਨਾਸ਼ਵੰਤ ਪਦਾਰਥਾਂ ਨੂੰ ਸਦੀਵ ਟਿਕਣ ਵਾਲਾ ਸਮਝ ਲਿਆ ਹੈ। ਇਨ੍ਹਾਂ ਦੀ ਖਾਤਰ ਕਾਮ, ਕ੍ਰੋਧ, ਅਹੰਕਾਰ ਵਿਚ ਮਨੁੱਖ ਝੱਲੇ ਹੋਏ ਫਿਰਦੇ ਹਨ। ਜਦੋਂ ਮੌਤ ਦਾ ਡੰਡਾ ਸਿਰ ਵਜਦਾ ਹੈ, ਤਦੋਂ ਪਛਤਾਉਂਦੇ ਹਨ -

*ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥*
*ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥*
*ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥*
*ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥*
*ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥* *ਅੰਗ - ੭੦੭*

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥

ਮਾਇਆ ਦੇ ਪਿਆਰ ਵਿਚ ਮਨੁੱਖ ਇਹ ਸਚਾਈ ਭੁੱਲ ਜਾਂਦਾ ਹੈ ਕਿ ਨਾ ਪੁੱਤਰ, ਨਾ ਇਸਤ੍ਰੀ, ਨਾ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ, ਇਕ ਅਬਿਨਾਸ਼ੀ ਪ੍ਰਮਾਤਮਾ ਹੀ ਨਾਲ ਨਿਭਣ ਵਾਲਾ ਅਸਲ ਸਾਥੀ ਹੈ ਜਿਸ ਨੇ ਸਹਿਜ ਸੁਖ ਸ਼ਾਂਤੀ ਬਖਸ਼ਿਸ਼ ਕਰਨੀ ਹੈ ਅਤੇ ਜਿਸ ਦੇ ਮਿਲਾਪ ਤੋਂ ਜੀਵਨ-ਮਨੋਰਥ ਦੀ ਸਿੱਧੀ ਹੋਣੀ ਹੈ ***(ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਬਿਨਾਸੀ ਓਹੁ)***

ਇਸ ਸਬੰਧ ਵਿਚ ਪੰਜਵੇਂ ਗੁਰੂ ਮਹਾਰਾਜ ਜੀ ਦਸਦੇ ਹਨ ਕਿ ਏਥੇ ਜਗਤ ਵਿਚ ਅਸਲੀ ਮਿੱਤਰ ਕੌਣ ਹੈ -

*ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥ ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥ ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥ ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥ ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥ ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ॥ ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥ ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ॥ ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥ ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ॥*

*ਅੰਗ - ੭੦੦*

ਅਰਥਾਤ ਕੋਈ ਵਿਰਲਾ ਮਨੁੱਖ ਹੀ ਇਹ ਸਚਾਈ ਜਾਣਦਾ ਹੈ ਕਿ ਇਸ ਸੰਸਾਰ ਵਿਚ ਉਸ ਦਾ ਅਸਲੀ ਮਿਤ੍ਰ ਕੌਣ ਹੈ? ਇਹ ਅਸਲੀਅਤ ਸਮਝਣ ਨਾਲ ਹੀ ਜੀਵਨ ਪਵਿੱਤਰ ਅਤੇ ਅਨੰਦਮਈ ਹੋ ਸਕਦਾ ਹੈ। ਸਚਾਈ ਇਹ ਹੈ ਕਿ ਮਾਂ ਪਿਉ, ਪੁੱਤਰ, ਰਿਸ਼ਤੇਦਾਰ, ਪਿਆਰੇ ਮਿੱਤ੍ਰ ਅਤੇ ਭਰਾ ਇਹ ਸਾਰੇ ਪਿਛਲੇ ਜਨਮਾਂ ਦੇ ਸੰਜੋਗਾਂ ਕਰਕੇ ਇਥੇ ਇਕੱਠੇ ਹੁੰਦੇ ਹਨ। ਇਹ ਵੀ ਨਿਰੋਲ ਸੱਚ ਹੈ ਕਿ ਅੰਤ ਸਮੇਂ ਇਨ੍ਹਾਂ ਵਿਚੋਂ ਕੋਈ ਵੀ ਸਾਡੀ ਸਹਾਇਤਾ ਨਹੀਂ ਕਰ ਸਕਦਾ। ਇਹ ਵੀ ਸੱਚ ਹੈ ਕਿ ਮਨੁੱਖ ਜਾਨ ਮਾਰ ਕੇ ਹਾਇ-ਹਾਇ ਕਰਦਿਆਂ ਮਾਇਆ, ਸੋਨਾ, ਲਾਲ, ਹੀਰੇ, ਹਾਥੀ, ਘੋੜੇ, ਜ਼ਮੀਨਾਂ, ਫੌਜਾਂ ਆਦਿ ਇਕੱਠੇ ਕਰਦਾ ਹੈ ਪਰ ਸਭ ਕੁਝ ਛੱਡ ਕੇ ਮਨੁੱਖ ਖਾਲੀ ਤੇ ਨੰਗਾ ਹੀ ਸੰਸਾਰ ਤੋਂ ਵਿਦਾ ਹੋ ਜਾਂਦਾ ਹੈ। ਫਿਰ ਮਨੁੱਖ ਨੂੰ ਕਰਨਾ ਕੀ ਚਾਹੀਦਾ ਹੈ? ਮਨੁੱਖ ਨੂੰ ਐਸੇ ਸੰਤ ਜਨਾ, ਪ੍ਰਭੂ ਪਿਆਰਿਆਂ ਦੀ ਸੰਗਤ ਕਰਨੀ ਚਾਹੀਦੀ ਹੈ ਜਿਹੜੇ ਪ੍ਰਭੂ-ਪ੍ਰਮਾਤਮਾ ਦੀ ਸਿਫਤਿ ਸਾਲਾਹ ਵਿਚ ਰੰਗ ਮਾਣਦੇ ਹਨ। ਐਸੀ ਸੰਗਤ ਤੋਂ ਰੰਗਤ ਲੈ ਕੇ ਪ੍ਰਭੂ-ਪਿਆਰ ਦਾ ਅਨੰਦ ਮਾਣਿਆ ਜਾਂਦਾ ਹੈ ਅਤੇ ਲੋਕ ਪਰਲੋਕ ਸੁਖੀ ਸੁਹੇਲਾ ਹੋ ਜਾਂਦਾ ਹੈ।

ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥

ਅਗਿਆਨਤਾ ਦੇ ਘੁੱਪ ਹਨ੍ਹੇਰੇ ਵਿਚ ਮਨੁੱਖ ਇਹ ਭੁੱਲੀ ਬੈਠਾ ਹੈ ਕਿ ਕੇਵਲ ਪ੍ਰਭੂ-ਨਾਮ ਹੀ ਨਾਲ ਨਿਭਣ ਵਾਲੀ ਅਮੋਲਕ ਵਸਤੂ ਹੈ, ਨਾਮ ਤੋਂ ਬਿਨਾਂ ਹੋਰ ਸਾਰੀਆਂ ਕਿਰਿਆਵਾਂ, ਰਜੋ, ਤਮੋ, ਸਤੋ ਤਿੰਨਾਂ ਗੁਣਾਂ ਵਿਚ ਕੀਤੇ ਸਾਰੇ ਕਰਮ ਪਹਿਲਾਂ ਹੀ ਖੋਹ ਲਏ ਜਾਂਦੇ ਹਨ, ਜੀਵ ਦੇ ਕਲਿਆਣ ਹਿਤ ਇਨ੍ਹਾਂ ਦਾ ਕੋਈ ਮੁੱਲ ਨਹੀਂ ਪੈਂਦਾ। ***(ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ)***

ਪ੍ਰਭੂ-ਨਾਮ-ਜਪੁ-ਸਿਮਰਨ ਤੋਂ ਬਿਨਾਂ ਸਾਰੀਆਂ ਕਿਰਿਆਵਾਂ ਫਜ਼ੂਲ ਹਨ। ਸਾਰੇ ਜਪ, ਸਾਰੇ ਤਪ, ਸਾਰੇ ਕਰਮਕਾਂਡ ਪਹਿਲਾਂ ਹੀ ਮਸੂਲ ਵਜੋਂ ਧਰਾ ਲਏ ਜਾਂਦੇ ਹਨ, ਅੱਗੇ ਕੰਮ ਨਹੀਂ ਆਉਂਦੇ। ਅੱਗੇ ਸਿਰਫ ਤੇ ਸਿਰਫ ਪ੍ਰਭੂ ਨਾਮ ਹੀ ਸਹਾਈ ਹੁੰਦਾ ਹੈ -

*ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥*
*ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥*

*ਅੰਗ - ੨੧੬*

ਪੰਚਮ ਪਾਤਸ਼ਾਹ ਦਾ ਫੁਰਮਾਨ ਹੈ -

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*

*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ ॥* *ਅੰਗ - ੭੪੭*

ਇਹ ਅਟੱਲ ਸਚਾਈ ਹੈ ਕਿ ਪਿਆਰੇ ਪ੍ਰਭੂ ਨੂੰ ਵਿਸਾਰਨ ਨਾਲ, ਭੁੱਲਣ ਨਾਲ ਜੀਵਨ ਵਿਚ ਖੁਆਰੀ ਹੀ ਖੁਆਰੀ ਹੈ -

*ਹਰਿ ਬਿਸਰਤ ਸਦਾ ਖੁਆਰੀ ॥*
*ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥*
*ਅੰਗ - ੭੧੨*

ਪ੍ਰਮਾਤਮਾ ਤੋਂ ਬਿਨਾਂ ਜਿੰਦ ਦਾ ਕੋਈ ਸੱਚਾ ਸਾਥੀ ਨਹੀਂ ਹੁੰਦਾ, ਨਾ ਹੀ ਹੋ ਸਕਦਾ ਹੈ -

ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥

ਇਸ ਲਈ ਜਿਹੜੇ ਜੀਵ ਪ੍ਰਭੂ ਪ੍ਰੀਤਮ ਦੀ ਚਰਨੀਂ ਲਗਦੇ ਹਨ ਉਨ੍ਹਾਂ ਦੀ ਲੋਕ ਪ੍ਰਲੋਕ ਵਿਚ ਭਲੀ ਸੋਭਾ ਹੁੰਦੀ ਹੈ।

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

ਤਾਂ ਤੇ ਹੇ ਪ੍ਰਭੂ! ਤੇਰੇ ਦਰ ਤੇ ਸੰਨਿਮਰ ਬੇਨਤੀ ਹੈ ਕਿ ਮੈਨੂੰ ਵੀ ਤੇਰਾ ਦਿਲ ਰੱਜਵਾਂ ਪਿਆਰ ਤੇ ਮਿਲਾਪ ਨਸੀਬ ਹੋਵੇ। (ਨਾਨਕ ਕੀ ਪ੍ਰਭੂ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ) ਵਿਸਾਖ ਦਾ ਮਹੀਨਾ ਸੁਹਾਵਣਾ ਹੈ, ਸੋਹਣਾ ਹੈ, ਖੇੜੇ ਤੇ ਹਰਿਆਵਲ ਵਾਲਾ ਹੈ ਪਰ ਜਿੰਦ ਨੂੰ ਵਿਸਾਖ ਦਾ ਖੁਸ਼ੀਆਂ ਭਰਿਆ ਮਹੀਨਾ ਵੀ ਤਾਂ ਹੀ ਸੋਹਣਾ ਲਗਦਾ ਹੈ ਜੇ ਹਰੀ ਸੰਤ ਰਾਹੀਂ ਪ੍ਰਭੂ ਦਾ ਮਿਲਾਪ ਹੋ ਜਾਵੇ। (ਵੈਸਾਖ ਸੁਹਾਵਾ ਤਾਂ ਲਗੈ ਜਾ ਸੰਤ ਭੇਟੈ ਹਰਿ ਸੋਇ) ਤਾਂ ਤੇ ਪ੍ਰਭੂ ਮਿਲਾਪ ਲਈ ਨਾਮ-ਸਿਮਰਨ ਵਿਚ ਜੁੱਟ ਜਾਣਾ ਹੀ ਸਰਵੋਤਮ ਕਿਰਿਆ ਹੈ, ਸੁਖ, ਸਹਿਜ ਸ਼ਾਂਤੀ ਦਾ ਮਾਰਗ ਹੈ। ਇਹੋ ਜੀਵਨ ਮਨੋਰਥ ਹੈ। ਇਸ ਦੀ ਪ੍ਰਾਪਤੀ ਲਈ ਨਾਮ-ਅਭਿਆਸੀ ਸਤ-ਪੁਰਸ਼ਾਂ ਦੀ ਸੰਗਤ ਕਰਨੀ ਜ਼ਰੂਰੀ ਹੈ, ਸੰਤ ਜਨ ਸਦਾ ਪ੍ਰਮਾਤਮਾ ਦੇ ਪਿਆਰ ਵਿਚ ਰੰਗੇ ਸਦੀਵ ਅਨੰਦ ਮਾਣਦੇ ਹਨ, ਉਹ ਕਿਸੇ ਹੋਰ ਦੀ ਮੁਹਥਾਜੀ ਕਰਨੀ ਨਹੀਂ ਜਾਣਦੇ, ਪ੍ਰਭੂ ਪ੍ਰੇਮ ਵਿਚ ਹੀ ਮਸਤ ਰਹਿੰਦੇ ਹਨ। ਰੋਗ, ਚਿੰਤਾ, ਬੁਢੇਪਾ, ਮੌਤ (ਇਹਨਾਂ ਦੇ ਸਹਿਮ) ਪ੍ਰਭੂ-ਪਿਆਰਿਆਂ ਦੇ ਨੇੜੇ ਨਹੀਂ ਢੁਕਦੇ। ਉਹ ਦੁਨਿਆਵੀ ਡਰਾਂ ਤੋਂ ਮੁਕਤ ਪ੍ਰਭੂ ਪਿਆਰ ਤੇ ਯਾਦ ਵਿਚ ਲੀਨ ਰਹਿੰਦੇ ਹਨ। ਇਨ੍ਹਾਂ ਪ੍ਰਭੂ ਪਿਆਰਿਆਂ ਦੀ ਸੰਗਤ ਕਰਨ ਵਾਲੇ ਵੀ ਇਸ ਰੰਗ ਵਿਚ ਰੰਗੇ ਜਾਂਦੇ ਹਨ -

*ਸੰਤਨ ਅਵਰ ਨ ਕਾਹੂ ਜਾਨੀ ॥*
*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥*
*ਰਹਾਉ ॥ ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ ॥*
*ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ॥*
*ਰੋਗ ਸੋਗ ਦੂਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥*
*ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥*
*ਅੰਗ - ੭੧੧*

ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਉਹ ਪ੍ਰਭੂ-ਪਿਆਰ ਵਾਲੇ ਮਨੁੱਖਾਂ ਤੋਂ ਕੁਰਬਾਨ ਜਾਂਦੇ ਹਨ ਜੋ ਰੂਹਾਨੀ ਸਤਿਸੰਗ ਵਿਚ ਸ਼ਾਮਲ ਹੋ ਕੇ ਪ੍ਰਭੂ ਦੀਆਂ ਗੱਲਾਂ ਸੁਣਦੇ ਹਨ। ਉਹ ਮਨੁੱਖ ਸ਼ੁਭ ਗੁਣਾਂ ਵਾਲੇ ਤੇ ਸਭ ਤੋਂ ਚੰਗੇ ਮਨੁੱਖ ਹਨ ਜੋ ਪ੍ਰਭੂ ਅੱਗੇ ਸਿਰ ਨਿਵਾਉਂਦੇ ਹਨ, ਹੱਥ ਪਵਿੱਤਰ ਹਨ ਜੋ ਪ੍ਰਭੂ ਦੀ ਸਿਫਤਿ ਸਾਲਾਹ ਲਿਖਦੇ ਹਨ, ਉਹ ਪੈਰ ਪਵਿੱਤਰ ਹਨ ਜੋ ਪ੍ਰਭੂ ਦੇ ਰਾਹ ਤੇ ਤੁਰਦੇ ਹਨ। ਸੰਤਾਂ-ਮਹਾਂਪੁਰਸ਼ਾਂ ਦੀ ਸੰਗਤ ਵਿਚ ਦੁਖਾਂ-ਵਿਕਾਰਾਂ ਤੋਂ ਬਚਾਉ ਹੋ ਜਾਂਦਾ ਹੈ, ਸਾਰਾ ਦੁਖ ਦੂਰ ਹੋ ਜਾਂਦਾ ਹੈ, (ਵਿਸਾਖ ਹੀ ਨਹੀਂ) ਸਾਰਾ ਜੀਵਨ ਹੀ ਸਫਲ ਤੇ ਸੁਹਾਵਣਾ ਹੋ ਜਾਂਦਾ ਹੈ-

*ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ ॥*
*ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ ॥*
*ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥*
*ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ ॥*
*ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ ॥* *ਅੰਗ - ੭੦੯*

**ਰਾਗ ਤੁਖਾਰੀ ਵਿਚ ਪ੍ਰਾਪਤ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਵਿਚ ਵੈਸਾਖ ਮਹੀਨੇ ਦਾ ਪਾਠ ਅਤੇ ਉਸ ਦੀ ਸਰਲ ਵਿਆਖਿਆ।**

*ਵੈਸਾਖੁ ਭਲਾ ਸਾਖਾ ਵੇਸ ਕਰੇ ॥*
*ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥*
*ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥*
*ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥*
*ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥*
*ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥*
*ਅੰਗ - ੧੧੦੮*

ਵੈਸਾਖੁ ਭਲਾ ਸਾਖਾ ਵੇਸ ਕਰੇ ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥

ਵੈਸਾਖੁ ਦਾ ਮਹੀਨਾ ਬੜਾ ਸੁਹਾਵਣਾ, ਸ਼ੋਭਨੀਕ ਚੰਗਾ ਲਗਣ ਵਾਲਾ ਮਹੀਨਾ ਹੈ। ਇਕ ਪਾਸੇ ਕਣਕਾਂ ਦੇ ਖੇਤ ਤਿਆਰ ਹੋ ਕੇ ਭਰ ਜੋਬਨ ਤੇ ਹੁੰਦੇ ਹਨ ਤੇ ਕਿਸਾਨ ਆਪਣੀ ਸਫਲ ਹੋਈ ਮਿਹਨਤ ਵੇਖ ਕੇ ਖੁਸ਼ ਹੁੰਦਾ ਹੈ ਤੇ ਅੰਦਰੋਂ ਅੰਦਰ ਪ੍ਰਭੂ ਧੰਨਵਾਦ ਵਿਚ ਜੁੜਦਾ ਹੈ। ਉਸ ਦੀ ਸਾਂਭ ਸੰਭਾਲ ਦੀ ਤਿਆਰੀ ਕਰਦਾ ਹੈ। ਸਾਂਭ ਸੰਭਾਲ ਕਰਕੇ, ਲੈਣ ਦੇਣ ਮੁਕਾ ਕੇ ਉਹ ਵਿਸਾਖੀ ਦੇ ਮੇਲੇ ਦੀਆਂ ਖੁਸ਼ੀਆਂ ਮਾਣਦਾ ਹੈ। ਇਸ ਮਹੀਨੇ ਵਿਚ ਕੁਦਰਤ ਵੀ ਭਰ ਜੋਬਨ ਤੇ ਹੁੰਦੀ ਹੈ। ਹਰ ਪਾਸੇ ਹਰਿਆਵਲ ਹੀ ਹਰਿਆਵਲ ਵੇਖ ਕੇ ਮਨ ਖਿੜ ਉਠਦਾ ਹੈ। ਰੁੱਖਾਂ ਦੀਆਂ ਟਹਿਣੀਆਂ ਸੋਹਣੇ ਕੱਪੜੇ ਪਾ ਸਜਾਵਟ ਕਰਦੀਆਂ ਹਨ। (ਵੈਸਾਖੁ ਭਲਾ ਸਾਖਾ ਵੇਸ ਕਰੇ) ਨਵੀਆਂ ਫੁੱਟੀਆਂ ਲਗਰਾਂ ਤੇ ਨਵੇਂ ਨਿਕਲੇ ਨਰਮ-ਨਰਮ ਕੂਲੇ-ਕੂਲੇ, ਹਰੇ ਕਚੂਚ ਪੱਤੇ ਰੁੱਖਾਂ ਨੂੰ ਨਵਾਂ ਰੰਗ ਰੂਪ ਬਖਸ਼ਦੇ ਹਨ ਜਿਸਨੂੰ ਵੇਖ

ਕੇ ਕੁਦਰਤ ਤੋਂ ਬਲਿਹਾਰ ਜਾਣ ਨੂੰ ਜੀਅ ਕਰਦਾ ਹੈ। ਇਨ੍ਹਾਂ ਲਗਰਾਂ ਦਾ ਹਾਰ ਸ਼ਿੰਗਾਰ ਵੇਖ ਕੇ ਪਤੀ ਤੋਂ ਵਿਛੜੀ ਇਸਤ੍ਰੀ ਦੇ ਅੰਦਰ ਭੀ ਪਤੀ ਨੂੰ ਮਿਲਣ ਦੀ ਧੂਹ ਪੈਂਦੀ ਹੈ ਅਤੇ ਉਹ ਆਪਣੇ ਘਰ ਦੀ ਦਹਿਲੀਜ਼ ਤੇ ਖਲੋਤੀ ਆਪਣੇ ਪ੍ਰੀਤਮ ਦਾ ਰਾਹ ਤਕਦੀ ਹੈ। ਇਸੇ ਤਰ੍ਹਾਂ ਕੁਦਰਤ ਰਾਣੀ ਦਾ ਸੁਹਜ ਸ਼ਿੰਗਾਰ ਵੇਖ ਕੇ ਉਮਾਹ ਭਰੀ ਜੀਵ ਇਸਤ੍ਰੀ ਆਪਣੇ ਹਿਰਦੇ-ਦਰ ਤੇ ਪ੍ਰਭੂ ਪਤੀ ਦੀ ਉਡੀਕ ਕਰਦੀ ਹੈ ਤੇ ਉਸ ਦੇ ਅੰਦਰੋਂ ਹੂਕ ਨਿਕਲਦੀ ਹੈ, ਹੇ ਪ੍ਰਭੂ ਪਤੀ! ਮਿਹਰ ਕਰਕੇ ਮੇਰੇ ਹਿਰਦੇ ਘਰ ਵਿਚ ਆਉ। (ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ)

**ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥**
**ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥**

ਹੇ ਮੇਰੇ ਪਿਆਰੇ, ਮੇਰੇ ਹਿਰਦੇ-ਘਰ ਵਿਚ ਆ ਵਸੋ ਤਾਕਿ ਇਹ ਬਿਖਮ ਸੰਸਾਰ ਸਮੁੰਦਰ ਨੂੰ ਮੈਂ ਸਹਿਜੇ ਹੀ ਪਾਰ ਕਰ ਲਵਾਂ। ਤੇਰੇ ਬਿਨਾਂ ਇਸ ਨਿਮਾਣੀ ਨਿਤਾਣੀ ਦਾ ਕੌਡੀ ਮੁੱਲ ਨਹੀਂ। (ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ) ਪਰ ਹੇ ਮਿਤ੍ਰ-ਪ੍ਰਭੂ! ਜੇ ਗੁਰੂ ਕ੍ਰਿਪਾ ਕਰੇ, ਜਿਸਨੂੰ ਤੇਰੇ ਦਰਸ਼ਨ ਪ੍ਰਾਪਤ ਹਨ ਤੇ ਉਹ ਮੈਨੂੰ ਵੀ ਤੇਰੇ ਦਰਸ਼ਨ ਕਰਵਾ ਦੇਵੇ ਤੇ ਜੇ ਮੈਂ ਤੈਨੂੰ ਚੰਗੀ ਲਗ ਜਾਵਾਂ ਤਾਂ ਮੇਰਾ ਕੌਣ ਮੁੱਲ ਪਾ ਸਕਦਾ ਹੈ? (ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ) ਤੇਰੇ ਤੋਂ ਬਿਨਾਂ ਮੇਰਾ ਅੱਧੀ ਕੌਡੀ ਮੁੱਲ ਨਹੀਂ ਸੀ, ਹੁਣ ਤੇਰੇ ਦਰਸ਼ਨਾਂ ਸਦਕਾ ਮੈਂ ਅਮੁੱਲ ਹੋ ਗਈ ਹਾਂ।

**ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥**
**ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥**

ਸਤਿਗੁਰੂ ਜੀ ਨੇ ਕਿਰਪਾ ਕਰਕੇ ਜਦੋਂ ਐਸਾ ਅਨੁਭਵ ਬਖਸ਼ਿਸ਼ ਕਰ ਦਿਤਾ ਤੇ ਮੈਨੂੰ ਵਿਸ਼ਵਾਸ਼ ਹੋ ਗਿਆ ਕਿ ਮੇਰਾ ਪ੍ਰੀਤਮ ਤਾਂ ਮੇਰੇ ਅੰਦਰ ਵਸ ਰਿਹਾ ਹੈ, ਕਿਤੇ ਦੂਰ ਨਹੀਂ ਗਿਆ। ਹੁਣ ਮੈਨੂੰ ਉਸ ਟਿਕਾਣੇ ਦੀ ਪਛਾਣ ਹੋ ਗਈ ਹੈ ਜਿਥੇ ਤੂੰ ਮੇਰੇ ਪ੍ਰੀਤਮ ਵਸਦਾ ਹੈਂ। (ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ) ਹੁਣ ਗੁਰੂ ਜੀ ਕ੍ਰਿਪਾ ਕਰਕੇ ਇਹ ਸੋਝੀ ਬਖਸ਼ਿਸ਼ ਕਰਦੇ ਹਨ ਕਿ ਵੈਸਾਖ ਦੀ ਸੋਹਣੀ ਰੁੱਤ ਵਿਚ ਉਹ ਜੀਵ ਇਸਤ੍ਰੀ ਪ੍ਰਭੂ ਪਤੀ ਦਾ ਮਿਲਾਪ ਹਾਸਲ ਕਰ ਲੈਂਦੀ ਹੈ ਜਿਸ ਦੀ ਸੁਰਤਿ ਗੁਰੂ ਦੇ ਸ਼ਬਦ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ ਪ੍ਰਭੂ ਦੀ ਸਿਫਤਿ ਸਲਾਹ ਦੇ ਗੀਤ ਗਾਉਂਦਾ ਰਹਿੰਦਾ ਹੈ। ***(ਨਾਨਕ ਵੈਸਾਖੀਂ ਪ੍ਰਭੂ ਪਾਵੈ ਸੁਰਤਿ ਸਬਦਿ ਮਨੁ ਮਾਨਾ)***

ਭਾਵ ਇਹ ਹੈ ਕਿ ਵੈਸਾਖ ਦੀ ਸੁਹਾਵਣੀ ਰੁੱਤ ਵਿਚ ਸੁਰਤਿ ਨੂੰ ਗੁਰ-ਸ਼ਬਦ ਵਿਚ ਜੋੜਨ ਨਾਲ ਪ੍ਰਭੂ ਦੀ ਪ੍ਰਾਪਤੀ ਅਤੇ ਦਰਸ਼ਨ ਦੀਦਾਰ ਨਸੀਬ ਹੁੰਦੇ ਹਨ।

*(ਪੰਨਾ 6 ਦੀ ਬਾਕੀ)*

'ਤੇ ਅਮਰ ਹੋ ਸਕੀਏ। ਜਦੋਂ ਉਥੇ ਤਕ ਰੁਸਵਾਈ ਹੋ ਗਈ, ਪਹੁੰਚ ਹੋ ਗਈ, ਫਿਰ ਸਮੁੱਚੀ ਸ੍ਰਿਸ਼ਟੀ ਬੇਗਮਪੁਰਾ ਬਣ ਜਾਣੀ ਹੈ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥***
*ਅੰਗ - ੮੪੬*

ਦੇ ਸਿਧਾਂਤ ਦੀ ਵਿਹਾਰਿਕ ਰੂਪਮਾਨਤਾ ਹੋ ਜਾਂਦੀ ਹੈ। ਇਸੇ ਸਿਧਾਂਤ ਤੇ ਚਲਦਿਆਂ 'ਆਤਮ ਮਾਰਗ' ਦੀ ਸਮੁੱਚੀ ਵਿਚਾਰਧਾਰਾ ਦਾ ਸਫਰ ਵੀ ਇਸ ਹਥਲੇ ਅੰਕ ਨਾਲ 24ਵੇਂ ਸਾਲ 'ਚ ਪ੍ਰਵੇਸ਼ ਕਰਦਾ ਹੈ। ਪਿਛਲੇ 23 ਸਾਲ ਤੋਂ ਲਗਾਤਾਰ ਇਕੋ ਵਿਚਾਰਧਾਰਾ ਨੂੰ ਲੈ ਕੇ ਇਹ ਰੂਹਾਨੀਅਤ ਭਰਪੂਰ ਖਜ਼ਾਨਾ ਪਾਠਕ ਜਨਾਂ ਤਕ ਪਹੁੰਚ ਰਿਹਾ ਹੈ। ਪਿਆਰੇ ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨਾਂ ਨਾਲ ਭਰਪੂਰ 25 ਤੋਂ 30 ਪੰਨੇ ਇਸ ਵਿਚ ਛਪ ਰਹੇ ਹਨ। ਹੋਰ ਰੂਹਾਨੀ ਸਮੱਗਰੀ ਤੋਂ ਇਲਾਵਾ ਇਸ ਵਾਰੀ ਨਵੇਂ ਸਿਰਲੇਖ 'ਨੂਰਾਨੀ ਮਿਲਾਪ' ਹੇਠ ਵੀ ਗੁਰਮਤਿ ਵਿਚਾਰ ਸ਼ੁਰੂ ਕੀਤੇ ਜਾ ਰਹੇ ਹਨ। ਧੰਨ ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਜੀ ਦੇ 550 ਸਾਲਾ ਪ੍ਰਕਾਸ਼ ਸਤਾਬਦੀ ਨੂੰ ਸਮਰਪਿਤ ਇਹ 'ਨੂਰਾਨੀ ਮਿਲਾਪ' ਨਵਾਂ ਲੇਖ ਸ਼ੁਰੂ ਕੀਤਾ ਜਾ ਰਿਹਾ ਹੈ। ਆਸ ਹੈ ਕਿ ਪਾਠਕ ਜਨ ਪੜ੍ਹ, ਵਿਚਾਰ ਕੇ ਜ਼ਰੂਰ ਲਾਹੇ ਪ੍ਰਾਪਤ ਕਰਨਗੇ।

ਮਾਰਚ ਮਹੀਨੇ ਵਿਚ ਟਰੱਸਟ ਦੇ ਵਰਤਮਾਨ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਗੁਰਮਤਿ ਪ੍ਰਚਾਰ ਦੀ ਲੜੀ ਤਹਿਤ ਆਸਟਰੇਲੀਆ ਵਿਖੇ ਗੁਰਮਤਿ ਪ੍ਰਚਾਰ ਲਈ ਜਾ ਰਹੇ ਹਨ। ਵਿਸਾਖੀ ਤੋਂ ਪਹਿਲਾਂ ਵਾਪਸੀ ਹੈ। ਪਿਆਰੇ ਮਹਾਂਪੁਰਸ਼ਾਂ ਤੇ ਸਤਿਕਾਰਯੋਗ ਬੀਜੀ ਦੀਆਂ ਅਸੀਸਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਕ੍ਰਿਪਾ ਸਦਕਾ ਟਰੱਸਟ ਵਲੋਂ ਆਰੰਭੇ ਸਾਰੇ ਕਾਰਜ, ਸਮੂੰਹ ਅਦਾਰੇ ਚੜ੍ਹਦੀ ਕਲਾ ਵਿਚ ਚਲ ਰਹੇ ਹਨ। ਮਾਨਵਤਾ ਲਈ ਵਰਦਾਨ ਸਿੱਧ ਹੋ ਰਹੇ ਹਨ। ਗੁਰੂ ਕ੍ਰਿਪਾ ਕਰੇ ਇਸੇ ਤਰ੍ਹਾਂ ਸਮੂੰਹ ਟਰੱਸਟ ਮੈਂਬਰ ਅਤੇ ਸੰਗਤਾਂ ਨੂੰ ਚੜ੍ਹਦੀ ਕਲਾ ਵਾਲਾ ਜੀਵਨ ਪ੍ਰਾਪਤ ਹੋਵੇ ਜੀ। ਸਤਿਗੁਰੂ ਆਪਣੇ ਦਰ ਘਰ ਦੀ ਸੇਵਾ ਸਾਰੇ ਪ੍ਰੇਮੀ ਜਨਾਂ ਦੇ ਸਿਰ 'ਤੇ ਹੱਥ ਰੱਖ ਕੇ ਆਪ ਲੈਂਦੇ ਰਹਿਣ ਜੀ। 'ਆਤਮ ਮਾਰਗ' ਮੈਗਜ਼ੀਨ ਦੇ 24ਵੇਂ ਸਾਲ ਵਿਚ ਪ੍ਰਵੇਸ਼ ਕਰਨ ਤੇ ਸਮੂੰਹ ਪਾਠਕ ਜਨਾਂ ਤੇ ਸੰਗਤਾਂ ਨੂੰ ਵਧਾਈ ਹੋਵੇ ਜੀ।

ਆਉ, ਇਸੇ ਖੁਸ਼ੀ ਵਿਚ ਆਤਮ ਮਾਰਗ ਨੂੰ ਹੋਰਨਾਂ ਤਕ ਵੀ ਪਹੁੰਚਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ***'ਆਪਿ ਜਪੈ ਅਵਰਹ ਨਾਮੁ ਜਪਾਵੈ'*** ਦੇ ਸਿਧਾਂਤ 'ਤੇ ਪਹਿਰਾ ਦੇਈਏ ਜੀ।

# ਆਲਮੇ ਰੌਸ਼ਨ ਜ਼ਿ ਗੁਰੁ ਗੋਬਿੰਦ ਸਿੰਘ
# ਜਾਨਿ ਦਿਲ ਗੁਲਸ਼ਨ ਜ਼ਿ ਗੁਰੁ ਗੋਬਿੰਦ ਸਿੰਘ

(ਸਤਿਗੁਰੂ ਜੀ ਤੋਂ ਸੰਸਾਰ ਵਿਚ ਚਾਨਣ ਹੋਇਆ ਹੈ, ਦੇਹ ਅਤੇ ਆਤਮਾ ਵੀ ਸਤਿਗੁਰੂ ਜੀ ਤੋਂ ਅਨੰਦਤ ਹੋਏ ਹਨ)

## (ਖਾਲਸਾ ਆਦਰਸ਼)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

'ਅਰਬਦ ਨਰਬਦ ਧੁੰਧੂਕਾਰਾ' ਵਿਆਪਕ ਰਿਹਾ। ਆਤਮਾ ਸਤਿ ਚਿੱਤ ਅਨੰਦ ਦੇ ਰੂਪ ਵਿਚ ਏਕੰਕਾਰ 'ਚੋਂ ਪ੍ਰਕਾਸ਼ਿਤ ਹੋਈ ਅਤੇ ਪਸਾਰਾ ਆਰੰਭ ਹੋ ਗਿਆ। ਇਹ ਸਤਿ ਸ਼ਕਤੀ ਵੀ ਸੰਸਾਰ ਦੀ ਕਲਪਨਾ ਨਹੀਂ ਕਰਦੀ ਸੀ। ਸੰਸਾਰ ਹੈ ਹੀ ਨਹੀਂ ਸੀ। ਅੱਗੇ ਦਸਦੇ ਹਨ ਕਿ ਉਸ ਪ੍ਰਮੇਸ਼ਰ ਨੇ ਪਹਿਲਾਂ ਇਨ੍ਹਾਂ ਪੰਜਾਂ ਮਹਾਂ ਭੂਤਾਂ ਨੂੰ ਪ੍ਰਗਟ ਕੀਤਾ ਅਤੇ ਖੁਦ ਹੀ ਅਗੰਮ ਅਗੋਚਰ ਅਵਸਥਾ ਵਿਚੋਂ ਪ੍ਰਗਟ ਹੋ ਕੇ ਉਸ ਪ੍ਰਭੂ ਨੇ ਅਨੇਕ ਪ੍ਰਕਾਰ ਦੀ ਸ੍ਰਿਸ਼ਟੀ ਸਾਜਣ ਤੋਂ ਪਹਿਲਾਂ ਆਪਣੀ ਦੇਹ ਤੋਂ ਪਉਣ ਦੀ ਰਚਨਾ ਕੀਤੀ, ਪਵਨ ਤੋਂ ਜਲ ਹੋਇਆ ਜਲ ਤੋਂ ਤ੍ਰਿਭਵਣ ਸਾਕਾਰ ਹੋਇਆ ਅਤੇ ਉਸ ਵਿਚ ਸ਼ਕਤੀ ਰੂਪੀ ਬੀਜ ਪਾ ਦਿਤਾ। ਇਸ ਤਰ੍ਹਾਂ ਭਾਈ ਗੁਰਦਾਸ ਜੀ ਦਸਦੇ ਹਨ ਕਿ ਪਹਿਲੇ ਪਹਿਲ ਜਦੋਂ ਸਾਹ ਤੇ ਮਾਸ ਕੁਝ ਵੀ ਨਹੀਂ ਸੀ, ਅੰਧ ਧੁੰਦ ਹਨੇਰ ਘੁੰਮ ਘੇਰ ਸੀ, ਕੁਝ ਸੋਝੀ ਨਹੀਂ ਪੈਂਦੀ ਸੀ। ਮਾਤਾ ਦੇ ਲਹੂ ਤੇ ਪਿਤਾ ਦੇ ਵੀਰਜ ਦੀ ਦੇਹ ਬਣਾ ਕੇ ਉਸ ਨੇ ਪੰਜਾਂ ਤੱਤਾਂ ਦਾ ਜੜਾਉ ਜੜ ਦਿਤਾ। ਵਾਯੂ, ਪਾਣੀ, ਅੱਗ ਤੇ ਚੌਥੀ ਧਰਤੀ, ਪੰਜਵਾਂ ਅਕਾਸ਼ ਕਰਕੇ, ਛੇਵਾਂ ਆਪਣੇ ਆਪ ਗੁਪਤ ਰੂਪ ਵਿਚ ਹੋ ਕੇ ਰਿਦੇ ਵਿਚ ਬੈਠ ਗਿਆ। ਇਸ ਲਈ ਕਿ ਸਾਰੇ ਜੜ੍ਹ ਸਰੀਰ ਨੂੰ ਸੱਤਾ ਦੇ ਕੇ ਚਲਾਵੇ। ਪੰਜ ਤੱਤ ਤੇ 25 ਪ੍ਰਕ੍ਰਿਤੀਆਂ ਜਿਹੜੀਆਂ ਆਪਸ ਵਿਚ ਸ਼ਤਰੂ ਸਨ, ਮਿਤਰ ਬਣਾ ਕੇ ਦੇਹ ਬਣਾ ਦਿਤੀ। ਅੱਗ, ਪਾਣੀ, ਮਿਟੀ ਜਿਹੜੇ ਆਪਸ ਵਿਚ ਸ਼ੀਂਹ ਬੱਕਰੀ ਵਾਂਗੂੰ ਸਨ, ਇਕੱਠੇ ਕਰ ਦਿਤੇ। ਚਾਰ ਖਾਣੀਆਂ - ਅੰਡਜ, ਜੇਰਜ, ਸੇਤਜ, ਉਤਭੁਜ ਤੇ ਚਾਰ ਬਾਣੀਆਂ (ਪਰਾ, ਪਸੰਤੀ, ਮਧਮਾ, ਬੈਖਰੀ) ਇਨ੍ਹਾਂ ਦਾ ਚਲਾਉ ਕਰਕੇ ਆਵਾਗੌਣ ਦਾ ਚਰਿਤਰ ਦਿਖਾਇਆ। ਇਸ ਤਰ੍ਹਾਂ ਨਾਲ ਚੌਰਾਸੀ ਲੱਖ ਜੂਨਾਂ ਰਚ ਦਿਤੀਆਂ।

ਇਸ ਤਰ੍ਹਾਂ ਸਿਆਣੇ ਦਸਦੇ ਹਨ ਕਿ ਇਹ ਅਨਾਦੀ ਸੰਸਾਰ ਚਲਿਆ ਆਉਂਦਾ ਹੈ। ਬੋਹੜ ਦੇ ਬੀਜ ਵਾਂਗੂੰ ਇਹ ਨਹੀਂ ਪਤਾ ਲਗਦਾ ਕਿ ਬੋਹੜ ਪਹਿਲਾਂ ਸੀ ਕਿ ਬੀਜ, ਇਸੇ ਤਰ੍ਹਾਂ ਪਤਾ ਨਹੀਂ ਲਗਦਾ ਕਿ ਪਹਿਲਾਂ ਕਰਮ ਸੀ ਕਿ ਸਰੀਰ, ਇਹ ਜਿਸ ਨੇ ਸੰਸਾਰ ਨੂੰ ਸਾਜਿਆ ਹੈ ਓਹੀ ਜਾਣਦਾ ਹੈ। ਜਪੁਜੀ ਸਾਹਿਬ ਵਿਚ ਆਉਂਦਾ ਹੈ -

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥***
***ਅੰਗ - 4***

ਭਾਰਤ ਵਿਚ ਖੱਟ ਸਾਸ਼ਤਰ ਹਨ। ਉਨ੍ਹਾਂ ਦੇ ਸ੍ਰਿਸ਼ਟੀ ਰਚਨਾ ਬਾਰੇ ਆਪਣੇ-ਆਪਣੇ ਮਤ ਹਨ। ਨਿਯਾਯ ਵਾਲੇ ਪ੍ਰਮਾਣੂਆਂ ਤੋਂ, ਸ਼ਾਂਖ ਸਾਸ਼ਤਰ ਵਾਲੇ ਪ੍ਰਧਾਨ ਤਿੰਨ ਗੁਣਾਂ ਦੀ ਸਮਾਨ ਅਵਸਥਾ ਤੋਂ, ਵੇਦਾਂਤ ਵਾਲੇ ਮਾਇਆ ਤੋਂ ਜਗਤ ਦੀ ਉਤਪਤੀ ਮੰਨਦੇ ਹਨ। ਐਸਾ ਵੀ ਮੰਨਦੇ ਹਨ ਕਿ ਸ੍ਵਯੰਭੂਮੁਨ -ਨਰ ਤੇ ਸਤਰੂਪਾ ਉਸ ਦੀ ਇਸਤ੍ਰੀ ਬਣੀ, ਉਨ੍ਹਾਂ ਦੀ ਰਕਤਬਿੰਦ ਤੋਂ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੋਇਆ। ਕਿਉਂ ਜੋ ਘੋੜਾ ਘੋੜੀ ਆਦਿ ਸਾਰੀ ਚੌਰਾਸੀ ਦਾ ਨਰ ਮਾਦਾ ਓਹ ਦੋਵੇਂ ਬਣ ਜਾਂਦੇ ਹਨ, ਪ੍ਰੰਤੂ ਇਹ ਸਾਰੇ ਖਿਆਲ ਹਨ, ਗੁਰਮਤਿ ਦੇ ਸਿਧਾਂਤ ਮੁਤਾਬਿਕ ਸ੍ਰਿਸ਼ਟੀ ਦੇ ਕਰਨ ਕਾਰਨ ਵਾਲਾ ਇਕੋ ਵਾਹਿਗੁਰੂ ਹੈ ਜਿਸ ਨੇ -

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਅੰਗ - 3***

ਉਸ ਨੇ ਆਪਣੀ ਸ਼ਕਤੀ ਨਾਲ ਇਕੋ ਫੁਰਨਾ ਕਰਕੇ ਸਾਰੀ ਸ੍ਰਿਸ਼ਟੀ ਦੀ ਰਚਨਾ ਕਰ ਦਿਤੀ। ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥***
***ਨਾਨਕ ਤਿਸੁ ਬਲਿਹਾਰਣੈ***
***ਜਲਿ ਥਲਿ ਮਹੀਅਲਿ ਸੋਇ॥ ਅੰਗ- 276***

ਸੰਸਾਰ ਵਿਚ ਜੋ ਸੁੰਨ ਸੀ ਉਸ ਨੂੰ ਦੇਖਣ ਵਾਲਾ ਆਤਮਾ ਸੀ, ਉਸ ਆਤਮਾ ਤੋਂ ਹੀ ਸਾਰੇ ਸੰਸਾਰ ਦਾ ਪਸਾਰਾ ਹੋਇਆ ਹੈ ਜਿਵੇਂ ਕਿ ਫੁਰਮਾਨ ਹੈ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥ ਅੰਗ - 846***

ਆਤਮਾ ਨੇ ਹੀ ਪੰਜਾਂ ਤੱਤਾਂ ਦੀਆਂ ਦੇਹਾਂ ਰਚ ਕੇ ਸ੍ਰਿਸ਼ਟੀ ਰਚੀ ਹੈ। ਇਸੇ ਪ੍ਰਕਾਰ ਪ੍ਰਮਾਣੂ, ਪ੍ਰਧਾਨ ਕਰਮ, ਆਦਿ, ਕਾਰਣ ਸਾਰੇ ਜੜ੍ਹ ਹਨ। ਚੇਤਨ ਆਤਮਾ ਦੀ ਸੱਤਾ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ। ਸੋ ਇਸ ਕਰਕੇ ਉਹ ਵਿਚਾਰ ਨਿਰਮੂਲ ਹਨ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

***ਪ੍ਰਿਥਮੈ ਸਾਸ ਨ ਮਾਸ ਸਨ***
***ਅੰਧ ਧੁੰਧ ਕਛੁ ਖਬਰ ਨ ਪਾਈ।***
***ਰਕਤਬਿੰਦ ਕੀ ਦੇਹਿ ਰਚਿ,***
***ਪਾਂਚ ਤਤ ਕੀ ਜੜਤ ਜੜਾਈ।***
***ਪਉਣ ਪਾਣੀ ਬੈਸੰਤਰੋ***

*ਚਉਥੀ ਧਰਤੀ ਸੰਗਿ ਮਿਲਾਈ।*
*ਪੰਚਮਿ ਵਿਚਿ ਆਕਾਸ ਕਰਿ*
*ਕਰਤਾ ਛਟਮੁ ਅਦਿਸਟੁ ਸਮਾਈ।*
*ਪੰਚ ਤਤ ਪੰਚੀਸਿ ਗੁਨਿ*
*ਸਤ੍ਰ ਮਿਤ੍ਰ ਮਿਲਿ ਦੇਹਿ ਬਣਾਈ।*
*ਬਾਣੀ ਬਾਣੀ ਚਲਿਤ ਕਰਿ*
*ਆਵਾਗਉਣੁ ਚਰਿਤ੍ਰ ਦਿਖਾਈ।*
*ਚਉਰਾਸੀ ਲਖ ਜੋਨਿ ਉਪਾਈ॥*

***ਭਾਈ ਗੁਰਦਾਸ ਜੀ, ਵਾਰ 1/2***

ਅਤੇ ਹੋਰ ਫੁਰਮਾਨ ਹੈ –

*ਓਅੰਕਾਰੁ ਆਕਾਰੁ ਕਰਿ*
*ਏਕ ਕਵਾਉ ਪਸਾਉ ਪਸਾਰਾ।*
*ਪੰਜ ਤਤ ਪਰਵਾਣੁ ਕਰਿ*
*ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।*

***ਭਾਈ ਗੁਰਦਾਸ ਜੀ, ਵਾਰ 1/4***

ਵਾਹਿਗੁਰੂ ਜੀ ਨੇ ਇਕ ਬਚਨ ਤੋਂ ਰੂਪਮਾਨ ਹੋ ਕੇ ਸਾਰਾ ਪਸਾਰਾ ਕਰ ਦਿਤਾ। ਪੰਜਾਂ ਤੱਤਾਂ ਤੋਂ ਸਾਰੇ ਬ੍ਰਹਿਮੰਡ ਰਚ ਕੇ, ਆਪ ਘਟ ਘਟ ਵਿਚ ਰਚ ਕੇ, ਹਰੇਕ ਸਰੀਰ ਵਿਚ ਪ੍ਰਵੇਸ਼ ਕਰਕੇ ਸੱਤਾ ਦੇ ਰਿਹਾ ਹੈ। ਮੱਕੜੀ ਵੀ ਆਪਣੇ ਵਿਚੋਂ ਜਾਲਾ ਤਣਦੀ ਹੈ ਪਰ ਉਹ ਜਾਲੇ ਵਿਚ ਵਿਆਪਕ ਨਹੀਂ ਹੁੰਦੀ, ਉਹ ਇਕ ਕਿਨਾਰੇ ਹੋ ਕੇ ਬੈਠ ਜਾਂਦੀ ਹੈ। ਜਾਲਾ ਤਣਨ ਪਿਛੋਂ ਉਸ ਨੂੰ ਜਾਲੇ ਨਾਲ ਕੋਈ ਹਿਤ ਨਹੀਂ ਹੁੰਦਾ, ਉਸ ਨੂੰ ਐਨਾ ਹੁੰਦਾ ਹੈ ਕਿ ਇਸ ਵਿਚ ਕੋਈ ਮੱਖੀ ਮੱਛਰ ਫਸੇ ਤਾਂ ਮੈਂ ਉਸ ਨੂੰ ਆਪਣੀ ਖੁਰਾਕ ਬਣਾਵਾਂ। ਵਾਹਿਗੁਰੂ ਜੀ ਨੇ ਇਸ ਤਰ੍ਹਾਂ ਦਾ ਪਸਾਰਾ ਨਹੀਂ ਕੀਤਾ। ਉਨ੍ਹਾਂ ਨੇ ਆਪਣਾ ਪਸਾਰਾ ਆਪਣੇ ਆਪ ਤੋਂ ਹੀ ਕੀਤਾ ਅਤੇ ਆਪ ਹੀ ਵਿਆਪਕ ਹੁੰਦਾ ਹੋਇਆ ਨਿਰਲੇਪ ਰੂਪ ਵਿਚ ਆਪਣੀ ਮਹਿਮਾ ਸਹਿਤ ਆਪਣੀ ਰਚਨਾ ਵਿਚ ਆਪ ਸਥਿਤ ਹੈ। ਇਹ ਗੱਲ ਸਮਝਣੀ ਔਖੀ ਹੈ। ਮਿਸਾਲ ਨਾਲ ਗੱਲ ਸਮਝ ਵਿਚ ਆ ਜਾਵੇਗੀ। ਉਹ ਪ੍ਰਕ੍ਰਿਤੀ ਦੀ ਮਿਸਾਲ ਹੋਣ ਕਰਕੇ ਅਧੂਰੀ ਹੈ। ਪਰ ਗੱਲ ਸਮਝ ਆ ਜਾਵੇਗੀ ਉਹ ਇਸ ਤਰ੍ਹਾਂ ਹੈ ਕਿ ਕ੍ਰੋੜਾਂ ਬਰਤਨਾਂ ਵਿਚ ਸਮੁੰਦਰ ਦਾ ਪਾਣੀ ਭਰਿਆ ਪਿਆ ਹੈ, ਵੱਡੀਆਂ-ਵੱਡੀਆਂ ਝੀਲਾਂ ਵਿਚ ਵੀ ਪਾਣੀ ਹੈ। ਛੋਟੇ ਤੋਂ ਛੋਟੇ ਬਰਤਨ ਵਿਚ ਵੀ ਪਾਣੀ ਹੈ ਅਤੇ ਸਮੁੰਦਰ ਵਿਚ ਵੀ ਪਾਣੀ ਹੈ। ਸੂਰਜ ਜਦੋਂ ਚਮਕਦਾ ਹੈ ਉਸ ਦਾ ਪ੍ਰਤੀਬਿੰਬ (ਪਰਛਾਵਾਂ) ਸਾਰੇ ਪਾਣੀਆਂ ਵਿਚ ਪੈਂਦਾ ਹੈ, ਇਕ ਨਿਕੇ ਜਿਹੇ ਪਾਣੀ ਦੇ ਚੂੰਘੜੇ ਨੂੰ ਦੇਖ ਕੇ ਜੇ ਕੋਈ ਇਹ ਖਿਆਲ ਕਰੇ ਕਿ ਇਸ ਵਿਚ ਸੂਰਜ ਬੰਦ ਹੋ ਗਿਆ ਤਾਂ ਇਹ ਨਿਰਮੂਲ ਹੈ, ਇਹ ਤਾਂ ਪਰਛਾਵਾਂ ਹੈ, ਹਵਾ ਦੇ ਨਾਲ ਪਾਣੀ ਹਿਲਦਾ ਹੈ ਜਾਂ ਭਾਂਡੇ ਦੇ ਹੱਥ ਲਾਇਆਂ ਪਾਣੀ ਹਿਲਦਾ ਹੈ, ਲਗਦਾ ਇਸ ਤਰ੍ਹਾਂ ਹੈ ਕਿ ਸੂਰਜ ਹਿਲ ਰਿਹਾ ਹੈ। ਸੂਰਜ ਤਾਂ ਨਿਰਲੇਪ ਹੈ, ਅਲੱਗ-ਥਲੱਗ ਕਰੋੜਾਂ ਮੀਲ ਦੀ ਦੂਰੀ ਤੇ ਸਥਿਤ ਹੈ। ਇਸ ਤਰ੍ਹਾਂ ਵਾਹਿਗੁਰੂ ਜੀ ਦਾ ਪ੍ਰਤੀਬਿੰਬ ਇਸ ਸਰੀਰ ਵਿਚ ਪੈਂਦਾ ਹੈ ਜੋ ਇਸ ਜੜ੍ਹ ਚਿਤ ਨੂੰ ਚੇਤਨਾ ਦਿੰਦਾ ਹੈ। ਸੂਰਜ ਅਤੇ ਵਾਹਿਗੁਰੂ ਜੀ ਵਿਚ ਫਰਕ ਹੈ, ਸੂਰਜ ਪਾਣੀ ਦੀ ਹਾਲਤ ਨੂੰ ਨਹੀਂ ਜਾਣ ਸਕਦਾ ਪਰ ਵਾਹਿਗੁਰੂ ਜੀ ਚੇਤਨ ਰੂਪ ਹੋ ਕੇ ਘਟ-ਘਟ ਵਿਚ ਵਿਆਪਕ ਹਨ। ਸਾਰੀਆਂ ਸ਼ਕਤੀਆਂ ਹੁਕਮ ਦੇ ਮੁਤਾਬਿਕ ਸੰਸਾਰ ਨੂੰ ਚਲਾਉਣ ਲਈ ਆਪੋ ਆਪਣਾ ਕੰਮ ਕਰਦੀਆਂ ਹਨ। ਇਸ ਤਰ੍ਹਾਂ ਇਕ ਹੋਰ ਉਦਾਹਰਣ ਹੈ। ਤੁਸੀਂ ਇਕ ਵੱਡਾ ਸੌ ਫੁੱਟ ਦਾ ਸ਼ੀਸ਼ਾ ਲਓ, ਇਕ ਪਾਸੇ ਹੋ ਕੇ ਦੇਖੋ, ਅਸਮਾਨ ਵਿਚ ਚਮਕ ਰਿਹਾ ਸੂਰਜ ਇਸ ਵਿਚ ਨਜ਼ਰ ਆਵੇਗਾ। ਸੂਰਜ ਉਸ ਵਿਚ ਇਕੋ ਹੋਵੇਗਾ ਪਰ ਜੇ ਹਥੌੜਾ ਲੈ ਕੇ ਉਸ ਦੇ ਐਨੇ ਟੁਕੜੇ ਕਰ ਦਿਓ ਕਿ ਛੋਟਾ ਟੁਕੜਾ ਐਨਾ ਛੋਟਾ ਹੋਵੇ ਜਿਸਨੂੰ ਮੁਸ਼ਕਲ ਨਾਲ ਚੁਕ ਸਕੀਏ ਤਾਂ ਜਦੋਂ ਉਸ ਵਿਚ ਧਿਆਨ ਦੇਵਾਂਗੇ ਤਾਂ ਉਸ ਵਿਚ ਵੀ ਸੂਰਜ ਉਸੇ ਤਰ੍ਹਾਂ ਉਨਾਂ ਵੱਡਾ ਹੀ ਨਜ਼ਰ ਆਵੇਗਾ ਜਿੰਨਾਂ ਵੱਡਾ ਸੀਸ਼ੇ ਵਿਚ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਵਾਹਿਗੁਰੂ ਜੀ ਆਪਣੇ ਰਚੇ ਹੋਏ ਸੰਸਾਰ ਦੇ ਕਣ-ਕਣ ਵਿਚ ਵਿਆਪਕ ਹੁੰਦੇ ਹੋਏ ਹਰ ਘਟ ਦੀ ਅਵਸਥਾ ਨੂੰ ਸਮਝਦੇ ਹਨ ਪਰ ਉਹ ਟੁਕੜੇ ਹੋ ਕੇ ਇਨ੍ਹਾਂ ਟੁਕੜਿਆਂ ਵਿਚ ਨਹੀਂ ਰਚੇ, ਉਹ ਇਕ ਦੇ ਇਕ ਹਨ।

ਕਾਦਰ ਕਿਸੇ ਨੇ ਦੇਖਿਆ ਨਹੀਂ ਪਰ ਕੁਦਰਤ ਨੂੰ ਦੇਖ ਕੇ ਆਪਣਾ ਅਨੁਮਾਨ ਲਾ ਸਕਦੇ ਹਾਂ। ਭਾਈ ਗੁਰਦਾਸ ਜੀ ਲਿਖਦੇ ਹਨ –

*ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ।*
*ਪੰਜ ਤਤ ਪਰਵਾਣੁ ਕਰਿ*
*ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।*
*ਕਾਦਰੁ ਕਿਨੇ ਨ ਲਖਿਆ*
*ਕੁਦਰਤਿ ਸਾਜਿ ਕੀਆ ਅਵਤਾਰਾ।*
*ਇਕ ਦੂ ਕੁਦਰਤਿ ਲਖ ਕਰਿ*
*ਲਖ ਬਿਅੰਤ ਅਸੰਖ ਅਪਾਰਾ।*
*ਰੋਮ ਰੋਮ ਵਿਚਿ ਰਖਿਓਨਿ*
*ਕਰਿ ਬ੍ਰਹਿਮੰਡਿ ਕਰੋੜਿ ਸੁਮਾਰਾ।*
*ਇਕਸ ਇਕਸ ਬ੍ਰਹਿਮੰਡਿ ਵਿਚਿ*
*ਦਸ ਦਸ ਕਰਿ ਅਵਤਾਰ ਉਤਾਰਾ।*
*ਕੇਤੇ ਬੇਦ ਬਿਆਸ ਕਰਿ*
*ਕਈ ਕਤੇਬ ਮੁਹੰਮਦ ਯਾਰਾ।*
*ਕੁਦਰਤਿ ਇਕੁ ਏਤਾ ਪਾਸਾਰਾ॥*

***ਭਾਈ ਗੁਰਦਾਸ ਜੀ, ਵਾਰ 1/4***

ਹੁਣ ਉਹ ਸਮੇਂ ਦੀ ਵਿਚਾਰ ਕਰਦੇ ਹੋਏ ਦਸਦੇ ਹਨ ਕਿ ਕੋਈ ਸਮਾਂ ਸੀ ਜਦੋਂ ਇਹ ਮਨੁੱਖ ਪੂਰਨ ਤੌਰ ਤੇ ਪਵਿਤਰ ਸੀ ਅਤੇ ਪਰਮੇਸ਼ਰ ਦਾ ਰੂਪ ਹੀ ਗਿਣਿਆ ਜਾਂਦਾ ਸੀ ਕਿਉਂਕਿ ਜਦੋਂ ਅਸੀਂ ਅਗਿਆਨ ਰਹਿਤ ਹੋ ਜਾਈਏ ਤਾਂ ਸਾਡੇ ਭਰਮ ਦੇ ਪਰਦੇ ਨਸ਼ਟ ਹੋ ਜਾਂਦੇ ਹਨ। ਅਗਿਆਨ ਦੇ ਬੱਦਲ ਉਡ ਜਾਣ ਤਾਂ ਅਸੀਂ ਕੀ ਦੇਖਦੇ ਹਾਂ ਕਿ ਇਥੇ ਵਾਹਿਗੁਰੂ ਜੀ ਬਿਨਾਂ ਹੋਰ ਕੋਈ ਹੈ ਹੀ ਨਹੀਂ –

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥*
*ਅੰਗ - 272*

ਉਸ ਵੇਲੇ ਉਸ ਜੁਗ ਦੇ ਬੰਦਿਆ ਨੂੰ ਪੂਰਨ ਗਿਆਨ ਸੀ ਅਤੇ ਸੋਹੰ ਬ੍ਰਹਮ ਦੇ ਧਿਆਨ ਰਾਹੀਂ ਸਦਾ ਹੀ ਵਾਹਿਗੁਰੂ ਜੀ ਨਾਲ ਜੁੜੇ ਰਹਿੰਦੇ ਸਨ, ਇਕੋ ਬ੍ਰਹਮ ਦਸਦੇ ਸਨ। ਮੋਹ ਮਾਇਆ ਦੀ ਕੋਈ ਮੁਹਤਾਜੀ ਨਹੀਂ ਸੀ, ਬਹੁਤ ਹੀ ਸਾਦਾ ਜੀਵਨ ਗੁਜ਼ਾਰਦੇ ਸਨ, ਭਾਵੇਂ ਉਮਰਾਂ ਲੱਖਾਂ ਵਰ੍ਹਿਆਂ ਦੀਆਂ ਸਨ, ਪੂਰਨ ਗਿਆਨਵਾਨ ਸੀ। ਉਸ ਵੇਲੇ ਦੇ ਹੀ ਰਿਸ਼ੀਆਂ-ਮੁਨੀਆਂ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਹੈ -

*ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥*
*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ॥ ਅੰਗ - 692*

ਅਤੇ ਫੁਰਮਾਨ ਇਸ ਤਰ੍ਹਾਂ ਵੀ ਹੈ -

*ਚਾਰਿ ਜੁਗਿ ਕਰਿ ਥਾਪਨਾ*
*ਸਤਿਜੁਗ ਤ੍ਰੇਤਾ ਦੁਆਪਰੁ ਸਾਜੇ।*
*ਚਉਥਾ ਕਲਿਜੁਗੁ ਥਾਪਿਆ*
*ਚਾਰਿ ਵਰਨਿ ਚਾਰੋਂ ਕੇ ਰਾਜੇ।*
*ਬ੍ਰਹਮਣ, ਛਤ੍ਰੀ, ਵੈਸ, ਸੂਦ੍ਰ,*
*ਜੁਗੁ ਜੁਗੁ ਏਕੋ ਵਰਨ ਬਿਰਾਜੇ।*
*ਸਤਿਜੁਗ ਹੰਸ ਅਉਤਾਰੁ ਧਰਿ*
*ਸੋਹੰ ਬ੍ਰਹਮੁ ਨ ਦੂਜਾ ਪਾਜੇ।*
*ਏਕੋ ਬ੍ਰਹਮੁ ਵਖਾਨੀਐ*
*ਮੋਹ ਮਾਇਆ ਤੇ ਬੇਮੁਹਤਾਜੇ।*
*ਕਰਨਿ ਤਪਸਿਆ ਬਨਿ ਵਿਖੈ*
*ਵਖਤ ਗੁਜਾਰਨਿ ਪਿੰਨੀ ਸਾਗੇ।*
*ਲਖ ਵਰ੍ਹਿਆਂ ਦੀ ਆਰਜਾ*
*ਕੋਟੇ ਕੋਟਿ ਨ ਮੰਦਿਰ ਸਾਜੇ।*
*ਇਕ ਬਿਨਸੈ ਇਕ ਅਸਥਿਰੁ ਗਾਜੇ।*
*ਭਾਈ ਗੁਰਦਾਸ ਜੀ, ਵਾਰ 1/5*

ਮਹਾਂਪੁਰਸ਼ਾਂ ਦੇ ਅਨੁਭਵ ਮੁਤਾਬਿਕ ਇਹ 17 ਲੱਖ 28 ਹਜ਼ਾਰ ਸਾਲ ਦਾ ਸਮਾਂ ਬੀਤਿਆਂ, ਬੀਤਣ ਉਪਰੰਤ ਖਿਆਲ ਬਦਲ ਗਏ, ਆਦਮੀ ਦੇ ਸੁਭਾਅ ਵਿਚ ਪਰਿਵਰਤਨ ਆ ਗਿਆ, ਖਿਆਲ ਦੇ ਪਰਿਵਰਤਨ ਨਾਲ ਨੌਂ ਹਿੱਸੇ ਉਮਰ ਘਟ ਗਈ, ਦੱਸ ਹਜ਼ਾਰ ਸਾਲ ਉਮਰ ਰਹਿ ਗਈ। ਮਾਇਆ ਦਾ ਅਸਰ ਹੋ ਕੇ ਅਗਿਆਨ ਦੇ ਅੰਸ਼ ਉਭਰ ਆਏ, ਮੋਹ ਪੈਦਾ ਹੋ ਗਿਆ, ਅਪਣੱਤ ਦਾ ਅਹੰਭਾਵ ਪੈਦਾ ਹੋ ਕੇ ਆਪਣੇ ਆਪ ਨੂੰ ਉਸ ਬ੍ਰਹਮ ਤੋਂ ਅੱਡਰਾ ਜਾਣਿਆ ਗਿਆ। ਇਹ ਜੁਗ 12 ਲੱਖ 64 ਹਜ਼ਾਰ ਸਾਲ ਦੀ ਆਯੂ ਵਾਲਾ ਸੀ। ਪਰ ਇਸ ਜੁਗ ਵਿਚ ਹਉਮੈ ਨੇ ਆ ਕੇ ਹਿਰਦੇ ਵਿਚ ਨਿਵਾਸ ਕਰ ਲਿਆ ਅਤੇ ਉਹ ਜੋ ਘਟ-ਘਟ ਵਿਚ ਵਿਆਪਕ ਵਾਹਿਗੁਰੂ ਜੀ ਨੂੰ ਜਾਣਦੇ ਹੋਏ ਆਪ ਹੀ ਪ੍ਰਮੇਸ਼ਰ ਦਾ ਰੂਪ ਕਹਿੰਦੇ ਸਨ ਜਿਸ ਨੂੰ ਸੋਹੰ ਕਿਹਾ ਗਿਆ ਹੈ, 'ਸੋ' ਦਾ ਮਤਲਬ 'ਉਹ'; 'ਹੰ' ਦਾ ਮਤਲਬ 'ਇਹ' (ਇਹ ਹਸਤੀ ਪਾਰਬ੍ਰਹਮ ਹੀ ਹੈ) ਪਰ ਤ੍ਰੇਤੇ ਅਤੇ ਦੁਆਪਰ ਵਿਚ ਇਹ ਵਿਚਾਰ ਮੱਧਮ ਪੈ ਗਏ। ਤ੍ਰੇਤੇ ਪਿਛੋਂ ਦੁਆਪਰ ਦਾ ਜੁਗ ਸ਼ੁਰੂ ਹੋ ਗਿਆ, ਜਿਸ ਦਾ ਸਮਾਂ 8 ਲੱਖ 64 ਹਜ਼ਾਰ ਸਾਲ ਗਿਣਿਆ ਗਿਆ ਹੈ। ਇਸ ਵਿਚ ਉਮਰ ਘਟ ਕੇ ਇਕ ਹਜ਼ਾਰ ਸਾਲ ਰਹਿ ਗਈ। ਉਸ ਸਮੇਂ ਦੇ ਆਰੀਅਨ ਲੋਕਾਂ ਵਿਚ ਇਹ ਖਿਆਲ ਸੀ ਕਿ ਦੁਆਪਰ ਵਿਚ ਕ੍ਰਿਸ਼ਨ ਮਹਾਰਾਜ ਸੋਲ੍ਹਾਂ ਕਲਾਂ ਸੰਪੂਰਨ ਹੋ ਕੇ ਰੂਪਧਾਰੀ ਹੋਏ, ਕਰਮ ਕਰਨ ਦੇ ਵੀ ਵੱਖਰੇ-ਵੱਖਰੇ ਤਰੀਕੇ ਸਨ, ਰਿਗਵੇਦ ਵਿਚ ਪੂਰਬ ਵਲ ਮੂੰਹ ਕਰਕੇ ਸਾਰੇ ਕਰਮ ਕੀਤੇ ਜਾਂਦੇ ਸਨ, ਉਹ ਬ੍ਰਾਹਮਣਾਂ ਦਾ ਜੁੱਗ ਸੀ। ਦੁਆਪਰ ਵਿਚ ਖਤਰੀਆਂ ਨੇ ਯਜੁਰਵੇਦ ਲੈ ਲਿਆ ਉਸ ਵਿਚ ਦੱਖਣ ਵਲ ਮੂੰਹ ਕਰਕੇ ਦਾਤੇ ਬਣ ਕੇ ਕਰਮ ਕਰਨ ਲੱਗੇ, ਉਹ ਇਹ ਜਾਨਣ ਲੱਗੇ ਕਿ ਦੱਖਣ ਦੇਸ਼ ਵਿਖੇ ਹਰੀ ਦਾ ਵਾਸਾ ਹੈ, ਵੈਸ਼ ਲੋਕ ਸਾਮਵੇਦ ਨੂੰ ਪੱਛਮ ਵਲ ਮੂੰਹ ਕਰਕੇ ਪ੍ਰਣਾਮ ਕਰਨ ਲੱਗੇ। ਰਿਗਵੇਦ ਨੀਲੇ ਕਪੜੇ, ਯਜੁਰਵੇਦ ਪੀਲੇ ਕਪੜੇ ਅਤੇ ਸਾਮਵੇਦ ਪੜ੍ਹਨ ਵੇਲੇ ਚਿੱਟੇ ਕਪੜੇ ਪਾ ਕੇ ਪਾਠ ਕਰਦੇ ਸਨ। ਰਾਮ ਕ੍ਰਿਸ਼ਨ ਜੀ ਤੇ ਹੰਸਾ ਅਵਤਾਰ ਦੇ ਉਪਾਸ਼ਕ ਹੋ ਕੇ ਆਪਣੇ ਆਪਣੇ ਕਰਮ ਕਰਦੇ ਸਨ। ਇਹ ਥੋੜ੍ਹਾ ਸੋਝੀ ਵਿਚ ਫਰਕ ਹੈ ਕਿਉਂਕਿ ਵਾਹਿਗੁਰੂ ਤਾਂ ਦੇਸ਼ ਕਾਲ ਵਸਤੂ ਤੋਂ ਨਿਆਰੇ ਹਨ, ਹਰ ਪਾਸੇ ਹੀ ਪੂਰਨ ਹਨ।

ਹੁਣ ਕਲਜੁਗ ਦਾ ਸਮਾਂ ਆਉਣ ਤੇ ਨੀਚ ਬਿਰਤੀ ਮਨੁੱਖ ਵਿਚ ਪੈਦਾ ਹੋ ਗਈ, ਉਮਰ ਘਟ ਗਈ, ਸੌ ਸਾਲ ਹੀ ਰਹਿ ਗਈ। ਸ੍ਰਿਸ਼ਟੀ ਮਾਇਆ ਨੇ ਮੋਹ ਲਈ ਅਤੇ ਕਲਜੁਗ ਵਿਚ ਕਲਾ ਕਲੇਸ਼ ਦੀ ਕ੍ਰਿਆ ਨੇ ਜਗਤ ਨੂੰ ਭਰਮਾ ਦਿਤਾ। ਜਗਤ ਵਿਚ ਗਿਲਾਨੀ ਪੈਦਾ ਹੋ ਗਈ, ਹਉਮੈ ਵਿਚ ਲੋਕ ਸੜਨ ਲੱਗੇ, ਉਚੇ ਤੇ ਨੀਵੇਂ ਦੀ ਤਮੀਜ਼ ਸਾਰੀ ਭੁੱਲ ਗਈ, ਰਾਜੇ ਅਨਿਆਈ ਹੋ ਕੇ ਕਲਜੁਗੀ ਕੈਂਚੀ ਵਾਂਗੂੰ ਸੰਸਾਰ ਨੂੰ ਪਾੜਨ ਲੱਗੇ। ਸਾਰੀ ਦੁਨੀਆਂ ਕਰਮ ਭ੍ਰਿਸ਼ਟ ਹੋ ਗਈ -

*ਕਲਿਜੁਗ ਚਉਥਾ ਥਾਪਿਆ*
*ਸੂਦ੍ਰ ਬਿਰਤਿ ਜਗ ਮਹਿ ਵਰਤਾਈ।*
*ਕਰਮ ਸੁ ਰਿਗਿ ਜੁਜਰ ਸਿਆਮ ਕੇ*
*ਕਰੇ ਜਗਤੁ ਰਿਦਿ ਬਹੁ ਸੁਕਚਾਈ।*
*ਮਾਇਆ ਮੋਹੀ ਮੇਦਨੀ*
*ਕਲਿ ਕਲਿ ਵਾਲੀ ਸਭਿ ਭਰਮਾਈ।*
*ਉਠੀ ਗਿਲਾਨਿ ਜਗਤ ਵਿਚਿ*
*ਹਉਮੈ ਅੰਦਰਿ ਜਲੈ ਲੁਕਾਈ।*
*ਕੋਇ ਨ ਕਿਸੈ ਪੂਜਦਾ*
*ਊਚ ਨੀਚ ਸਭਿ ਗਤਿ ਬਿਸਰਾਈ।*
*ਭਏ ਬਿਅਦਲੀ ਪਾਤਸਾਹ*
*ਕਲਿ ਕਾਤੀ ਉਮਰਾਇ ਕਸਾਈ।*
*ਰਹਿਆ ਤਪਾਵਸੁ ਤ੍ਰਿਹੁ ਜੁਗੀ*

*ਚਉਥੇ ਜੁਗਿ ਜੋ ਦੇਇ ਸੁ ਪਾਈ।*
*ਕਰਮ ਭ੍ਰਿਸਟਿ ਸਭਿ ਭਈ ਲੋਕਾਈ।*
*ਭਾਈ ਗੁਰਦਾਸ ਜੀ, ਵਾਰ 1/7*

ਕਲਜੁਗ ਦੀ ਸਾਧਨਾ ਨੂੰ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਹੁਣ ਕਰਮ ਧਰਮ, ਪੂਜਾ, ਜੱਗ ਇਨ੍ਹਾਂ ਦੀ ਕੋਈ ਪੇਸ਼ ਨਹੀਂ ਜਾਂਦੀ। ਇਹ ਜੁਗ ਕੇਵਲ ਨਾਮ ਜਪਣ ਵਾਸਤੇ ਭਗਤੀ ਰਾਹੀਂ ਗਿਆਨ ਪ੍ਰਾਪਤ ਕਰਕੇ ਆਪਣੇ ਭਰਮ ਲਾਹ ਕੇ ਮੁਕਤ ਹੋਣ ਦਾ ਹੈ। ਪਿਛਲੇ ਜਨਮਾਂ ਵਿਚ ਜੋ ਜੀਵ ਨੇ ਕਮਾਈ ਕੀਤੀ ਹੈ ਉਸ ਦੇ ਫਲ ਨਾਲ ਹੀ ਇਸ ਦਾ ਛੁਟਕਾਰਾ ਹੋਣਾ ਹੈ। ਹੁਣ ਇਸ ਜੁਗ ਵਿਚ ਕਰਮ ਧਰਮ ਫਲ ਨਹੀਂ ਦਿੰਦੇ। ਇਸ ਜੁਗ ਵਿਚ ਪ੍ਰੇਮਾ ਭਗਤੀ ਜੋ ਪਿਛਲੇ ਜਨਮਾਂ ਵਿਚ ਕੀਤੇ ਸ਼ੁਭ ਕਰਮਾਂ ਕਰਕੇ ਪ੍ਰਾਪਤ ਹੋਣੀ ਹੈ, ਉਹ ਸਫਲ ਹੈ। ਧਾਰਮਕ ਸੰਪਰਦਾਵਾਂ ਵਿਚ ਅੰਧਕਾਰ ਛਾ ਗਿਆ, ਪਾਖੰਡ ਚਲ ਪਏ। ਕਲਾ ਕਲੇਸ਼ ਵਧ ਗਿਆ, ਕੋਈ ਸਿਲਾ ਦੀ ਪੂਜਾ ਰਾਹੀਂ, ਕੋਈ ਮੜ੍ਹੀਆਂ ਨੂੰ ਪੂਜ ਕੇ, ਕੋਈ ਤੰਤਰ ਮੰਤਰ ਕਰਕੇ ਦੁਨੀਆਂ ਵਿਚ ਮਾਣ ਪ੍ਰਾਪਤ ਕਰਨ ਦੀ ਲਾਲਸਾ ਵਿਚ ਲੱਗਿਆ ਹੋਇਆ ਹੈ। ਸਾਰੀਆਂ ਸੰਪਰਦਾਵਾਂ ਵਿਚ ਕਲ੍ਹਾ ਤੇ ਕ੍ਰੋਧ ਵਧ ਗਿਆ। ਆਪੋ ਆਪਣੀਆਂ ਸੰਪਰਦਾਵਾਂ ਦੇ ਰਾਹ ਨਿਆਰੇ-ਨਿਆਰੇ ਕਰਕੇ ਚਲਾਏ, ਕੋਈ ਧਰਤੀ ਨੂੰ ਮੱਥੇ ਟੇਕਦਾ ਹੈ, ਕੋਈ ਪਾਣੀ ਦੀ ਪੂਜਾ ਕਰਦਾ ਹੈ, ਕੋਈ ਅੱਗ ਦੀ ਪੂਜਾ ਕਰਦਾ ਹੈ, ਫੋਕਟ ਧਰਮਾਂ ਦੇ ਵਿਚ ਸੰਸਾਰ ਭੁੱਲ ਗਿਆ, ਬੁੱਤ ਪ੍ਰਸਤੀ ਚਲ ਪਈ ਅਤੇ ਉਸ ਜੜ੍ਹ ਦੇ ਅੱਗੇ ਅਨੇਕਾਂ ਕਿਸਮਾਂ ਦੀਆਂ ਭੇਟਾਵਾਂ ਦਿੰਦੇ ਹਨ। ਇਸੇ ਕਰਕੇ ਆਪਣੇ ਮੰਤਵ ਵਲ ਪਿੱਠ ਕਰਨ ਨਾਲ ਵਾਹਿਗੁਰੂ ਦਾ ਪਿਆਰ ਹਿਰਦੇ ਵਿਚੋਂ ਨਿਕਲ ਗਿਆ। ਵਾਹਿਗੁਰੂ ਵਲੋਂ ਕੀਤੇ ਹੋਏ ਦੇਵੀ ਦੇਵ ਦੀ ਪੂਜਾ ਪ੍ਰਧਾਨ ਹੋ ਗਈ, ਗਿਲਾਨੀ ਹੀ ਗਿਲਾਨੀ ਫੈਲ ਗਈ। ਅੰਦਰੋਂ ਮਨੁੱਖ ਨਾਸਤਕ ਹੋ ਗਿਆ। ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

*ਕਲਿਜੁਗਿ ਬੌਧੁ ਅਉਤਾਰ ਹੈ*
*ਬੋਧ ਅਬੋਧੁ ਨ ਦ੍ਰਿਸਟੀ ਆਵੈ।*
*ਕੋਇ ਨ ਕਿਸੈ ਵਰਜਈ*
*ਸੋਈ ਕਰੇ ਜੋਈ ਮਨਿ ਭਾਵੈ।*
*ਕਿਸੇ ਪੂਜਾਈ ਸਿਲਾ ਸੁੰਨਿ*
*ਕੋਈ ਗੋਰੀ ਮੜੀ ਪੁਜਾਵੈ।*
*ਤੰਤ੍ਰ ਮੰਤ੍ਰ ਪਾਖੰਡ ਕਰਿ*
*ਕਲਹਿ ਕ੍ਰੋਧ ਬਹੁ ਵਾਦਿ ਵਧਾਵੈ।*
*ਆਪੋ ਧਾਪੀ ਹੋਇਕੈ*
*ਨਿਆਰੇ ਨਿਆਰੇ ਧਰਮ ਚਲਾਵੈ।*
*ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।*
*ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੇ।*
*ਫੋਕਟਿ ਧਰਮੀ ਭਰਮਿ ਭੁਲਾਵੈ।*
*ਭਾਈ ਗੁਰਦਾਸ ਜੀ, ਵਾਰ 1/18*

ਕਿਥੇ ਤਕ ਦਸਿਆ ਜਾਵੇ। ਗੁਰੂ ਮਹਾਰਾਜ ਜੀ ਨੇ ਤਾਂ ਫੈਸਲਾ ਦਿੰਦਿਆਂ ਫੁਰਮਾਨ ਹੀ ਕਰ ਦਿਤਾ ਹੈ ਕਿ ਸੰਸਾਰ ਵਿਚ ਕੂੜ ਦਾ ਪਸਾਰਾ ਹੋ ਗਿਆ ਹੈ। ਸੰਸਾਰ ਫੋਕਟ ਕਰਮਾਂ ਵਿਚ ਫਸ ਗਿਆ ਅਤੇ ਵਾਹਿਗੁਰੂ ਜੀ ਦੇ ਸਿੱਧੇ ਰਾਹ ਆਤਮ ਮਾਰਗ ਨੂੰ ਭੁੱਲ ਕੇ ਅਨੇਕਾਂ ਹੀ ਦਿਸ਼ਾ ਰਹਿਤ ਕਰਮਾਂ ਵਿਚ ਪ੍ਰਵਿਰਤ ਹੋ ਗਿਆ। ਜਿਸ ਦੇ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ -

*ਕਈ ਅਗਨ ਹੋਤ ਕਰੰਤ॥*
*ਕਈ ਉਰਧ ਤਾਪ ਦੁਰੰਤ॥*
*ਕਈ ਉਰਧ ਬਹੁ ਸੰਨਿਆਸ॥*
*ਕਹੂੰ ਜੋਗ ਭੇਸ ਉਦਾਸ॥*
*ਕਹੂੰ ਨਿਵਲੀ ਕਰਮ ਕਰੰਤ॥*
*ਕਹੂੰ ਪਉਨ ਅਹਾਰ ਦੁਰੰਤ॥*
*ਕਹੂੰ ਤੀਰਥ ਦਾਨ ਅਪਾਰ॥*
*ਕਹੂੰ ਜੱਗ ਕਰਮ ਉਦਾਰ॥*
*ਕਹੂੰ ਅਗਨ ਹੋਤ੍ਰ ਅਨੂਪ॥*
*ਕਹੂੰ ਨਿਆਇ ਰਾਜ ਬਿਭੂਤ॥*
*ਕਹੂੰ ਸਾਸਤ੍ਰ ਸਿੰਮ੍ਰਿਤਿ ਰੀਤ॥*
*ਕਹੂੰ ਬੇਦ ਸਿਉ ਬਿਪ੍ਰੀਤ॥*
*ਕਈ ਦੇਸ ਦੇਸ ਫਿਰੰਤ॥*
*ਕਈ ਏਕ ਠੌਰ ਇਸਥੰਤ॥*
*ਕਹੂੰ ਕਰਤ ਜਲ ਮਹਿ ਜਾਪ॥*
*ਕਹੂੰ ਸਹਤ ਤਨ ਪਰਤਾਪ॥*
*ਕਹੂੰ ਬਾਸ ਬਨਹਿ ਕਰੰਤ॥*
*ਕਹੂੰ ਤਾਪ ਤਨਹਿ ਸਹੰਤ॥*
*ਕਹੂੰ ਗ੍ਰਿਹਸਤ ਧਰਮ ਅਪਾਰ॥*
*ਕਹੂੰ ਰਾਜ ਰੀਤ ਉਦਾਰ॥*
*ਕਹੂੰ ਰੋਗ ਰਹਤ ਅਭਰਮ॥*
*ਕਹੂੰ ਕਰਮ ਕਰਤ ਅਕਰਮ॥*
*ਕਹੂੰ ਸੇਖ ਬ੍ਰਹਮ ਸਰੂਪ॥*
*ਕਹੂੰ ਨੀਤ ਰਾਜ ਅਨੂਪ॥*
*ਕਹੂੰ ਰੋਗ ਸੋਗ ਬਿਹੀਨ॥*
*ਕਹੂੰ ਇਕ ਭਗਤਿ ਅਧੀਨ॥*
*ਕਹੂੰ ਰੰਕ ਰਾਜ ਕੁਮਾਰ॥*
*ਕਹੂੰ ਬੇਦ ਬਿਆਸ ਅਵਤਾਰ॥*
*ਕਈ ਬ੍ਰਹਮ ਬੇਦ ਰਟੰਤ॥*
*ਕਈ ਸੇਖ ਨਾਮ ਉਚਰੰਤ॥*
*ਬੈਰਾਗ ਕਹੂੰ ਸੰਨਿਆਸ॥*
*ਕਹੂੰ ਫਿਰਤ ਰੂਪ ਉਦਾਸ॥*
*ਸਭ ਕਰਮ ਫੋਕਟ ਜਾਨ॥*
*ਸਭ ਧਰਮ ਨਿਹਫਲ ਮਾਨ॥*
*ਬਿਨ ਏਕ ਨਾਮ ਅਧਾਰ॥*
*ਸਭ ਕਰਮ ਭਰਮ ਬਿਚਾਰ॥* *ਅਕਾਲ ਉਸਤਤਿ*

ਭਾਰਤ ਵਰਸ਼ ਵਿਚ ਹਿੰਦੂ ਰਾਜੇ ਰਾਜ ਕਰਦੇ ਸਨ ਅਤੇ ਪਰੋਹਤ ਕਰਮਾਂ ਧਰਮਾਂ ਬਾਰੇ ਸੰਸਾਰ ਨੂੰ ਦਸਦੇ ਸਨ। ਵਾਹਿਗੁਰੂ ਨੂੰ ਛੱਡ ਕੇ ਸੰਸਾਰ ਫੋਕਟ ਧਰਮਾਂ ਵਿਚ ਪ੍ਰਵਿਰਤ ਹੋ ਗਿਆ, ਵੱਡੇ-ਵੱਡੇ ਮੰਦਰ ਬਣਾ ਲਏ, ਬਹੁਤ ਸੋਹਣੀਆਂ ਪ੍ਰਤਿਮਾ ਉਸ ਵਿਚ ਰੱਖ ਲਈਆਂ ਪਰ ਇਸ ਗੱਲ ਨੂੰ ਭੁੱਲ ਗਿਆ ਕਿ ਸਾਰੀ ਸ੍ਰਿਸ਼ਟੀ ਦੇ ਪਿਆਰੇ ਪ੍ਰਭੂ ਇਸ ਬੰਦੇ ਦੀ ਹਿਰਦਾ ਸੇਜਾ ਤੇ ਬਿਰਾਜਮਾਨ ਹੈ। ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥* *ਅੰਗ - 1033*

ਇਸਲਾਮ ਦੇ ਮਹਾਨ ਅਚਾਰੀਆ ਮੁਹੰਮਦ ਸਾਹਿਬ ਜੀ ਸੰਸਾਰ ਦੇ ਰੰਗ ਮੰਚ ਉਤੇ ਪ੍ਰਗਟ ਹੋਏ। ਆਪ ਨੇ ਪ੍ਰਮੇਸ਼ਰ ਰਾਹੀਂ ਇਲਹਾਮ ਹੋਏ ਹੋਏ ਸਿਧਾਂਤ ਦੁਨੀਆਂ ਨੂੰ ਦਿਤੇ। ਆਪ ਨੇ ਦਸਿਆ ਕਿ ਅੱਲਾਹ ਇਕ ਹੀ ਹੈ। ਫਰਿਸ਼ਤੇ ਉਸ ਦੇ ਬਣਾਏ ਹੋਏ ਹਨ। ਫਰਿਸ਼ਤਿਆਂ ਨੂੰ ਛੱਡ ਕੇ ਅੱਲਾਹ ਨੂੰ ਪਿਆਰ ਕਰੋ, ਉਹ ਪਿਆਰ ਨਾਲ ਵਸ ਆਉਂਦਾ ਹੈ। ਇਨਸਾਨ ਸਭ ਭਰਾ-ਭਰਾ ਹਨ। ਪਰ ਸਮੇਂ ਦੇ ਫੇਰ ਨਾਲ ਜੋ ਇਸਲਾਮ ਤੇ ਅਕੀਦਾ ਨਹੀਂ ਸੀ ਰਖਦੇ, ਉਨ੍ਹਾਂ ਨੂੰ ਕਾਫਰ ਆਖਿਆ ਗਿਆ। ਉਨ੍ਹਾਂ ਨਾਲ ਵਰਤਾਓ ਸਖਤ ਹੁੰਦਾ ਗਿਆ। ਇਸਲਾਮ ਦੇ ਸ਼ਕਤੀਸ਼ਾਲ ਰਾਜੇ, ਆਮ ਤੌਰ ਤੇ ਦਸਵੀਂ ਸਦੀ ਵਿਚ ਭਾਰਤ ਵਿਚ ਆਏ। ਉਸ ਸਮੇਂ ਭਾਰਤ ਵਿਚ ਬਹੁਦੇਵ ਪੂਜਾ ਪ੍ਰਚਲਤ ਸੀ, ਤੰਤ੍ਰ ਵਿਦਿਆ ਸਿਖਰਾਂ ਤੇ ਸੀ। ਸਿੱਧ, ਜੋਗੀ, ਨਾਥ, ਕਰਾਮਾਤਾਂ ਦਿਖਾ ਕੇ ਲੋਕਾਂ ਨੂੰ ਭਰਮਾਉਂਦੇ ਸਨ ਅਤੇ ਉਹ ਪੱਕਾ ਵਿਸ਼ਵਾਸ਼ ਰਖਦੇ ਸਨ ਕਿ ਗ੍ਰਹਿਸਤੀ ਹੋ ਕੇ ਸਿੱਧ ਨਾਥ ਜੋਗੀ ਨਹੀਂ ਬਣ ਸਕਦਾ। ਉਨ੍ਹਾਂ ਨੇ ਵੱਡੇ-ਵੱਡੇ ਰਾਜਿਆਂ ਨੂੰ ਤਖਤਾਂ ਤੋਂ ਲਾਹ ਕੇ ਮੁੰਦਰਾਂ ਪਾ ਕੇ ਗੁਫਾਂਫਾਂ ਵਿਚ ਬੰਦ ਕਰ ਦਿਤਾ ਅਤੇ ਬਰਫਾਂ ਭਰੇ ਪਰਬਤਾਂ ਦੀਆਂ ਕੰਦਰਾਂ ਵਿਚ ਉਹ ਛੁਪ ਗਏ। ਜੋਤਸ਼ ਦਾ ਪ੍ਰਭਾਵ ਵੱਧ ਗਿਆ, ਜੋਤਸ਼ਵਾਦ ਭਾਰਤ ਵਿਚ ਪਸਰ ਗਿਆ। ਆਦਮੀ ਆਪਣੀ ਮਰਜ਼ੀ ਨਾਲ ਕੋਈ ਵੀ ਕੰਮ ਨਹੀਂ ਸੀ ਕਰ ਸਕਦਾ। ਜੇ ਖੇਤ ਵਿਚ ਬੀਜ ਪਾਉਂਣਾ ਹੈ, ਜੇ ਨਾਮ ਰਖਣਾ ਹੈ, ਵਿਆਹ ਸ਼ਾਦੀ ਕਰਨੀ ਹੈ ਤਾਂ ਵੀ ਪੁੱਛ ਕੇ ਸ਼ੁਭ ਦਿਨ ਭਾਲਦੇ ਸਨ। ਜੇ ਪੂਰਬ ਵਲ ਸਫਰ ਤੇ ਜਾਣਾ ਹੁੰਦਾ ਤਾਂ ਵੀ ਪੁਛ ਕੇ ਜਾਇਆ ਜਾਂਦਾ ਸੀ। ਜੇ ਹੋਰਾਂ ਦਿਸ਼ਾਵਾਂ ਵਲ ਭੀ ਜਾਣਾ ਹੁੰਦਾ ਤਾਂ ਭੀ ਪੁਛ ਕੇ ਹੀ ਜਾਇਆ ਜਾਂਦਾ ਸੀ। ਵਿਆਹ ਸ਼ਾਦੀਆਂ ਸਾਰੀਆਂ ਲਗਨ ਕਢਾ ਕੇ ਕੀਤੀਆਂ ਜਾਂਦੀਆਂ ਸਨ। ਵਾਹਿਗੁਰੂ ਦੇ ਹੁਕਮ ਦੀ ਪਛਾਣ ਬਿਲਕੁਲ ਹੀ ਜਾਂਦੀ ਰਹੀ। ਇਥੋਂ ਤਕ ਹੋ ਗਿਆ ਕਿ ਮੈਂ ਹੀ ਸਭ ਕੁਝ ਕਰ ਸਕਦਾ ਹਾਂ। ਵਾਹਿਗੁਰੂ ਜੀ ਦੀ ਭਗਤੀ ਦੀ ਥਾਂ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਨੇ ਲੈ ਲਈ, ਭਾਰਤ ਵਿਚ ਗਿਲਾਨੀ ਫੈਲ ਗਈ, ਕੂੜ ਦਾ ਵਰਤਾਰਾ ਹੋ ਗਿਆ। ਇਸਲਾਮ ਵਾਲੇ ਭਾਰਤ ਵਿਚ ਆਏ। ਉਨ੍ਹਾਂ ਦੇ ਦੋ ਰੂਪ ਸਨ, ਇਕ ਤਾਂ ਬਹੁਤ ਉਚ ਕੋਟੀ ਦੇ ਪ੍ਰਭੂ ਨੂੰ ਪਿਆਰ ਕਰਨ ਵਾਲੇ, ਬਾਬਾ ਫਰੀਦ ਜੀ ਵਰਗੇ ਸੂਫੀ ਸਨ, ਮਯਊਦੀਨ, ਬੁਖਤਿਆਰ ਕਾਕੀ ਸਨ ਅਤੇ ਹੋਰ ਪ੍ਰਭੂ ਦੇ ਪਿਆਰੇ ਆਏ। ਉਨ੍ਹਾਂ ਨੇ ਇਥੋਂ ਦਾ ਹਾਲ ਦੇਖਿਆ ਕਿ ਭਾਰਤ ਦੇ ਲੋਕ ਤਾਂ ਪ੍ਰਭੂ ਨੂੰ ਭੁੱਲ ਹੀ ਚੁੱਕੇ ਹਨ। ਉਨ੍ਹਾਂ ਨੇ ਇਕ ਅੱਲਾਹ ਦਾ ਸੰਦੇਸ਼ ਦਿਤਾ, ਬਹੁਤ ਸਾਰੇ ਲੋਕ ਇਸ ਨਵੇਂ ਮਤ ਵਿਚ ਸ਼ਾਮਲ ਹੋ ਗਏ ਪਰ ਦੂਜੇ ਰੂਪ ਵਾਲੇ ਇਸਲਾਮ ਨੂੰ ਮੰਨਣ ਵਾਲੇ ਜੋ ਆਏ, ਉਹ ਲਾਲਚੀ, ਲੁਟੇਰੇ, ਈਰਖਾਲੂ, ਅੰਧਕਾਰ ਵਿਚ ਫਸੇ ਹੋਏ ਰਾਜਿਆਂ ਦਾ ਸੀ। ਉਨ੍ਹਾਂ ਨੇ ਆ ਕੇ ਇਥੋਂ ਦੀ ਵਸੋਂ ਉਪਰ ਅਨਿਆਂ ਭਰੇ ਜ਼ੁਲਮ ਕੀਤੇ। ਦਸਵੀਂ ਸਦੀ ਤੋਂ ਲੈ ਕੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੰਸਾਰ ਵਿਚ ਪ੍ਰਗਟ ਹੋਣ ਤਕ ਹਿੰਦੂ ਜਨਤਾ ਦਾ ਸਾਹ ਸਤ ਹੀ ਖਤਮ ਹੋ ਗਿਆ ਸੀ। ਇਸ ਦੇ ਅਚਾਰੀਆ ਕੋਈ ਦਿਸ਼ਾ ਨਿਰਦੇਸ਼ ਨਹੀਂ ਦੇ ਰਹੇ ਸਨ। ਫੋਕਟ ਧਰਮਾਂ ਵਿਚ ਸੰਸਾਰ ਨੂੰ ਫਸਾ ਦਿਤਾ। ਵਾਹਿਗੁਰੂ ਜੀ ਦੇ ਪ੍ਰੇਮ ਤੋਂ ਹੀਣੇ ਹੋ ਕੇ ਸਾਹ ਸਤ ਗੁਆ ਕੇ ਇਥੋਂ ਤਕ ਆਪਣੀ ਹੋਂਦ ਤੋਂ ਨਿਰਾਸੇ ਹੋ ਗਏ ਕਿ ਅਸੀਂ ਤਾਂ ਭੇਡਾਂ ਹਾਂ, ਰਾਜਿਆਂ ਨੇ ਸਾਡੇ ਉਪਰੋਂ ਉੱਨ ਲਾਹੁਣੀ ਹੀ ਹੈ, ਚਾਹੇ ਇਸਲਾਮ ਦਾ ਰਾਜਾ ਆ ਜਾਵੇ, ਚਾਹੇ ਕੋਈ ਹੋਰ ਆ ਜਾਵੇ। ਇਹ ਭਾਰਤ ਦੀ ਰਾਜਨੀਤੀ ਤੋਂ ਬਿਲਕੁਲ ਅਲੱਗ ਥਲੱਗ ਹੋ ਕੇ ਸਾਹਸਹੀਣੇ ਹੋ ਗਏ। ਅਨੇਕ ਗਲਤ ਰੀਤੀਆਂ ਪ੍ਰਚਲਤ ਹੋ ਗਈਆਂ। ਵਿਧਵਾ ਇਸਤ੍ਰੀਆਂ ਲਈ ਇਸ ਸਮਾਜ ਵਿਚ ਕੋਈ ਥਾਂ ਨਹੀਂ ਸੀ। ਉਨ੍ਹਾਂ ਦਾ ਪਤੀ ਮਰ ਜਾਣ ਤੇ ਉਨ੍ਹਾਂ ਨੂੰ ਉਸ ਦੇ ਨਾਲ ਜਿਉਂਦੇ ਸੜਨਾ ਪੈਂਦਾ ਸੀ। ਉਸ ਨੂੰ ਗਲਤੀ ਨਾਲ ਸਤੀ ਆਖਿਆ ਜਾਂਦਾ ਸੀ। ਗੁਰੂ ਮਹਾਰਾਜ ਜੀ ਇਸ ਬਾਰੇ ਫੁਰਮਾਨ ਕਰਦੇ ਹਨ ਕਿ -

*ਸਤੀਆ ਏਹਿ ਨ ਆਖੀਅਨਿ*
*ਜੋ ਮੜਿਆ ਲਗਿ ਜਲੰਨਿ॥*
*ਨਾਨਕ ਸਤੀਆ ਜਾਣੀਅਨਿ*
*ਜਿ ਬਿਰਹੇ ਚੋਟ ਮਰੰਨਿ॥* *ਅੰਗ - 787*

ਇਸਤ੍ਰੀ ਪੁਰਸ਼ ਦਾ ਪਿਆਰ ਪੈਸੇ ਦਾ ਪਿਆਰ ਹੋ ਗਿਆ। ਸੋ ਇਕ ਘਸਮਾਨ ਮਚ ਗਿਆ। ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

*ਬਹੁ ਵਾਟੀ ਜਗਿ ਚਲੀਆ*
*ਤਬ ਹੀ ਭਏ ਮੁਹੰਮਦਿ ਯਾਰਾ।*
*ਕਉਮਿ ਬਹਤਰਿ ਸੰਗਿ ਕਰਿ*
*ਬਹੁ ਬਿਧਿ ਵੈਰੁ ਵਿਰੋਧ ਪਸਾਰਾ।*

*ਰੋਜੇ, ਈਦ, ਨਿਮਾਜਿ ਕਰਿ*
*ਕਰਮੀ ਬੰਦਿ ਕੀਆ ਸੰਸਾਰਾ।*
*ਪੀਰ ਪੈਕੰਬਰ ਅਉਲੀਏ*
*ਗਉਸ ਕੁਤਬ ਬਹੁ ਭੇਖ ਸਵਾਰਾ।*
*ਠਾਕੁਰ ਦੁਆਰੇ ਢਾਹਿ ਕੈ*
*ਤਿਹਿ ਠਉੜੀ ਮਾਸੀਤ ਉਸਾਰਾ।*
*ਮਾਰਨਿ ਗਊ ਗਰੀਬ ਨੋ*
*ਧਰਤੀ ਉਪਰਿ ਪਾਪੁ ਬਿਥਾਰਾ।*
*ਕਾਫਰ ਮੁਲਹਿਦ ਇਰਮਨੀ*
*ਰੂਮੀ ਜੰਗੀ ਦੁਸਮਣਿ ਦਾਰਾ।*
*ਪਾਪੇ ਦਾ ਵਰਤਿਆ ਵਰਤਾਰਾ।*

***ਭਾਈ ਗੁਰਦਾਸ ਜੀ, ਵਾਰ 1/ 20***

ਹਿੰਦੂਆਂ ਅਤੇ ਮੁਸਲਮਾਨਾਂ ਵਿਚ ਟਾਕਰਾ ਹੋ ਗਿਆ। ਭਾਵੇਂ ਵਾਹਿਗੁਰੂ ਜੀ ਇਕ ਹਨ, ਹਿੰਦੂਆਂ ਦੇ ਸਾਸ਼ਤਰ ਵੀ ਇਸ ਨੂੰ ਇਕ ਹੀ ਆਖਦੇ ਹਨ। ਉਨ੍ਹਾਂ ਨੇ ਆਪਣੇ-ਆਪਣੇ ਰਾਹ ਨਿਯਤ ਕੀਤੇ ਹੋਏ ਹਨ। ਪਾਤੰਜਲ ਯੋਗ ਸਾਧਨਾ ਨਾਲ ਉਸ ਪ੍ਰਮੇਸ਼ਰ ਤਕ ਪਹੁੰਚਾਉਂਦਾ ਹੈ, ਵੇਦਾਂਤ ਗਿਆਨ ਨਾਲ, ਇਸਲਾਮ ਵਾਲੇ ਇਬਾਦਤ (ਭਗਤੀ) ਨਾਲ ਪਹੁੰਚਾਉਂਦੇ ਹਨ ਪਰ ਦੋਵੇਂ ਕੌਮਾਂ ਸ਼ਰਾ ਵਿਚ ਹੋਣ ਕਰਕੇ ਆਪਸ ਵਿਚ ਵੈਰ ਭਾਵ ਕਰਨ ਲੱਗੀਆਂ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

*ਚਾਰਿ ਵਰਨ ਚਾਰਿ ਮਜਹਬਾ*
*ਜਗ ਵਿਚਿ ਹਿੰਦੂ ਮੁਸਲਮਾਣੇ।*
*ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ।*
*ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।*
*ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।*
*ਰਾਮ ਰਹੀਮ ਕਹਾਇਦੇ*
*ਇਕੁ ਨਾਮੁ ਦੁਇ ਰਾਹ ਭੁਲਾਣੇ।*
*ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।*
*ਸਚੁ ਕਿਨਾਰੇ ਰਹਿ ਗਇਆ*
*ਖਹਿ ਮਰਦੇ ਬਾਹਮਣ ਮਉਲਾਣੇ।*
*ਸਿਰੋ ਨ ਮਿਟੇ ਆਵਣ ਜਾਣੇ।।*

***ਭਾਈ ਗੁਰਦਾਸ ਜੀ, ਵਾਰ 1/21***

ਇਸ ਘੋਲ ਦੇ ਵਿਚ ਹਿੰਦੂਆਂ ਦੀ ਹਾਲਤ ਤਰਸਯੋਗ ਸੀ, ਇਕ ਤਾਂ ਉਹ ਫੋਕਟ ਰਸਮਾਂ ਵਿਚ ਪੈ ਗਏ ਸਨ, ਜਨੇਊ ਪਹਿਨ ਕੇ ਹੀ ਸੰਤੁਸ਼ਟ ਰਹਿੰਦੇ ਸਨ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਓ! ਸੱਚ ਦਾ ਤਾਂ ਕਾਲ ਹੀ ਪੈ ਗਿਆ। ਜੀਵ ਜਿਹੜੇ ਹਨ ਪਹਿਲਾਂ ਉਹ ਜੀਵ ਆਤਮਾ ਪਦ ਛੱਡ ਕੇ ਮਨੁੱਖ ਬਣੇ, ਸਰੀਰ ਨੂੰ ਆਪਣਾ ਆਪ ਜਾਣਿਆ। ਹੁਣ ਹੋਰ ਹੇਠਾਂ ਤਿਲਕ ਕੇ ਉਹ ਮਨੁੱਖ ਨਾ ਰਹੇ, ਭੂਤਨੇ ਬਣ ਗਏ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥*
*ਆਧੇਰੈ ਰਾਹੁ ਨ ਕੋਈ।।*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥*

***ਅੰਗ - 145***

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

*ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥*

***ਅੰਗ- 1242***

*ਕਲਿ ਆਈ ਕੁਤੇ ਮੁਹੀ*
*ਖਾਜੁ ਹੋਇਆ ਮੁਰਦਾਰ ਗੁਸਾਈ।*
*ਰਾਜੇ ਪਾਪ ਕਮਾਵਦੇ*
*ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨੁ*
*ਕੂੜ ਕੁਸਤਿ ਮੁਖਹੁ ਆਲਾਈ।*
*ਚੇਲੇ ਸਾਜ ਵਜਾਇਦੇ*
*ਨਚਨਿ ਗੁਰੂ ਬਹੁਤੁ ਬਿਧਿ ਭਾਈ।*
*ਸੇਵਕ ਬੈਠਨਿ ਘਰਾਂ ਵਿਚਿ*
*ਗੁਰ ਉਠਿ ਘਰੀ ਤਿਨਾੜੇ ਜਾਈ।*
*ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।*
*ਇਸਤ੍ਰੀ ਪੁਰਖੈ ਦਾਮ ਹਿਤ*
*ਭਾਵੈ ਆਇ ਕਿਥਾਊ ਜਾਈ।*
*ਵਰਤਿਆ ਪਾਪ ਸਭਸ ਜਗ ਮਾਂਹੀ॥*

***ਭਾਈ ਗੁਰਦਾਸ ਜੀ, ਵਾਰ 1/30***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥*
*ਬੀਉ ਬੀਜਿ ਪਤਿ ਲੈ ਗਏ*
*ਅਬ ਕਿਉ ਉਗਵੈ ਦਾਲਿ॥ ਅੰਗ - 468*

ਕਲਜੁਗ ਦੇ ਲਛਣ ਦਸਦਿਆਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਲਬੁ ਪਾਪੁ ਦੁਇ ਰਾਜਾ ਮਹਤਾ*
*ਕੂੜੁ ਹੋਆ ਸਿਕਦਾਰੁ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥*
*ਅੰਧੀ ਰਯਤਿ ਗਿਆਨ ਵਿਹੂਣੀ*
*ਭਾਹਿ ਭਰੇ ਮੁਰਦਾਰੁ॥*
*ਗਿਆਨੀ ਨਚਹਿ ਵਾਜੇ ਵਾਵਹਿ*
*ਰੂਪ ਕਰਹਿ ਸੀਗਾਰੁ॥*
*ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥*
*ਮੂਰਖ ਪੰਡਿਤ ਹਿਕਮਤਿ ਹੁਜਤਿ*
*ਸੰਜੈ ਕਰਹਿ ਪਿਆਰੁ॥*
*ਧਰਮੀ ਧਰਮੁ ਕਰਹਿ ਗਾਵਾਵਹਿ*

*ਮੰਗਹਿ ਮੋਖ ਦੁਆਰੁ ॥*
*ਜਤੀ ਸਦਾਵਹਿ ਜੁਗਤਿ ਨ ਜਾਣਹਿ*
*ਛਡਿ ਬਹਹਿ ਘਰ ਬਾਰੁ ।।*
*ਸਭੁ ਕੋ ਪੂਰਾ ਆਪੇ ਹੋਵੈ*
*ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ*
*ਤਾ ਨਾਨਕ ਤੋਲਿਆ ਜਾਪੈ ॥ ਅੰਗ- 469*

ਐਸੇ ਬਿਖੜੇ ਸਮੇਂ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਦੇ ਉਧਾਰ ਲਈ ਸੱਚ ਦਾ ਪ੍ਰਕਾਸ਼ ਕੀਤਾ, ਆਪ ਨੇ ਏਮਨਾਬਾਦ ਦੇ ਯੁੱਧ ਵਿਚ ਪ੍ਰਤੱਖ ਰੂਪ ਵਿਚ ਤਬਾਹੀ ਦੇਖੀ। ਭਾਈ ਗੁਰਦਾਸ ਜੀ ਨੇ ਕਲਜੁਗ ਦੇ ਵਿਚ ਮੁਰਦਾਰ ਦਾ ਖਾਜਾ ਦਸਿਆ ਹੈ ਜਾਇਜ਼ ਨਜ਼ਾਇਜ਼ ਤਰੀਕੇ ਨਾਲ ਧਨ ਬਟੋਰਨਾ, ਜੋ ਕੁਝ ਵੀ ਹਾਸਲ ਹੋਵੇ ਉਸ ਨੂੰ ਆਪਣੇ ਲਈ ਵਰਤਣਾ ਮੁਰਦਾਰ ਦਾ ਖਾਜਾ ਹੋਇਆ ਕਰਦਾ ਹੈ। ਰਾਜਿਆਂ ਦੇ ਬਾਰੇ ਆਪ ਦਸਦੇ ਹਨ ਕਿ ਰਾਜੇ ਤਾਂ ਜੋ ਧਰਮ ਸਾਸ਼ਤਰਾਂ ਵਿਚ ਨਿਰੂਪਣ ਹੋਇਆ ਹੈ -

*ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥*
*ਅੰਗ - 1240*

ਰਾਜੇ ਦਾ ਕੰਮ ਹੁੰਦਾ ਹੈ ਕਿ ਪਰਜਾ ਦੇ ਨਾਲ ਨਿਆਂ ਕਰੇ। ਉਸ ਨੂੰ ਬੇਅੰਤ ਸ਼ਕਤੀਆਂ ਦਿਤੀਆਂ ਹੁੰਦੀਆਂ ਹਨ। ਕਿਸੇ ਨੂੰ ਉਜਾੜ ਦੇਣਾ, ਕਿਸੇ ਨੂੰ ਵਸਾ ਦੇਣਾ ਉਸ ਦੀ ਸਮਰਥਾ ਵਿਚ ਹੁੰਦਾ ਹੈ। ਉਸ ਨੂੰ ਕੋਈ ਦੋਸ਼ ਨਹੀਂ ਲਗਦਾ ਕਿਉਂਕਿ ਉਸ ਨੂੰ ਪੁਛਣ ਵਾਲਾ ਉਸ ਤੋਂ ਵੱਡਾ ਕੋਈ ਹੋਰ ਨਹੀਂ ਹੁੰਦਾ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ ਕਿ ਪਿਆਰਿਆ! ਹੁਣ ਤੂੰ ਰਾਜ ਕਰਕੇ ਸਭ ਕੁਝ ਕਰ ਲਿਆ ਪਰ ਜਦੋਂ ਦਰਗਾਹ ਵਿਚ ਜਾ ਕੇ ਲੇਖਾ ਦੇਣਾ ਪਿਆ ਤਾਂ ਕੀ ਕਰੇਂਗਾ?

ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਏਮਨਾਬਾਦ ਦਾ ਯੁੱਧ ਹੋਇਆ, ਬਾਬਰ ਬਾਦਸ਼ਾਹ ਕਾਬਲ ਵਿਚ ਰਾਜ ਕਰਦਾ ਸੀ, ਉਸ ਦਾ ਅਸਲੀ ਵਤਨ ਖੁਰਾਸਾਨ ਸੀ। ਉਸ ਉਤੇ ਉਸ ਨੇ ਬਹੁਤ ਹਮਲੇ ਕੀਤੇ ਪਰ ਕਾਮਯਾਬੀ ਕੋਈ ਨਾ ਹੋਈ। ਉਸ ਨੇ ਫੇਰ ਭਾਰਤ ਵਰਸ਼ ਉਪਰ ਹਮਲਾ ਕੀਤਾ ਅਤੇ ਇਥੇ ਅਕਹਿ ਜ਼ੁਲਮ ਹੋਏ ਜਿਨ੍ਹਾਂ ਨੂੰ ਗੁਰੂ ਮਹਾਰਾਜ ਜੀ ਨੇ ਅੱਖੀਂ ਦੇਖਿਆ। ਗੁਰੂ ਮਹਾਰਾਜ ਜੀ ਦੇ ਹਿਰਦੇ ਵਿਚ ਦੁਖੀਆਂ ਵਾਸਤੇ ਦਰਦ ਉਤਪੰਨ ਹੋਇਆ। ਉਸ ਨੇ ਬਹੁਤ ਸਾਰੇ ਬੰਦੇ ਫੜ ਕੇ ਕੈਦੀ ਬਣਾ ਲਏ ਅਤੇ ਚੱਕੀਆਂ ਪੀਸਣ ਤੇ ਲਾ ਦਿਤੇ ਕਿਉਂਕਿ ਫੌਜ ਵਾਸਤੇ ਰਾਸ਼ਨ ਦੀ ਲੋੜ ਸੀ। ਉਸ ਵਿਚ ਗੁਰੂ ਨਾਨਕ ਪਾਤਸ਼ਾਹ, ਭਾਈ ਬਾਲਾ ਤੇ ਮਰਦਾਨਾ ਵੀ ਫੜੇ ਗਏ। ਭਾਈ ਬਾਲਾ ਤੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਭਾਰੀਆਂ ਪੰਡਾਂ ਚੁਕਾ ਦਿਤੀਆਂ। ਮਰਦਾਨਾ ਜੀ ਨੂੰ ਚਾਰ ਘੋੜੇ ਫੜਾ ਦਿਤੇ। ਇਹ ਭਾਰੀਆਂ ਪੰਡਾਂ ਗੁਰੂ ਮਹਾਰਾਜ ਤੇ ਭਾਈ ਬਾਲੇ ਦੇ ਸੀਸ ਤੋਂ ਉਚੀਆਂ ਚਲ ਰਹੀਆਂ ਸਨ। ਜਿਵੇਂ ਬਾਬਾ ਫਰੀਦ ਜੀ ਤੋਂ ਜ਼ਬਰੀ ਵਗਾਰ ਲੈਣ ਸਮੇਂ ਉਸ ਸਮੇਂ ਦੇ ਰਾਜੇ ਨੇ ਆਪ ਨੂੰ ਇੱਟਾਂ ਢੋਣ ਲਾ ਦਿਤਾ ਸੀ, ਉਸ ਦਾ ਟੋਕਰਾ ਵੀ ਉਚਾ ਚਲ ਰਿਹਾ ਸੀ, ਇਹ ਕੋਈ ਐਸੀ ਗੱਲ ਨਹੀਂ ਜਿਸ ਉਪਰ ਕਿੰਤੂ ਕੀਤਾ ਜਾਵੇ।

ਤੁਹਾਡੇ ਮਾਤਾ ਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਲਾਇਲਪੁਰ ਜ਼ਿਲੇ ਵਿਚ ਮੁਰੱਬਿਆਂ ਵਿਚ ਰਿਹਾ ਕਰਦੇ ਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ ਵਾਲੇ ਜੋ ਇਕ ਮਹਾਨ ਸੰਤ ਅਤੇ ਦੇਸ਼ ਭਗਤ ਹੋਏ ਹਨ, ਉਹ ਆਪਣੀ ਪੁਸਤਕ ਰੰਗਲੇ ਸੱਜਣ ਵਿਚ ਲਿਖਦੇ ਹਨ ਕਿ ਜਦੋਂ ਭਾਈ ਹੀਰਾ ਸਿੰਘ ਜੀ ਆਪਣੇ ਪਸ਼ੂਆਂ ਲਈ ਚਾਰਾ ਵੱਢ ਕੇ ਲਿਆਇਆ ਕਰਦੇ ਸਨ ਤਾਂ ਉਸ ਚਾਰੇ ਦਾ ਭਰ੍ਹਾ ਇੱਕ ਗਿੱਠ ਦੇ ਕਰੀਬ ਸੀਸ ਤੋਂ ਉਪਰ ਰਿਹਾ ਕਰਦਾ ਸੀ। ਸੀਸ ਨੂੰ ਨਹੀਂ ਛੋਹਿਆ ਕਰਦਾ ਸੀ। ਇਸੇ ਤਰ੍ਹਾਂ ਨਾਲ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੀਸ ਨਾਲ ਉਹ ਵਗਾਰ ਦੀ ਪੰਡ ਨਹੀਂ ਛੋਂਹਦੀ ਸੀ। ਗੁਰੂ ਮਹਾਰਾਜ ਜੀ ਆਪਣੀ ਮੌਜ ਵਿਚ ਆ ਕੇ ਭਾਈ ਮਰਦਾਨਾ ਜੀ ਨੂੰ ਕਹਿਣ ਲੱਗੇ ਕਿ ਮਰਦਾਨਿਆ! ਰਬਾਬ ਸੁਰ ਕਰ, ਬਾਣੀ ਆ ਰਹੀ ਹੈ। ਉਸ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਮੈਂ ਤਾਂ ਚਾਰ ਘੋੜੇ ਫੜੇ ਹੋਏ ਹਨ, ਮੁਗਲ ਪਿਛੇ-ਪਿਛੇ ਆ ਰਿਹਾ ਹੈ ਜੇ ਮੈਂ ਛੱਡ ਦਿਤੇ, ਉਹ ਮੈਨੂੰ ਮਾਰਨ ਨੂੰ ਦੌੜੇਗਾ। ਗੁਰੂ ਮਹਾਰਾਜ ਜੀ ਨੇ ਕਿਹਾ ਮਰਦਾਨਿਆ! ਆਪਾਂ ਪੰਡਾਂ ਚੁਕਣ ਤੇ ਘੋੜੇ ਫੜਨ ਲਈ ਨਹੀਂ ਆਏ ਹੋਏ, ਛੱਡ ਦੇਹ। ਘੋੜੇ ਛੱਡ ਦਿਤੇ, ਉਹ ਆਪੇ ਹੀ ਪਿਛੇ-ਪਿਛੇ ਤੁਰੀ ਗਏ। ਉਸੇ ਤਰ੍ਹਾਂ ਚਲਦੇ-ਚਲਦੇ ਆਪ ਕੈਦੀ ਕੈਂਪ ਵਿਚ ਪਹੁੰਚ ਜਾਂਦੇ ਹਨ। ਉਥੇ ਸਭ ਨੂੰ ਚੱਕੀਆਂ ਪੀਂਹਣ ਲਈ ਅਨਾਜ ਦੇ ਦਿਤਾ। ਭਾਈ ਮਰਦਾਨਾ ਜੀ ਰਬਾਬ ਵਜਾ ਰਹੇ ਹਨ ਅਤੇ ਗੁਰੂ ਮਹਾਰਾਜ ਜੀ ਕੀਰਤਨ ਕਰ ਰਹੇ ਹਨ। ਉਸ ਕੀਰਤਨ ਦਾ ਅਜਿਹਾ ਅਸਰ ਹੋਇਆ ਕਿ ਸਾਰੇ ਹੀ ਜਿਥੋਂ ਤਕ ਗੁਰੂ ਮਹਾਰਾਜ ਦੀ ਅਵਾਜ਼ ਪਹੁੰਚੀ, ਸੁਣਨ ਵਾਲੇ ਕਿਸੇ ਅਕਹਿ ਰਸ ਵਿਚ ਲੀਨ ਹੋ ਗਏ। ਨਾ ਕਿਸੇ ਦਾ ਹੱਥ ਚੱਕੀ ਦੇ ਹੱਥੇ ਨਾਲ ਰਿਹਾ, ਨਾ ਕਿਸੇ ਦੂਜੇ ਹੱਥ ਨਾਲ ਦਾਣੇ ਪਾਏ। ਸਭਨਾਂ ਦੀਆਂ ਚੱਕੀਆਂ ਆਪੇ ਚਲ ਰਹੀਆਂ ਹਨ ਅਤੇ ਆਟਾ ਹੇਠਾਂ ਬਰਤਨਾਂ ਵਿਚ ਗਿਰ ਰਿਹਾ ਹੈ। ਪਹਿਰੇਦਾਰ ਵੀ ਇਸੇ ਤਰ੍ਹਾਂ ਨਾਲ ਕਿਸੇ ਰਸ ਵਿਚ ਲੀਨ ਹੋ ਗਏ। ਇਕ ਪਹਿਰੇਦਾਰ ਨੇ ਜਾ ਕੇ ਬਾਬਰ ਨੂੰ ਖਬਰ ਦਿਤੀ। ਉਹ ਆਪ ਅੱਖੀਂ ਦੇਖਣ ਵਾਸਤੇ ਉਥੇ ਆਇਆ। ਗੁਰੂ ਨਾਨਕ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਹੇ ਫਕੀਰ ਸਾਂਈ! ਮੇਰੇ ਤੋਂ ਬੜੀ ਭੁੱਲ ਹੋਈ ਹੈ। ਆਪ ਨੂੰ ਨਾਲ ਲਿਜਾ ਕੇ ਬਹੁਤ ਆਦਰ ਵਾਲੇ ਥਾਂ ਬੈਠਾਇਆ, ਆਪ ਕੋਲ ਬੈਠਾ ਹੈ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਪੂਰਾ ਸ਼ਬਦ ਪੜ੍ਹਦਿਆਂ ਬਾਬਰ ਨੂੰ ਇਕ ਬਹੁਤ ਵੱਡਾ ਉਲਾਂਭਾ ਦਿਤਾ ਕਿ ਖੁਰਾਸਾਨ ਤੇ ਤਾਂ ਤੇਰਾ ਜ਼ੋਰ ਨਾ ਚਲਿਆ ਅਤੇ ਤੈਨੂੰ ਵਾਹਿਗੁਰੂ ਜੀ ਨੇ ਜਮ ਦਾ ਰੂਪ ਬਣਾ ਕੇ ਭਾਰਤ ਵਰਸ਼ ਉਤੇ ਚੜ੍ਹਾ ਦਿਤਾ। ਤੇਰੀਆਂ ਫੌਜਾਂ ਨੇ ਐਨੀ ਮਾਰ ਕੀਤੀ ਜੋ ਅਸਹਿ ਸੀ, ਤੂੰ ਮਨੁੱਖ ਹੈਂ, ਤੇਰੇ ਅੰਦਰ ਪ੍ਰਮੇਸ਼ਰ ਨੇ ਦਿਲ ਪਾਇਆ ਹੈ। ਕੀ ਤੇਰੇ ਅੰਦਰ ਦਰਦ ਨਹੀਂ ਆਇਆ, ਐਨੀ ਕੁਰਲਾਹਟ ਸੁਣ ਕੇ, ਐਨੀ ਹਾਏ ਦੁਹਾਈ ਸੁਣ ਕੇ ਤੂੰ ਬੋਲਾ ਹੀ ਰਿਹਾ? ਹੇ ਵਾਹਿਗੁਰੂ ਜੀ! ਤੂੰ ਤਾਂ ਸਾਰਿਆਂ ਦਾ ਹੈਂ। ਫਿਰ

ਬਾਬਰ ਨੂੰ ਕਿਹਾ ਕਿ ਜਦੋਂ ਤੁਹਾਡੀਆਂ ਫੌਜਾਂ ਮੈਦਾਨੇ ਜੰਗ ਵਿਚ ਲੜ ਰਹੀਆਂ ਸੀ, ਉਸ ਵੇਲੇ ਤੁਸੀਂ ਰਾਜੇ ਭਿੜ ਰਹੇ ਸੀ, ਤੁਸੀਂ ਦੋਵੇਂ ਸ਼ਕਤੀਸ਼ਾਲ ਸੀ, ਲੋਧੀਆਂ ਦੀਆਂ ਫੌਜਾਂ ਹਾਰ ਗਈਆਂ, ਉਸੇ ਵੇਲੇ ਤੂੰ ਇਸ ਦੇਸ਼ ਦਾ ਮਾਲਕ ਹੋ ਗਿਆ ਪਰ ਮਾਲਕ ਹੋ ਕੇ ਤੂੰ ਆਪਣੀਆਂ ਫੌਜਾਂ ਨੂੰ ਸ਼ਹਿਰ ਦੇ ਵਿਚ ਲੁੱਟ ਕਸੁੱਟ ਕਰਨ ਵਾਸਤੇ ਹੁਕਮ ਦੇ ਦਿਤਾ। ਤੂੰ ਯਾਦ ਰੱਖ ਕਿ ਇਸ ਸਾਰੇ ਵਿਨਾਸ਼ ਕਰਨ ਦਾ ਤੈਨੂੰ ਲੇਖਾ ਦੇਣਾ ਪਵੇਗਾ, ਦਰਗਾਹ ਵਿਚ ਪੁਛ ਹੋਵੇਗੀ। ਇਨ੍ਹਾਂ ਲੋਧੀ ਪਠਾਣਾਂ ਕੁੱਤਿਆਂ ਨੇ ਹੀਰੇ ਵਰਗੇ ਹਿੰਦੁਸਤਾਨ ਨੂੰ ਘੱਟੇ ਕੌਡੀ ਰੋਲ ਦਿਤਾ। ਕਿੰਨੀ ਵੱਡੀ ਫੌਜ ਇਨ੍ਹਾਂ ਦੇ ਪਾਸ ਸੀ। ਇਤਿਹਾਸ ਵਿਚ ਆਉਂਦਾ ਹੈ ਕਿ 80,000 ਫੌਜੀ ਸਿਪਾਹੀ ਰਾਜਪੂਤ ਸੈਨਾ ਦੇ ਰਾਣਾ ਸਾਂਗਾ ਦੇ ਸਨ ਅਤੇ ਲੋਧੀਆਂ ਦੀ ਫੌਜ ਇਸ ਤੋਂ ਵਖਰੀ ਸੀ ਪਰ ਇਹ ਬਾਬਰ ਦੇ ਸਿਪਾਹੀਆਂ ਦੇ ਅੱਗੇ ਅੜੇ ਨਾ। ਗੁਰੂ ਮਹਾਰਾਜ ਕਹਿੰਦੇ ਹਨ ਕਿ ਰਤਨਾਂ ਵਰਗਾ ਕੀਮਤੀ ਦੇਸ਼ ਇਹ ਖੁਹਾ ਬੈਠਾ, ਮਰਨ ਪਿਛੋਂ ਇਨ੍ਹਾਂ ਨੂੰ ਕਿਸੇ ਨੇ ਚੇਤੇ ਵੀ ਨਹੀਂ ਕਰਨਾ। ਬਾਬਰ! ਜੇ ਕੋਈ ਵੱਡਾ ਨਾਉਂ ਧਰਾ ਕੇ ਮਨਮਰਜ਼ੀਆਂ ਕਰਦਾ ਹੈ, ਵਾਹਿਗੁਰੂ ਜੀ ਦੀ ਨਜ਼ਰ ਵਿਚ ਇਕ ਕੀੜਾ ਹੈ ਵਿਸ਼ਟਾ ਦਾ। ਇਥੇ ਮਹਾਰਾਜ ਜੀ ਹਉਮੈ ਵਲ ਇਸ਼ਾਰਾ ਕਰਦੇ ਹੋਏ ਸਤਿ ਦਾ ਫੁਰਮਾਨ ਕਰਦੇ ਫੁਰਮਾਉਂਦੇ ਹਨ ਕਿ ਆਪਾ ਭਾਵ ਤੋਂ ਮਰ ਕੇ ਅਸਲ ਜੀਵਨ ਜਿਉਂਆ ਜਾਵੇ, ਤਾਂ ਦਰਗਹ ਪ੍ਰਵਾਨ ਹੋਈਦਾ ਹੈ। ਹੰਕਾਰੀ ਲਈ ਦਰਗਹ ਵਿਚ ਕੋਈ ਥਾਂ ਨਹੀਂ ਹੈ। ਪੂਰਾ ਸ਼ਬਦ ਇਸ ਤਰ੍ਹਾਂ ਹੈ –

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥*
*ਆਪੈ ਦੋਸੁ ਨ ਦੇਈ ਕਰਤਾ*
*ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕੁਰਲਾਣੇ*
*ਤੈਂ ਕੀ ਦਰਦੁ ਨ ਆਇਆ॥*
*ਕਰਤਾ ਤੂੰ ਸਭਨਾ ਕਾ ਸੋਈ॥*
*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥*
*ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।।*
*ਰਤਨ ਵਿਗਾੜਿ ਵਿਗੋਏ ਕੁਤੀ*
*ਮੁਇਆ ਸਾਰ ਨ ਕਾਈ॥*
*ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥*
*ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥*
*ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥*
*ਮਰਿ ਮਰਿ ਜੀਵੈ ਤਾ ਕਿਛੁ ਪਾਏ*
*ਨਾਨਕ ਨਾਮੁ ਵਖਾਣੇ॥* **ਅੰਗ – 360**

ਇਸ ਸ਼ਬਦ ਵਿਚ ਗੁਰੂ ਮਹਾਰਾਜ ਜੀ ਦੇ ਬਚਨਾਂ ਨੂੰ ਪੜ੍ਹ ਸੁਣ ਕੇ ਅਸਾਡੇ ਵਿਦਵਾਨ ਇਹ ਕਹਿਣ ਤੋਂ ਸੰਕੋਚ ਨਹੀਂ ਕਰਦੇ ਕਿ ਗੁਰੂ ਨਾਨਕ ਪਾਤਸ਼ਾਹ ਨੇ ਰੱਬ ਨੂੰ ਉਲਾਂਭਾ ਦਿਤਾ ਸੀ। ਪਰ ਜਦੋਂ ਅਸੀਂ ਇਤਿਹਾਸ ਨੂੰ ਬਹੁਤ ਗਹੁ ਨਾਲ ਵਿਚਾਰਦੇ ਹਾਂ ਉਸ ਵੇਲੇ ਪਤਾ ਲਗਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਆਪ ਪਹਿਲੀ ਵਾਰੀ ਏਮਨਾਬਾਦ ਭਾਈ ਲਾਲੋ ਪਾਸ ਆਏ ਉਸ ਵੇਲੇ ਆਪ ਜੀ ਨੇ –

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥*

**ਅੰਗ – 722**

ਦਾ ਸ਼ਬਦ 1569 ਵਿਚ ਉਚਾਰਨ ਕੀਤਾ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਜੋ ਭਵਿੱਖ ਵਿਚ ਆਉਣ ਵਾਲੀ ਘਟਨਾ ਦੇਖੀ ਸੀ ਉਸ ਦੇ ਮੁਤਾਬਿਕ ਆਪ ਨੇ ਫੁਰਮਾਨ ਕੀਤਾ –

*ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ।।* **ਅੰਗ – 723**

ਸੋ ਸਾਰਾ ਸ਼ਬਦ ਜੋ ਉਸ ਸਮੇਂ ਉਚਾਰਨ ਹੋਇਆ, ਉਹ ਭਵਿੱਖ ਵਾਕ ਹਨ ਜਿਵੇਂ ਕਿ –

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥*
*ਪਾਪ ਕੀ ਜੰਞ ਲੈ ਕਾਬਲਹੁ ਧਾਇਆ*
*ਜੋਰੀ ਮੰਗੈ ਦਾਨੁ ਵੇ ਲਾਲੋ॥*
*ਸਰਮੁ ਧਰਮੁ ਦੁਇ ਛਪਿ ਖਲੋਏ*
*ਕੂੜੁ ਫਿਰੈ ਪਰਧਾਨੁ ਵੇ ਲਾਲੋ॥*
*ਕਾਜੀਆ ਬਾਮਣਾ ਕੀ ਗਲ ਥਕੀ*
*ਅਗਦੁ ਪੜੈ ਸੈਤਾਨੁ ਵੇ ਲਾਲੋ॥*
*ਮੁਸਲਮਾਨੀਆ ਪੜਹਿ ਕਤੇਬਾ*
*ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥*
*ਜਾਤਿ ਸਨਾਤੀ ਹੋਰਿ ਹਿਦਵਾਣੀਆ*
*ਏਹਿ ਭੀ ਲੇਖੈ ਲਾਇ ਵੇ ਲਾਲੋ॥*
*ਖੂਨ ਕੇ ਸੋਹਿਲੇ ਗਾਵੀਅਹਿ ਨਾਨਕ*
*ਰਤੁ ਕਾ ਕੁੰਗੂ ਪਾਇ ਵੇ ਲਾਲੋ॥*
*ਸਾਹਿਬ ਕੇ ਗੁਣ ਨਾਨਕੁ ਗਾਵੈ*
*ਮਾਸ ਪੁਰੀ ਵਿਚਿ ਆਖੁ ਮਸੋਲਾ॥*
*ਜਿਨਿ ਉਪਾਈ ਰੰਗਿ ਰਵਾਈ*
*ਬੈਠਾ ਵੇਖੈ ਵਖਿ ਇਕੇਲਾ॥*
*ਸਚਾ ਸੋ ਸਾਹਿਬੁ ਸਚੁ ਤਪਾਵਸੁ*
*ਸਚੜਾ ਨਿਆਉ ਕਰੇਗੁ ਮਸੋਲਾ॥*
*ਕਾਇਆ ਕਪੜੁ ਟੁਕੁ ਟੁਕੁ ਹੋਸੀ*
*ਹਿਦੁਸਤਾਨੁ ਸਮਾਲਸੀ ਬੋਲਾ॥*
*ਆਵਨਿ ਅਠਤਰੈ ਜਾਨਿ ਸਤਾਨਵੈ*
*ਹੋਰੁ ਭੀ ਉਠਸੀ ਮਰਦ ਕਾ ਚੇਲਾ॥*
*ਸਚ ਕੀ ਬਾਣੀ ਨਾਨਕੁ ਆਖੈ*
*ਸਚੁ ਸੁਣਾਇਸੀ ਸਚ ਕੀ ਬੇਲਾ॥* **ਅੰਗ – 722**

ਜਦੋਂ ਇਸ ਸ਼ਬਦ ਨੂੰ ਗਹੁ ਨਾਲ ਪੜ੍ਹਦੇ ਹਾਂ ਤਾਂ ਇਹ ਭਵਿੱਖ ਵਾਕ ਮਾਲੂਮ ਹੁੰਦੇ ਹਨ ਕਿਉਂਕਿ ਇਸ 'ਟੁਕ-ਟੁਕ ਹੋਸੀ' 'ਸੰਭਾਲਸੀ' 'ਉਠਸੀ' ਸਭ ਕਿਰਿਆ ਭਵਿੱਖਤ ਦੀ ਹੋਣੀ ਦਸ ਰਹੀਆਂ ਹਨ। ਸੋ ਇਹ ਸ਼ਬਦ ਦਸਦਾ ਹੈ ਕਿ ਬਾਬਰ ਦੇ ਕਾਬਲ ਤੋਂ ਤੁਰਨ ਤੋਂ ਪਹਿਲਾਂ ਦੇ ਇਹ ਵਾਕ ਹਨ –

*ਹਿੰਦੁਸਤਾਨ ਕੋ ਬੋਲ ਜੋ ਆਨ ਸਮਾਲਹਿ ਸੋਇ।*
*ਪੰਦਰਹਿ ਸੈ ਪੁਨ ਅਠਤਰੇ ਆਵਨ ਤਿਨ ਕੋ ਹੋਇ॥*
*ਚੌਪਈ॥ ਸੱਤ੍ਰਾਂ ਸੈ ਸਤਾਨਵੇ ਮਾਂਹੀ।*
*ਸਫਾ ਦੂਰ ਤਿਨ ਕੀ ਹ੍ਵੈ ਜਾਹੀ।*
*ਦੋਸੈ ਬਹੁਰੋ ਬਰਖ ਉਨੀਸੰ।*
*ਕਰਹਿੰ ਰਾਜ ਹੋਵਹਿ ਅਵਨੀਸ਼ੰ॥ ੩੮॥*
*ਨਰ ਅਵਤਾਰ ਹਮਾਰਾ ਹੋਇ।*
*ਚੇਲਾ ਤਾਂਹਿ ਖਾਲਸਾ ਜੋਇ।*
*ਦਸ ਪਤਿਸ਼ਾਹੀ ਕਰਿਹੋਂ ਜਬਹੀ।*
*ਪੀਛੈ ਹੋਇ ਖਾਲਸਾ ਤਬਹੀ॥ ੩੯॥*
*ਸਨੈ ਸਨੈ ਸੋ ਲੇਵਹਿ ਛੀਨੰ।*
*ਤਬ ਤੁਰਕਨ ਹੋਵਹਿ ਬਲ ਹੀਨੰ।*
*ਕਰਹਿੰ ਪਰਸਪਰ ਮੇਲ ਜਿ ਸੋਊ।*
*ਬਧੈ ਰਾਜ ਦੁਸ਼ਟਨ ਘਰ ਖੋਊ॥ ੪੦॥*
*ਆਪਸ ਮਹਿੰ ਜੇ ਕਰਹਿੰ ਲਰਾਈ।*
*ਗਿਸ ਬਸਿ ਹੁਇ ਕੈ, ਸੋ ਦੁਖ ਪਾਈਂ।*
*ਨਾਨਕ ਬਾਨੀ ਸੱਚ ਵਖਾਨਹਿ।*
*ਪਰਗਟ ਹ੍ਵੈ ਨਰ ਤਬਹੀ ਜਾਨਹਿੰ॥ ੪੧॥*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਜਦੋਂ ਗੁਰੂ ਮਹਾਰਾਜ ਜੀ ਨੂੰ ਸਾਰੀ ਲੀਲਾ ਦਾ ਪਤਾ ਸੀ ਫੇਰ ਵਾਹਿਗੁਰੂ ਜੀ ਨੂੰ ਉਲਾਂਭਾ ਦੇਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰੂ ਮਹਾਰਾਜ ਜੀ ਆਪ ਅਕਾਲਪੁਰਖ ਪਰਮੇਸ਼ਰ ਦਾ ਰੂਪ ਸਨ, ਉਨ੍ਹਾਂ ਨੇ ਜੋ ਸਾਨੂੰ ਸਿਧਾਂਤ ਦਿਤਾ ਉਹ ਹੈ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*
*ਅੰਗ- 1*

ਗੁਰੂ ਨਾਨਕ ਦੇ ਸਿਧਾਂਤ ਵਿਚ ਉਨ੍ਹਾਂ ਦੇ ਅਨੁਆਈ ਹੁਕਮ ਨੂੰ ਪੂਰੀ ਤਰ੍ਹਾਂ ਮੰਨਦੇ ਹਨ, ਇਸਲਾਮ ਵਾਲੇ ਵੀ ਹੁਕਮ ਨੂੰ ਮੰਨਦੇ ਹਨ। ਸਾਡੇ ਵਿਦਵਾਨ ਜੋ ਇਹ ਅਰਥ ਕਰਦੇ ਹਨ ਕਿ ਰੱਬ ਨੂੰ ਉਲਾਂਭਾ ਦਿਤਾ ਚਾਹੇ ਮਿੱਠਾ ਦਿਤਾ, ਚਾਹੇ ਕੌੜਾ ਦਿਤਾ ਉਹ ਇਹ ਭੁੱਲ ਜਾਂਦੇ ਹਨ ਕਿ ਗੁਰੂ ਨਾਨਕ ਪਾਤਸ਼ਾਹ ਕੀ ਸੀ? ਇਸ ਤੋਂ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਉਸ ਕਤਲਾਮ ਨੂੰ ਦੇਖ ਕੇ ਹੁਕਮ ਦੀ ਕ੍ਰਿਆ 'ਚੋਂ ਹੁਕਮ ਦੇ ਮੰਡਲ ਤੋਂ, ਗੁਰੂ ਨਾਨਕ ਪਾਤਸ਼ਾਹ ਦੁਨਿਆਵੀ ਮੰਡਲ ਵਿਚ ਗੱਲ ਕਰਨ ਲੱਗੇ, ਇਹ ਕਦੇ ਵੀ ਨਹੀਂ ਹੋ ਸਕਦਾ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਜਿਨ੍ਹਾਂ ਨੇ ਹੁਕਮ ਨੂੰ ਪਛਾਣ ਲਿਆ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਦਰ ਸੁੱਝ ਜਾਂਦਾ ਹੈ।

*ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ।।॥*
*ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥*
*ਅੰਗ - 523*

*ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ॥*
*ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ॥*
*ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ॥ ਪੰਨਾ - 55*

*ਪਾਤਾਲ ਪੁਰੀਆ ਲੋਅ ਆਕਾਰਾ॥*
*ਤਿਸੁ ਵਿਚਿ ਵਰਤੈ ਹੁਕਮੁ ਕਰਾਰਾ॥*
*ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ॥*
*ਅੰਗ- 1060*

*ਜੋ ਕਿਛੁ ਵਰਤੈ ਸਭ ਤੇਰਾ ਭਾਣਾ॥*
*ਹੁਕਮੁ ਬੂਝੈ ਸੋ ਸਚਿ ਸਮਾਣਾ॥ ਅੰਗ - 193*

ਸੋ ਇਹ ਇਨ੍ਹਾਂ ਪੜ੍ਹੇ ਲਿਖਿਆਂ ਦਾ ਨਿਰਮੂਲ ਖਿਆਲ ਹੈ ਕਿਉਂਕਿ ਇਹ ਸੁਤੰਤਰ ਅਰਥ ਕਰਦੇ ਹਨ, ਪ੍ਰਸੰਗਕ ਅਰਥ ਨਹੀਂ ਕਰ ਰਹੇ। ਸੋ ਇਹ ਸਾਰਾ ਕੁਝ ਲਿਖਣ ਤੋਂ ਇਹ ਭਾਵ ਹੈ ਕਿ ਉਸ ਸਮੇਂ ਭਾਰਤ ਵਰਸ਼ ਵਿਚ ਹਮਲਾਵਰ ਪੱਛਮ ਦੇਸ਼ਾਂ ਤੋਂ ਆ ਕੇ ਇਥੇ ਦੀ ਜਨਤਾ ਭਾਵੇਂ ਇਸਲਾਮ ਵਾਲੇ ਹੋਣ, ਚਾਹੇ ਹਿੰਦੂ ਹੋਣ, ਉਨ੍ਹਾਂ ਸਾਰਿਆਂ ਦੇ ਉਤੇ ਅਕਹਿ ਜ਼ੁਲਮ ਕੀਤੇ ਜਾਂਦੇ ਸਨ ਪਰ ਇਸਲਾਮ ਧਾਰਨ ਕਰਨ ਵਾਲਿਆਂ ਦਾ ਤਾਂ ਫੇਰ ਵੀ ਕੁਝ ਬਚਾਓ ਹੋ ਜਾਂਦਾ ਸੀ ਪਰ ਇਥੇ ਦੀ ਹਿੰਦੂ ਵਸੋਂ ਉਪਰ ਬਹੁਤ ਹੀ ਜ਼ੁਲਮ ਹੁੰਦੇ ਸਨ।

ਇਸਲਾਮ ਵਿਚ ਤਤ੍ਵ ਨੂੰ ਪਛਾਨਣ ਵਾਲੇ ਸੂਫੀ ਪੀਰ ਸਾਰੀ ਸ੍ਰਿਸ਼ਟੀ ਨੂੰ ਪਿਆਰ ਕਰਦੇ ਸਨ ਅਤੇ ਤੱਤ ਗਿਆਨ ਦਾ ਉਪਦੇਸ਼ ਦਿੰਦੇ ਸਨ, ਭਾਵ ਉਹ ਜੋਹਦ (ਭਗਤੀ) ਬਹੁਤ ਕਰਦੇ ਸਨ, ਰਿਆਜ਼ਤ (ਯਾਤਰਾ) ਘੱਟ ਸੀ, ਕਿਉਂਕਿ ਇਸਲਾਮ ਵਿਚ ਪੀਰ ਪ੍ਰਸਤੀ ਉਪਰ ਬਹੁਤਾ ਜ਼ੋਰ ਨਹੀਂ ਦਿਤਾ ਗਿਆ, ਇਸ ਕਰਕੇ ਆਮ ਮੁਸਲਮਾਨ ਸ਼ਰਾ ਦੇ ਪਾਬੰਧ ਰਹਿੰਦੇ ਹੋਏ ਸ਼ਰੀਅਤ ਤੋਂ ਅੱਗੇ ਹਕੀਕਤ ਮਾਰਫਤ ਤਕ ਘੱਟ ਹੀ ਤਰੱਕੀ ਕਰਦੇ ਸਨ ਪਰ ਸੂਫੀ ਮਾਰਫਤ, ਹਕੀਕਤ 'ਚੋਂ ਹੁੰਦੇ ਹੋਏ ਸੱਤ ਵਾਦੀਆਂ, ਵਾਦੀ-ਏ-ਤਲਾਸ਼, ਵਾਦੀ-ਏ-ਇਸ਼ਕ, ਵਾਦੀ-ਏ-ਮਾਰਫਤ, ਵਾਦੀ-ਏ-ਮਹਿਵੀਅਤ, ਵਾਦੀ-ਏ-ਵਹਦੀਅਤਿ, ਵਾਦੀ-ਏ-ਨੂਰ ਪਾਰ ਕਰਕੇ ਵਾਦੀ-ਏ-ਫਨਾਹ ਫਿਨਾਹ ਫਿਲਾਹ ਤਕ ਪਹੁੰਚ ਕੇ ਰੱਬ ਦਾ ਰੂਪ ਹੋ ਜਾਇਆ ਕਰਦੇ ਸਨ, ਉਹ ਤਾਂ ਸੱਚ ਦਾ ਸੰਦੇਸ਼ਾ ਦਿੰਦੇ ਸਨ। ਮਜ਼੍ਹਬ ਦੀ ਤਬਲੀਗ (ਤਬਦੀਲੀ) ਜ਼ਬਰਦਸਤੀ ਨਹੀਂ ਸੀ ਕਰਦੇ ਪਰ ਇਸ ਦੇ ਵਿਪਰੀਤ ਖਲੀਫੇ ਦਾ ਇਹ ਫਰਜ਼ ਹੋਇਆ ਕਰਦਾ ਸੀ ਕਿ ਉਹ ਇਸਲਾਮ ਨੂੰ ਸਾਰੀ ਦੁਨੀਆਂ ਵਿਚ ਫੈਲਾਵੇ। ਜੋ ਇਸਲਾਮ ਨੂੰ ਨਹੀਂ ਸੀ ਮੰਨਦੇ ਉਨ੍ਹਾਂ ਨੂੰ ਕਾਫਰ ਕਿਹਾ ਜਾਂਦਾ ਸੀ। ਚਾਹੇ ਕੋਈ ਵੀ ਹੋਵੇ, ਜੋ ਮਨੁੱਖ ਮੁਹੰਮਦ ਸਾਹਿਬ ਜੀ ਉਪਰ ਅਕੀਦਾ ਨਹੀਂ ਲਿਆਉਂਦੇ, ਉਨ੍ਹਾਂ ਨੂੰ ਵਾਰ-ਏ-ਗਾਹ ਖੁਦਾ ਵਿਚ ਥਾਂ ਨਹੀਂ ਮਿਲਣਾ। ਇਸ ਕਰਕੇ ਉਹ ਸਾਰੀ ਦੁਨੀਆਂ ਨੂੰ ਸਦਾ ਹੀ ਇਸਲਾਮ ਵਿਚ ਲਿਆਉਣ ਲਈ ਤਤਪਰ ਰਹਿੰਦੇ ਸਨ। ਇਨ੍ਹਾਂ ਖਲੀਫਿਆਂ ਵਿਚੋਂ ਬਗਦਾਦ ਦੇ ਖਲੀਫੇ ਬਹੁਤ ਹੀ ਤਤਪਰ ਸਨ। ਉਹ ਇਸਲਾਮ ਦੇ ਵਿਰੁੱਧ, ਇਸਲਾਮ ਦੇ ਅਕੀਦੇ ਤੋਂ ਇਧਰ ਉਧਰ ਕੋਈ ਵੀ ਗੱਲ ਨਹੀਂ ਸੀ ਸਹਿਨ ਕਰਿਆ ਕਰਦੇ। ਜੇ ਕੋਈ ਇਸਲਾਮ ਦੀ ਮਨੌਤ ਤੋਂ ਉਚੀ ਅਵਸਥਾ ਦਾ ਜ਼ਿਕਰ ਕਰੇ, ਉਹ ਕਾਫਰ ਕਿਹਾ ਜਾਂਦਾ ਸੀ ਜਿਸ ਨੂੰ ਮਾਰ ਦੇਣਾ ਜਾਂ ਇਸਲਾਮ ਦੇ ਦਾਇਰੇ ਵਿਚ ਲੈ ਆਉਣਾ, ਮੁਲਾਂ, ਕਾਜ਼ੀਆਂ, ਉਲਮਾਵਾਂ ਦਾ ਪਰਮ ਮਨੋਰਥ ਅਤੇ ਰੂਹਾਨੀ ਫਰਜ਼ ਹੋਇਆ

ਕਰਦਾ ਸੀ ਜੋ ਉਸ ਰਾਜ ਸ਼ਕਤੀ ਰਾਹੀਂ ਜਾਂ ਮਜ਼ਹਬੀ ਜਨੂੰਨੀ ਸ਼ਕਤੀ ਰਾਹੀਂ ਪੂਰਾ ਕਰਾਇਆ ਕਰਦੇ ਸਨ।

ਗੁਰੂ ਨਾਨਕ ਪਾਤਸ਼ਾਹ ਜਦੋਂ ਬਗਦਾਦ ਵਿਚ ਪਹੁੰਚਦੇ ਹਨ ਤਾਂ ਉਥੇ ਆਪ ਨੇ ਵਾਹਿਗੁਰੂ ਜੀ ਦੀ ਬੇਅੰਤਤਾਈ ਨੂੰ ਪ੍ਰਗਟ ਕਰਦੇ ਹੋਏ ਫੁਰਮਾਇਆ –

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥*
*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥*
*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥*
*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥*

***ਅੰਗ– 5***

ਅਤੇ ਰਬਾਬ ਵਜਾ ਕੇ ਕੀਰਤਨ ਕਰਿਆ ਜੋ ਬਗਦਾਦ ਦੇ ਵਿਚ ਮਨ੍ਹਾ ਸੀ। ਹਿੰਦੀ ਸਮਝਣ ਵਾਲੇ ਕਿਸੇ ਮੁਰੀਦ ਨੇ ਜੋ ਸੁਣ ਕੇ ਸਮਝਿਆ ਸੀ, ਜਾ ਕੇ ਪੀਰ ਦਸਤਗੀਰ ਨੂੰ ਇਹ ਗੱਲ ਕਹੀ ਕਿ ਬਗਦਾਦ ਵਿਚ ਕੋਈ ਕਾਫਰ ਆ ਕੇ ਕੁਫਰ ਤੋਲ ਰਿਹਾ ਹੈ। ਉਹ ਨਦੀ ਕਿਨਾਰੇ ਸਰੋਦ ਭੀ ਵਜਾ ਰਿਹਾ ਹੈ ਅਤੇ ਪਾਤਾਲਾ-ਪਾਤਾਲ ਕਹਿ ਰਿਹਾ ਹੈ। ਪੀਰ ਇਕ ਦਮ ਕ੍ਰੋਧਿਤ ਹੋ ਗਿਆ। ਉਸ ਨੇ ਕਿਹਾ ਕਿ ਉਨ੍ਹਾਂ ਨੂੰ ਸੰਗਸਾਰ (ਪੱਥਰ ਮਾਰ ਕੇ ਮਾਰ ਦੇਣਾ) ਕਰ ਦਿਤਾ ਜਾਵੇ ਅਤੇ ਸਾਰੇ ਸ਼ਹਿਰ ਨੂੰ ਹੁਕਮ ਦੀ ਪਾਲਣਾ ਕਰਨ ਦਾ ਆਦੇਸ਼ ਦੇ ਦਿਤਾ।

ਗੁਰੂ ਨਾਨਕ ਪਾਤਸ਼ਾਹ ਪਾਸ ਜਾ ਕੇ ਉਹ ਇੱਟਾਂ ਵੱਟੇ ਨਾ ਮਾਰ ਸਕੇ, ਜੜ੍ਹ ਰੂਪ ਖੜ੍ਹੇ ਹੋ ਗਏ। ਅਖੀਰ ਪੀਰ ਨੇ ਜਦੋਂ ਹੋਸ਼ ਵਿਚ ਆ ਕੇ ਗੁਰੂ ਨਾਨਕ ਪਾਤਸ਼ਾਹ ਪਾਸ ਬੇਨਤੀ ਕੀਤੀ ਕਿ ਇਨ੍ਹਾਂ ਦੀ ਜੜ੍ਹਤਾ ਦੂਰ ਕਰੋ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਪੀਰ ਜੀ! ਤੁਹਾਨੂੰ ਇਤਰਾਜ਼ ਕਿਸ ਗੱਲ ਦਾ ਹੋਇਆ। ਮੈਂ ਤਾਂ ਤੁਹਾਡਾ ਕੋਈ ਕਸੂਰ ਨਹੀਂ ਕਰਿਆ। ਅੱਲਾਹ ਤਾਲਾ ਦੀ ਸਿਫਤ ਵਿਚ ਮੈਂ ਮਹੱਵ ਸੀ ਅਤੇ ਅਕਾਰਣ ਹੀ ਤੁਸੀਂ ਅਸਾਨੂੰ ਪੱਥਰ ਮਾਰ ਕੇ ਮਾਰਨ ਦਾ ਆਦੇਸ਼ ਦੇ ਦਿਤਾ। ਕੀ ਗੱਲ ਤੁਸੀਂ ਅੱਲਾਹ ਨੂੰ ਨਹੀਂ ਮੰਨਦੇ। ਉਸ ਦੀ ਵਡਿਆਈ ਵੀ ਸਹਿਨ ਨਹੀਂ ਕਰ ਸਕਦੇ। ਪੀਰ ਨੇ ਲੱਖਾਂ ਆਕਾਸ਼, ਲੱਖਾਂ ਪਾਤਾਲ ਦੀ ਗੱਲ ਕਰਕੇ ਕਿਹਾ ਕਿ ਸਾਡੇ ਅਕੀਦੇ ਵਿਚ ਸਿਰਫ ਸੱਤ ਪਾਤਾਲ ਸੱਤ ਅਕਾਸ਼ ਹਨ। ਗੁਰੂ ਮਹਾਰਾਜ ਜੀ ਨੇ ਕਿਹਾ ਪੀਰ ਜੀ! ਕਿਸੇ ਦੀ ਨਿਗ੍ਹਾ 200 ਗਜ਼, 400 ਗਜ਼ ਤਕ ਹੁੰਦੀ ਹੈ, ਕੋਈ ਮੀਲ ਡੇਢ ਮੀਲ ਤਕ ਦੇਖ ਸਕਦਾ ਹੈ, ਕਿਸੇ ਦੀ ਰੂਹਾਨੀ ਦ੍ਰਿਸ਼ਟੀ ਬੇਅੰਤ ਖੰਡ ਬ੍ਰਹਿਮੰਡ ਦੇਖ ਸਕਦੀ ਹੈ, ਕਿਸੇ ਦੀ ਸੱਤ ਹੀ ਦੇਖਦੀ ਹੈ ਇਸ ਵਿਚ ਕਿਸ ਗੱਲ ਦਾ ਰੌਲਾ? ਅੱਲਾਹ ਬੇਅੰਤ ਹੈ ਲਾ-ਮਹਿਦੂਦ (Infinity) ਹੈ। ਤੁਹਾਨੂੰ ਸੱਤ ਅਕਾਸ਼-ਪਾਤਾਲ ਦਿਸਦੇ ਹਨ ਅਸਾਨੂੰ ਅਸੰਖ ਨਦਰੀਂ ਪੈ ਰਹੇ ਹਨ। ਪੀਰ ਦਸਤਗੀਰ ਨੇ ਕਿਹਾ ਕਿ ਕੀ ਵਿਖਾ ਸਕਦੇ ਹੋ। ਗੁਰੂ ਮਹਾਰਾਜ ਜੀ ਨੇ ਪੀਰ ਨੂੰ ਕਿਹਾ, ਆਓ ਤੁਹਾਨੂੰ ਵਿਖਾਈਏ। ਪੀਰ ਬੁੱਢਾ ਸੀ ਆਪਣਾ ਲੜਕਾ ਬਹਿਲੋਲ ਸਾਥ ਲੈ ਜਾਣ ਲਈ ਕਿਹਾ। ਪੀਰ ਦੇ ਤਕਰਾਰ ਕਰਨ ਤੇ ਗੁਰੂ ਮਹਾਰਾਜ ਜੀ ਨੇ ਉਸ ਦੇ ਪੁਤਰ ਬਹਿਲੋਲ ਨੂੰ ਨਾਲ ਲਿਆ ਅਤੇ ਅੱਖ ਦੇ ਫੌਰ ਵਿਚ ਲੱਖਾਂ ਪਾਤਾਲ ਲੱਖਾਂ ਅਕਾਸ਼ ਦਿਖਾਏ ਹੀ ਨਹੀਂ ਸਗੋਂ ਇਕ ਕਚਕੌਲ ਵਿਚ ਹਰ ਥਾਂ ਤੋਂ ਪ੍ਰਸ਼ਾਦ ਲੈ ਕੇ ਜਦੋਂ ਫਿਰ ਦ੍ਰਿਸ਼ਟਮਾਨ ਹੋਏ ਤਾਂ ਉਸ ਦੇ ਬੇਟੇ ਨੇ ਕਿਹਾ ਕਿ ਅੱਬਾ ਜਾਨ! ਯਹ ਖੁਦਾਇ ਹੈ। ਭਾਈ ਗੁਰਦਾਸ ਜੀ ਲਿਖਦੇ ਹਨ–

*ਫਿਰਿ ਬਾਬਾ ਗਇਆ ਬਗ਼ਦਾਦ ਨੋ*
*ਬਾਹਰ ਜਾਇ ਕੀਆ ਅਸਥਾਨਾ।*
*ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।*
*ਦਿਤੀ ਬਾਂਗਿ ਨਿਵਾਜਿ ਕਰਿ*
*ਸੁੰਨਿ ਸਮਾਨਿ ਹੋਆ ਜਹਾਨਾ।*
*ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।*
*ਵੇਖੈ ਧਿਆਨੁ ਲਗਾਇ ਕਰਿ*
*ਇਕੁ ਫਕੀਰੁ ਵਡਾ ਮਸਤਾਨਾ।*
*ਪੁਛਿਆ ਫਿਰਿਕੈ ਦਸਤਗੀਰ*
*ਕਉਣ ਫਕੀਰੁ ਕਿਸ ਕਾ ਘਰਿਹਾਨਾ?*
*ਨਾਨਕ ਕਲਿ ਵਿਚਿ ਆਇਆ*
*ਰਬੁ ਫਕੀਰੁ ਇਕੋ ਪਹਿਚਾਨਾ।*
*ਧਰਤਿ ਆਕਾਸ ਚਹੁਦਿਸ ਜਾਨਾ॥*

***ਭਾਈ ਗੁਰਦਾਸ ਜੀ, ਵਾਰ 1/35***

*ਪੁਛੇ ਪੀਰ ਤਕਰਾਰ ਕਰਿ*
*ਏਹ ਫਕੀਰ ਵਡਾ ਅਤਾਈ।*
*ਏਥੇ ਵਿਚਿ ਬਗਦਾਦ ਦੇ*
*ਵਡੀ ਕਰਾਮਾਤਿ ਦਿਖਲਾਈ।*
*ਪਾਤਾਲਾ ਆਕਾਸ ਲਖ*
*ਓੜਕਿ ਭਾਲੀ ਖਬਰੁ ਸੁਣਾਈ।*
*ਫੇਰਿ ਦੁਰਾਇਣ ਦਸਤਗੀਰ*
*ਅਸੀ ਭਿ ਵੇਖਾ ਜੋ ਤੁਹਿ ਪਾਈ।*
*ਨਾਲਿ ਲੀਤਾ ਬੇਟਾ ਪੀਰ ਦਾ*
*ਅਖੀ ਮੀਟਿ ਗਇਆ ਹਾਵਾਈ।*
*ਲਖ ਆਕਾਸ ਪਤਾਲ ਲਖ*
*ਅਖਿ ਫੁਰੰਕ ਵਿਚਿ ਸਭਿ ਦਿਖਲਾਈ।*
*ਭਰਿ ਕਚਕੌਲ ਪ੍ਰਸਾਦਿ ਦਾ*
*ਧੁਰੋ ਪਤਾਲੋ ਲਈ ਕੜਾਹੀ।*
*ਜਾਹਰ ਕਲਾ ਨ ਛਪੈ ਛਪਾਈ॥*

***ਭਾਈ ਗੁਰਦਾਸ ਜੀ, ਵਾਰ 1/36***

*ਗੜ ਬਗਦਾਦੁ ਨਿਵਾਇਕੈ*
*ਮਕਾ ਮਦੀਨਾ ਸਭੇ ਨਿਵਾਇਆ।*
*ਸਿਧ ਚਉਰਾਸੀਹ ਮੰਡਲੀ*
*ਖਟਿ ਦਰਸਨਿ ਪਾਖੰਡਿ ਜਿਣਾਇਆ।*
*ਪਾਤਾਲ ਆਕਾਸ ਲਖ ਜੀਤੀ ਧਰਤੀ ਜਗਤੁ ਸਬਾਇਆ।*
*ਜੀਤੀ ਨਉਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।*
*ਦੇਵ ਦਾਨੋ ਰਾਕਸਿ ਦੈਤ ਸਭ*
*ਚਿਤਿ ਗੁਪਤਿ ਸਭ ਚਰਨੀ ਲਾਇਆ।*

*ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ*
*ਗਾਇਆ।*
*ਭਇਆ ਅਨੰਦ ਜਗਤੁ ਵਿਚਿ*
*ਕਲਿਤਾਰਨ ਗੁਰ ਨਾਨਕ ਆਇਆ।*
*ਹਿੰਦੂ ਮੁਸਲਮਾਨਿ ਨਿਵਾਇਆ॥*

***ਭਾਈ ਗੁਰਦਾਸ ਜੀ, ਵਾਰ 1/37***

ਉਪਰੋਕਤ ਲਿਖਣ ਤੋਂ ਭਾਵ ਇਹ ਦਸਣਾ ਹੈ ਕਿ ਖਲੀਫਾ ਇਸਲਾਮ ਦੇ ਪ੍ਰਚਾਰ ਦਾ ਜ਼ਿੰਮੇਵਾਰ ਹੋਇਆ ਕਰਦਾ ਸੀ। ਜਿਸ ਤਰ੍ਹਾਂ ਇਹ ਇਸਲਾਮ ਦੇ ਫੈਲਾਓ ਦਾ ਖਲੀਫੇ ਫਰਜ਼ ਪੂਰਾ ਕਰਿਆ ਕਰਦੇ ਸਨ, ਧਰਮ ਦੇ ਪਤਿਤ ਹੋਣ ਵਾਲੇ ਨੂੰ ਸਜ਼ਾ ਦੇਣੀ, ਕੁਫਰ ਨੂੰ ਖਤਮ ਕਰਨਾ ਅਤੇ ਗੈਰ ਮੁਸਲਮਾਨਾਂ ਨੂੰ ਆਪਣੀ ਥਾਂ ਬਹੁਤ ਨੀਵੇਂ ਤੇ ਰਖਣਾ, ਇਹ ਬਾਦਸ਼ਾਹਾਂ ਦਾ ਫਰਜ਼ ਹੋਇਆ ਕਰਦਾ ਸੀ। ਬਾਦਸ਼ਾਹਾਂ ਨੇ ਇਸਲਾਮ ਦੇ ਫੈਲਾਓ ਲਈ ਪ੍ਰਚਾਰ ਨਾਲੋਂ ਵਧੇਰੇ ਜ਼ੋਰ ਜ਼ਬਰ ਤੋਂ ਕੰਮ ਲਿਆ। ਗੈਰ ਮੁਸਲਮਾਂ ਨੂੰ ਆਪਣੇ ਜੀਊਣ ਲਈ ਜਜ਼ੀਏ ਦਾ ਅਸਹਿ ਟੈਕਸ ਦੇਣਾ ਪੈਂਦਾ ਸੀ, ਉਨ੍ਹਾਂ ਨੂੰ ਨੌਕਰੀਆਂ ਨਹੀਂ ਸੀ ਮਿਲਿਆ ਕਰਦੀਆਂ। ਖਲੀਫਾ ਹਜ਼ਰਤ ਉਮਰ 634-640 ਈ. ਵਿਚ ਹੋਇਆ ਹੈ। ਉਸ ਨੇ ਮਿਸਰ, ਸ਼ਾਮ, ਇਰਾਨ ਉਤੇ ਅਧਿਕਾਰ ਜਮ੍ਹਾ ਕੇ ਇਕ ਮਹਾਨ ਸਾਮਰਾਜ ਵਿਚ ਬਦਲ ਦਿਤਾ। ਉਸ ਵੇਲੇ ਉਤਰੀ ਭਾਰਤ ਵਿਚ ਬਹੁਤ ਹੀ ਸ਼ਕਤੀਸ਼ਾਲੀ ਸਮਰਾਟ ਹਰਸ਼ ਵਰਧਨ ਹੋਇਆ ਹੈ। ਹਰਸ਼ ਵਰਧਨ ਇਕ ਸਫਲ, ਪ੍ਰਭਾਵਸ਼ਾਲੀ ਅਤੇ ਯੋਗਸ਼ਾਲੀ ਯੋਧਾ ਸੀ। ਹਜ਼ਰਤ ਉਮਰ ਤੇ ਹਰਸ਼ ਵਰਧਨ ਵਿਚ ਬਹੁਤ ਵੱਡਾ ਅੰਤਰ ਸੀ। ਸਮਰਾਟ ਹਰਸ਼ ਵਰਧਨ ਵੇਲੇ ਉਤਰੀ ਭਾਰਤ ਵਿਚ ਕਿਸੇ ਦੀ ਹਿੰਮਤ ਨਾ ਪਈ ਕਿ ਆ ਕੇ ਪੈਰ ਜਮਾਵੇ। ਇਸ ਦੀ ਰਾਜਧਾਨੀ ਕਨੌਂਜ ਸੀ। ਚਾਲੀ ਵਰ੍ਹੇ ਬਹੁਤ ਯੋਗਤਾ ਨਾਲ ਰਾਜ ਕਰਨ ਉਪਰੰਤ 648 ਈ. ਵਿਚ ਹਰਸ਼ ਵਰਧਨ ਦੀ ਮੌਤ ਹੋ ਗਈ। ਭਾਰਤ ਵਿਚ ਹਨ੍ਹੇਰਾ ਪ੍ਰਤੀਤ ਦੇਣ ਲੱਗਿਆ। ਇਕ ਮਹਾਨ ਯੋਧਾ ਸੰਸਾਰ ਰੰਗ ਮੰਚ ਤੋਂ ਅਲੋਪ ਹੋ ਗਿਆ। ਇਕ ਬਹੁਤ ਹੀ ਵੱਡਾ ਸਾਮਰਾਜ ਛੋਟੇ-ਛੋਟੇ ਅਣਗਿਣਤ ਸੁਤੰਤਰ ਰਾਜਾਂ ਵਿਚ ਵੰਡ ਗਿਆ। 600 ਈ. ਤੋਂ 1000 ਈ. ਤਕ ਸਾਰਾ ਪੰਜਾਬ ਰਾਜਪੂਤਾਂ ਦੀਆਂ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਇਹ ਰਾਜੇ ਆਪਣਾ ਹਿਤ ਦੇਖਦੇ ਸਨ। ਇਨ੍ਹਾਂ ਨੂੰ ਭਾਰਤ ਨਾਲ ਕੋਈ ਬਹੁਤਾ ਸਨੇਹ ਨਹੀਂ ਸੀ ਅਤੇ ਇਕ ਦੂਜੇ ਤੋਂ ਵੱਧ ਹੋਣ ਲਈ ਪ੍ਰਸਪਰ ਈਰਖਾ ਅਤੇ ਫੁੱਟ ਦਾ ਸ਼ਿਕਾਰ ਸਨ। ਇਹ ਰਿਆਸਤਾਂ, ਦੇਸ਼ ਭਗਤੀ ਅਤੇ ਰਾਜਸੀ ਏਕਤਾ ਦੇ ਸਿਧਾਂਤਾਂ ਤੋਂ ਬਿਲਕੁਲ ਖਾਲੀ ਸਨ। ਇਹ 400 ਸਾਲ ਦਾ ਸਮਾਂ ਭਾਰਤ ਦੀ ਕਿਸਮਤ ਲਈ ਇਕ ਗੰਭੀਰ ਸਮਾਂ ਸੀ। ਇਸ ਦੀ ਰਾਸ਼ਟਰੀ ਭਾਵਨਾ ਘਟ ਗਈ ਸੀ। ਟੁੱਕੜੇ-ਟੁਕੜੇ ਹੋਏ ਭਾਰਤ ਨੂੰ ਸੰਕਟ ਵਿਚ ਪੁਆ ਦੇਣ ਦੀ ਨੀਤੀ ਇਨ੍ਹਾਂ ਛੋਟੇ-ਛੋਟੇ ਰਾਜਿਆਂ ਦੀ ਮਹਾਨ ਭੁੱਲ ਦੇ ਕਾਰਨ ਵਜੋਂ ਹੋਈ ਸੀ। 711 ਤੋਂ 714 ਤਕ ਇਕ ਅਰਬੀ ਜਰਨੈਲ ਮਹੁੰਮਦ ਬਿਨ ਕਾਸਮ ਥੋੜ੍ਹੀ ਜਿਹੀ ਫੌਜ ਨਾਲ ਸਿੰਧ ਅਤੇ ਮੁਲਤਾਨ ਉਤੇ ਅਧਿਕਾਰ ਜਮਾਂ ਬੈਠਾ। ਉਹ ਕਸ਼ਮੀਰ ਨੂੰ ਆਪਣੇ ਹੇਠਾਂ ਲਿਆਉਣਾ ਚਾਹੁੰਦਾ ਸੀ। ਉਸ ਵੇਲੇ ਕਸ਼ਮੀਰ ਨੂੰ ਪੰਜ ਮਾਹੀਅਤ ਕਿਹਾ ਜਾਂਦਾ ਸੀ। ਇਸੇ ਤਰ੍ਹਾਂ ਇਕ ਹੋਰ ਖੁਰਾਸਾਨ ਦਾ ਗਵਰਨਰ ਅਰਬੀ ਜਰਨੈਲ ਕੁਤੈਬਾ ਕਾਬਲ ਦੇ ਨੇੜੇ ਤੇੜੇ ਅਰਬਾਂ ਦਾ ਰਾਜ ਸਥਾਪਿਤ ਕਰ ਰਿਹਾ ਸੀ। ਪੰਜਾਬ ਦੀ ਉਤਰੀ ਸਰਹੱਦ ਵਿਚ ਇਕ ਸ਼ਕਤੀਸ਼ਾਲੀ ਰਾਜ ਕਸ਼ਮੀਰ ਦਾ ਸੀ ਉਸ ਉਪਰ ਕਾਰਕੋਟ, ਉਤਪਲ ਰਾਜ ਘਰਾਣਿਆਂ ਨੇ ਰਾਜ ਕੀਤਾ। ਇਨ੍ਹਾਂ ਨੇ ਸਤਵੀਂ ਸਦੀ ਤੋਂ ਗਿਆਰ੍ਹਵੀਂ ਸਦੀ ਤਕ ਪੰਜਾਬ ਦੇ ਇਤਿਹਾਸ ਉਪਰ ਬਹੁਤ ਗਹਿਰਾ ਪ੍ਰਭਾਵ ਪਾਇਆ।

ਇਸ ਸਮੇਂ ਵਿਚ ਕਨੌਂਜ ਦਾ ਰਾਜਾ ਭੋਜ ਮਜ਼ਬੂਤੀ ਨਾਲ ਰਾਜ ਕਰ ਰਿਹਾ ਸੀ। ਰਾਜਾ ਭੋਜ ਦਾ ਉਤਰ ਅਧਿਕਾਰੀ ਮਹਿੰਦਰਪਾਲ ਵੀ ਮਜ਼ਬੂਤ ਰਾਜਾ ਸਿੱਧ ਹੋਇਆ। ਜਲੰਧਰ ਦੇ ਚੌਹਾਨ ਰਾਜ ਵਿਚ ਰਾਜਪੂਤਾਂ ਦਾ ਰਾਜ ਸੀ। ਲਾਹੌਰ ਦੇ ਚੌਹਾਨ ਰਾਜੇ ਗੱਖੜਾਂ ਤੋਂ ਭੈਭੀਤ ਰਹਿੰਦੇ ਸਨ। ਉਸ ਵੇਲੇ ਪੰਜਾਬ ਵਿਚ ਇਕ ਮਜ਼ਬੂਤ ਰਾਜਾ ਜੈ ਪਾਲ ਰੰਗਮੰਚ ਤੇ ਆਇਆ, ਉਸ ਦਾ ਰਾਜ ਸਰਹੰਦ ਤੋਂ ਲੈ ਕੇ ਮੁਲਤਾਨ ਕਸ਼ਮੀਰ ਤਕ ਸ਼ਕਤੀਸ਼ਾਲੀ ਰਾਜ ਸੀ। ਉਸ ਦੇ ਮੁਕਾਬਲੇ ਉਪਰ ਉਸ ਵੇਲੇ ਸੁਬਕਤਦੀਨ ਗਜ਼ਨੀ ਅੰਦਰ ਜਿਥੇ ਖਾਨਦਾਨ ਗੁਲਾਮਾਂ ਦਾ ਰਾਜ ਸੀ, ਇਕ ਸ਼ਕਤੀਸ਼ਾਲੀ ਬਾਦਸ਼ਾਹ ਹੋਇਆ ਹੈ। ਜੈਪਾਲ ਦੇ ਗਜ਼ਨਵੀ ਰਾਜਿਆਂ ਦੇ ਨਾਲ ਬਹੁਤ ਕਰੜੇ ਘੋਲ ਹੋਏ। ਉਸ ਵੇਲੇ ਉਤਰੀ ਭਾਰਤ ਵਿਚ ਬਹੁਤ ਛੋਟੇ-ਛੋਟੇ ਰਾਜੇ ਸਨ ਜਿਸ ਸਮੇਂ ਮਹਿਮੂਦ ਬਹੁਤ ਵੱਡੀ ਫੌਜ ਲੈ ਕੇ ਭਾਰਤ ਉਪਰ ਹਮਲਾਵਰ ਹੋਇਆ ਤਾਂ ਰਾਜਾ ਜੈਪਾਲ ਨੇ ਰਾਜਪੂਤ ਰਾਜੇ ਇਕੱਠੇ ਕਰਕੇ ਉਸਦਾ ਮੁਕਾਬਲਾ ਕੀਤਾ। ਮਹਿਮੂਦ 22,000 ਅਸਵਾਰ ਮਰਵਾਉਣ ਪਿਛੋਂ ਵਾਪਸ ਚਲਿਆ ਗਿਆ।

ਸੁਬਕਤਦੀਨ ਅਤੇ ਗੌਰੀ ਬਾਦਸ਼ਾਹਾਂ ਨਾਲ ਕੇਵਲ ਜੈਪਾਲ ਲੜਦਾ ਰਿਹਾ, ਹੋਰ ਰਾਜਾ ਕੋਈ ਵੀ ਉਸ ਦੀ ਮਦਦ ਲਈ ਨਹੀਂ ਆਇਆ ਕਿਉਂਕਿ ਭਾਰਤ ਵਰਸ਼ ਦੇ ਰਾਜੇ ਇਕ ਦੂਜੇ ਨਾਲ ਬਹੁਤ ਹੀ ਈਰਖਾ ਰਖਦੇ ਸਨ। ਇਸ ਫੁੱਟ ਨੇ ਹਿੰਦੁਸਤਾਨ ਨੂੰ ਤੁਰਕਸਤਾਨ ਤਾਂ ਬਣਾ ਦੇਣਾ ਸੀ ਪਰ ਤੁਰਕ ਬਾਦਸ਼ਾਹਾਂ ਦੇ ਸੂਬੇ ਹੀ ਉਨ੍ਹਾਂ ਨੂੰ ਬਿਪਤਾ ਪਾਈ ਰਖਦੇ ਸਨ, ਇਕ ਦੋ ਹਮੇਸ਼ਾ ਹੀ ਵਿਗੜੇ ਰਹਿੰਦੇ ਸਨ। ਜਿਸ ਦਾ ਫਲ ਇਹ ਹੋਇਆ ਕਿ ਭਾਰਤ ਦਾ ਵੱਡਾ ਹਿੱਸਾ ਹਿੰਦੂ ਬਣਿਆ ਰਿਹਾ।

ਪੰਜਾਬ ਦੀ ਸੁਤੰਤਰਤਾ ਨੂੰ ਕਾਇਮ ਰੱਖਣ ਲਈ ਹਿੰਦੂ ਰਾਜਿਆਂ ਨੇ ਗਜ਼ਨਵੀ ਤੁਰਕਾਂ ਨਾਲ 910-1026 ਈ. ਤਕ ਬਹੁਤ ਕਰੜਾ ਘੋਲ ਲੜਿਆ। ਇਸ ਘੋਲ ਦਾ ਆਰੰਭ ਅਲਪਤਗੀਨ ਦੇ ਗਜ਼ਨੀ ਉਤੇ ਅਧਿਕਾਰ ਸਮੇਂ ਹੋਇਆ। ਅਲਪਤਗੀਨ ਨੇ ਗਜ਼ਨੀ ਉਤੇ ਅਧਿਕਾਰ ਪਿਛੋਂ ਹਿੰਦੂ ਰਾਜਿਆਂ ਨਾਲ ਲੜਾਈ ਲੜੀ। ਕਾਬਲ ਵਿਚ ਹਿੰਦੂ ਰਾਜਿਆਂ ਦਾ ਅਧਿਕਾਰ ਸੀ। ਕਾਬਲ ਦੀ ਲੜਾਈ ਹਿੰਦੂ ਰਾਜਿਆਂ ਦੀ ਅਲਪਤਗੀਨ ਨਾਲ ਪਹਿਲੀ ਟੱਕਰ ਸੀ।

ਹਿੰਦੂ ਰਾਜਿਆਂ ਨੇ ਗਜ਼ਨੀ ਨੂੰ ਫੇਰ ਜਿਤ ਲਿਆ ਸੀ। ਉਸ ਸਮੇਂ ਪੰਜਾਬ ਦੇ ਵਿਚ ਜੈਪਾਲ 965-1001 ਈ. ਤਕ ਰਿਹਾ ਜਿਥੇ ਉਸ ਨੂੰ ਪੱਛਮ ਵਲੋਂ ਤੁਰਕ ਰਾਜਿਆਂ ਦਾ ਡਰ ਸੀ।

ਉਥੇ ਕਨੌਜ ਦੇ ਰਾਜਿਆਂ ਵਲੋਂ ਵੀ ਉਸ ਨੂੰ ਸਦਾ ਹੀ ਚੌਕੰਨੇ ਰਹਿਣਾ ਪੈਂਦਾ ਸੀ। ਕਾਬਲ ਜੈਪਾਲ ਦੇ ਰਾਜ ਵਿਚ ਸ਼ਾਮਲ ਸੀ। ਜੈਪਾਲ ਨੇ ਬਹੁਤ ਸਫਲ ਤਰੀਕਿਆਂ ਨਾਲ ਹਮਲਾਵਰਾਂ ਤੋਂ ਭਾਰਤ ਦੀ ਰਾਖੀ ਕੀਤੀ ਪਰ ਬਾਰ-ਬਾਰ ਹਮਲਿਆਂ ਨੇ ਜੈਪਾਲ ਨੂੰ ਪਿਛੇ ਹਟਣ ਲਈ ਮਜ਼ਬੂਰ ਕਰ ਦਿਤਾ।

ਮਹਿਮੂਦ ਉਸ ਸਮੇਂ ਦੇ ਫੌਜੀ ਕਰਤਵਾਂ ਵਿਚ ਪੂਰੀ ਤਰ੍ਹਾਂ ਮਜ਼ਬੂਤ ਸੀ। ਉਹ 15 ਵਰ੍ਹਿਆਂ ਦਾ ਸੀ ਜਦੋਂ 986-87 ਈ. ਵਿਚ ਜੈਪਾਲ ਨਾਲ ਲੜਿਆ। ਜੈਪਾਲ ਭਾਵੇਂ ਬਿਰਧ ਹੋ ਚੁਕਿਆ ਸੀ ਪਰ ਉਸਦਾ ਹੌਸਲਾ ਉਸੇ ਤਰ੍ਹਾਂ ਕਾਇਮ ਸੀ। ਜੈਪਾਲ ਦਾ ਪੁੱਤਰ ਅਨੰਦਪਾਲ ਵੀ ਇਸੇ ਤਰ੍ਹਾਂ ਯੁੱਧ ਜੰਗਾਂ ਵਿਚ ਉਤਰੀ ਸਰਹੱਦ ਦੀ ਰਾਖੀ ਕਰਦਾ ਰਿਹਾ।

1002 ਤੋਂ 1012 ਤਕ ਜੈਪਾਲ ਦਾ ਪੁਤਰ ਅਨੰਦਪਾਲ ਪੂਰੀ ਤਰ੍ਹਾਂ ਨਾਲ ਪੰਜਾਬ ਦੀ ਰਾਖੀ ਕਰਦਾ ਰਿਹਾ। ਉਸ ਵੇਲੇ ਬਠਿੰਡੇ ਵਿਚ ਇਕ ਮਜ਼ਬੂਤ ਰਾਜਾ ਜਿਸ ਦਾ ਨਾਮ ਬਿਜੀਰਾਏ ਸੀ ਉਹ ਰਾਜ ਕਰਦਾ ਸੀ। ਉਹ ਮਹਿਮੂਦ ਤੋਂ ਹਾਰ ਗਿਆ ਅਤੇ ਉਸ ਨੇ ਆਤਮ ਹੱਤਿਆ ਕਰ ਲਈ। ਇਸ ਵਿਚ ਅਨੰਦਪਾਲ ਦਾ ਕਸੂਰ ਸੀ ਕਿ ਉਸ ਨੇ ਬਿਜੀਰਾਏ ਦੇ ਨਾਲ ਹੋ ਕੇ ਸਾਂਝਾ ਮੁਕਾਬਲਾ ਨਾ ਕੀਤਾ। ਮਹਿਮੂਦ ਦੇ ਨਾਲ ਅਨੰਦਪਾਲ ਪੇਸ਼ਾਵਰ ਵਿਚ ਜਾ ਕੇ ਲੜਿਆ, ਉਹ ਲੜਾਈ ਜਿੱਤ ਹੀ ਰਿਹਾ ਸੀ ਪਰ ਉਸ ਦੇ ਹਾਥੀ ਦੇ ਗੋਲਾ ਲੱਗਿਆ ਅਤੇ ਉਹ ਘੋੜੇ ਉਪਰ ਸਵਾਰ ਹੋ ਗਿਆ। ਫੌਜ ਨੇ ਉਸ ਨੂੰ ਮਰਿਆ ਸਮਝ ਕੇ ਜਿੱਤੀ ਹੋਈ ਲੜਾਈ ਵਿਚੋਂ ਭਜਣਾ ਸ਼ੁਰੂ ਕਰ ਦਿਤਾ। ਇਸ ਲੜਾਈ ਵਿਚ 30,000 ਖੋਖਰ (ਗੱਖੜ) ਅਨੰਦਪਾਲ ਨਾਲ ਰਲੇ ਹੋਏ ਸਨ ਪਰ ਹਾਥੀ ਦੇ ਜ਼ਖਮੀ ਹੋਣ ਕਾਰਨ ਜਿੱਤੀ ਲੜਾਈ ਹਾਰ ਗਏ। ਮਹਿਮੂਦ ਦੇ 5000 ਸਿਪਾਹੀ ਥੋੜ੍ਹੇ ਜਿਹੇ ਸਮੇਂ ਵਿਚ ਹੀ ਮਾਰ ਦਿਤੇ ਗਏ ਸਨ। ਹਾਰੀ ਹੋਈ ਫੌਜ ਵਾਹੋ ਦਾਹ ਜਿਧਰ ਨੂੰ ਮੂੰਹ ਹੋਇਆ ਉਧਰ ਨੂੰ ਭੱਜ ਗਈ। ਇਸ ਤਰ੍ਹਾਂ ਮਹਿਮੂਦ ਨੂੰ ਭਾਰਤ ਉਤੇ ਹਮਲੇ ਕਰਨ ਦਾ ਰਸਤਾ ਖੁਲ੍ਹ ਗਿਆ।

ਮਹਿਮੂਦ ਨੇ ਥਨੇਸਰ ਉਤੇ ਹਮਲਾ ਕੀਤਾ। ਅਨੰਦਪਾਲ ਉਸ ਨੂੰ ਰੋਕਣ ਵਿਚ ਸਫਲ ਨਾ ਹੋਇਆ। ਮਹਿਮੂਦ ਨੂੰ ਮੰਦਰਾਂ ਵਿਚੋਂ ਬਹੁਤ ਧਨ ਹਾਸਲ ਹੋਇਆ, ਇਕ ਮੰਦਰ ਵਿਚੋਂ ਹੋਰ ਚੀਜ਼ਾਂ ਤੋਂ ਇਲਾਵਾ 70,000 ਮਣ ਸੋਨਾ ਪ੍ਰਾਪਤ ਹੋਇਆ। ਹੀਰੇ ਜਵਾਹਰਾਤਾਂ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ। ਇਸ ਲਈ ਉਸ ਨੇ ਮਸ਼ਹੂਰ ਮੰਦਰ ਤੋੜਨੇ ਸ਼ੁਰੂ ਕਰ ਦਿਤੇ। ਅਨੰਦਪਾਲ ਦੀ ਮੌਤ ਪਿਛੋਂ ਤ੍ਰਿਲੋਚਨਪਾਲ ਅਤੇ ਉਸ ਦਾ ਪੋਤਰਾ ਭੀਮਪਾਲ ਭਾਰਤ ਦੀ ਰਾਖੀ ਕਰਨ ਲੱਗੇ। ਮਹਿਮੂਦ ਨੇ 1013 ਵਿਚ ਅਚਾਨਕ ਤ੍ਰਿਲੋਚਨਪਾਲ ਉਪਰ ਹਮਲਾ ਕਰ ਦਿਤਾ ਉਹ ਪੂਰੀ ਤਰ੍ਹਾਂ ਉਸ ਸਮੇਂ ਯੁੱਧ ਲਈ ਤਿਆਰ ਨਹੀਂ ਸੀ। ਇਸ ਲਈ ਉਸ ਦੀ ਹਾਰ ਹੋ ਗਈ। ਕੁਝ ਗਲਤੀਆਂ ਦੇ ਕਾਰਨ ਤ੍ਰਿਲੋਚਨਪਾਲ ਨੂੰ ਆਪਣੀ ਰਾਜਧਾਨੀ ਸਰਹੰਦ ਕਾਇਮ ਕਰਨੀ ਪਈ, ਉਸ ਵੇਲੇ ਹਿੰਦੂ ਰਾਜੇ ਆਪਸ ਵਿਚ ਝਗੜ ਰਹੇ ਸੀ। ਮਹਿਮੂਦ ਨੂੰ ਮੌਕਾ ਮਿਲ ਗਿਆ ਕਿਉਂਕਿ ਤ੍ਰਿਲੋਚਨਪਾਲ ਚਾਂਦ ਰਾਏ ਨਾਲ ਯੁੱਧ ਕਰ ਰਿਹਾ ਸੀ। ਉਹ ਮਾਰੋ ਮਾਰ ਕਰਦਾ ਕਨੌਜ ਤਕ ਚਲਿਆ ਗਿਆ। 1018 ਵਿਚ ਉਸ ਨੇ ਜਮਨਾ ਨੂੰ ਪਾਰ ਕੀਤਾ, ਯੂ.ਪੀ. ਦੇ ਵਰਨ ਸ਼ਹਿਰ ਨੂੰ ਲੁਟਿਆ। ਉਸ ਥਾਂ ਦਾ ਰਾਜਾ ਹਰਦੱਤ 10,000 ਸਾਥੀਆਂ ਸਮੇਤ ਇਸਲਾਮ ਕਬੂਲ ਕਰਕੇ ਬਚਿਆ।

ਉਸ ਸਮੇਂ ਇਕ ਹੋਰ ਰਾਜਾ ਜਿਸ ਦਾ ਨਾਮ ਕੁਲ ਚੰਦ ਸੀ ਉਸ ਨੂੰ ਹਾਰ ਹੋਈ। ਉਸ ਨੇ ਆਪਣੀ ਇਜ਼ਤ ਬਚਾਉਣ ਲਈ ਆਪਣੀ ਰਾਣੀ ਦਾ ਕਤਲ ਕਰ ਲਿਆ ਅਤੇ ਪਿਛੋਂ ਆਪ ਆਤਮ ਹੱਤਿਆ ਕਰ ਲਈ। ਮਹਿਮੂਦ ਨੂੰ ਰਸਤਾ ਖੁਲ੍ਹ ਗਿਆ ਅਤੇ ਉਸ ਨੇ ਮਥੁਰਾ ਵਿਚ ਬਣੇ ਆਲੀਸ਼ਾਨ ਮੰਦਰ ਢਾਹ ਢੇਰੀ ਕਰ ਦਿਤੇ। ਕਨੌਜ ਦਾ ਰਾਜਾ ਲੜੇ ਬਿਨਾਂ ਹੀ ਨੱਠ ਗਿਆ। ਤ੍ਰਿਲੋਚਨਪਾਲ ਦੀ 1021-22 ਵਿਚ ਮੌਤ ਹੋ ਗਈ, ਪੰਜਾਬ ਉਤੇ ਗਜ਼ਨਵੀਆਂ ਦਾ ਅਧਿਕਾਰ ਹੋ ਗਿਆ। ਮਹਿਮੂਦ ਨੇ ਇਕ-ਇਕ ਕਰਕੇ ਭਾਰਤੀ ਰਾਜਿਆਂ ਨੂੰ ਹਾਰ ਦਿਤੀ। ਸੋਮਨਾਥ ਦੇ ਮੰਦਰ ਨੂੰ 1025-26 ਵਿਚ ਲੁੱਟਿਆ। ਇਸ ਸਮੇਂ ਵਿਚ ਪੱਛਮ ਵਲੋਂ ਇਕ ਤੋਂ ਬਾਦ ਦੂਜਾ ਲੁਟੇਰਾ ਭਾਰਤ ਉਤੇ ਹਮਲੇ ਕਰਦਾ ਰਿਹਾ ਅਤੇ ਇਥੇ ਰਾਜਪੂਤ ਤੇ ਹਿੰਦੂ ਰਾਜੇ ਇੰਨੇ ਕਮਜ਼ੋਰ ਹੋ ਗਏ ਸਨ ਕਿ ਬਹੁਤਿਆਂ ਨੇ ਡਰ ਕੇ ਇਸਲਾਮ ਕਬੂਲ ਕਰ ਲਿਆ। ਆਪਣੀਆਂ ਲੜਕੀਆਂ ਦੇ ਡੋਲੇ ਇਨ੍ਹਾਂ ਹਮਲਾਵਰਾਂ ਨੂੰ ਦੇ ਦਿਤੇ।

ਪ੍ਰਿਥਵੀ ਰਾਜ ਤੇ ਜੈਚੰਦ ਦੀ ਫੁੱਟ ਨੇ ਰਹਿੰਦੀ ਖੂੰਹਦੀ ਕਸਰ ਕੱਢ ਦਿਤੀ। ਰਾਜਪੂਤਾਂ ਨੇ ਸਿਰ ਤਲੀ ਤੇ ਰੱਖ ਕੇ ਯੁੱਧ ਕੀਤੇ ਪਰ ਆਪਸ ਵਿਚ ਇਕੱਠੇ ਨਾ ਹੋਣ ਕਰਕੇ ਹਾਰ ਦਾ ਮੂੰਹ ਦੇਖਦੇ ਰਹੇ। ਗੁਰੂ ਨਾਨਕ ਪਾਤਸ਼ਾਹ ਦੇ ਪ੍ਰਗਟ ਹੋਣ ਤੋਂ ਪਹਿਲਾਂ ਭਾਰਤ ਵਿਚ ਪੂਰੀ ਤਰ੍ਹਾਂ ਨਾਲ ਇਸਲਾਮ ਦੇ ਅਨੇਕਾਂ ਰਾਜੇ ਰਾਜ ਕਰ ਰਹੇ ਸਨ। ਉਸ ਵੇਲੇ ਲੋਧੀਆਂ ਦਾ ਰਾਜ ਸੀ। ਭਾਰਤ ਵਰਸ਼ ਵਿਚ ਬਹੁਤ ਮਜ਼ਬੂਤ ਰਾਜੇ ਹੋ ਚੁਕੇ ਹਨ ਜਿਵੇਂ ਬਿਕਰਮਾਜੀਤ ਨੇ ਤਾਤਾਰੀ ਲੋਕਾਂ ਨੂੰ ਭਾਰਤ ਵਿਚੋਂ ਬਾਹਰ ਕੱਢਿਆ। ਇਸੇ ਤਰ੍ਹਾਂ ਨਾਲ ਸ੍ਵਾਂਹੰਗ ਬਹੁਤ ਮਜ਼ਬੂਤ ਰਾਜਾ ਸੀ। ਇਸਲਾਮੀ ਰਾਜਿਆਂ ਨੇ ਦੋ ਕੰਮ ਬਹੁਤ ਸਖਤੀ ਨਾਲ ਕੀਤੇ। ਇਕ ਤਾਂ ਇਥੇ ਭਾਰਤ ਵਰਸ਼ ਵਿਚ ਹਿੰਦੂਆਂ ਦੇ ਮੰਦਰ ਤੋੜੇ, ਦੂਸਰਾ ਹਜ਼ਾਰਾਂ ਦੇਸ਼ ਵਾਸੀਆਂ ਨੂੰ ਕਾਫਰ ਕਹਿ ਕੇ ਕਤਲ ਕੀਤਾ। 1283 ਵਿਚ ਕੁਤਬਦੀਨ ਐਬਕ ਨੇ ਮੇਰਠ ਸ਼ਹਿਰ ਜਿਤਿਆ ਤਾਂ ਇਸ ਖੁਸ਼ੀ ਵਿਚ 700 ਮੰਦਰ ਤੋੜ ਕੇ ਮਸਜਿਦਾਂ ਬਣਾਈਆਂ। ਮੇਰਠ ਦਾ ਰਾਜਾ ਬੰਸ ਪਾਲ ਤਾਂ ਸ਼ਹੀਦ ਹੋ ਗਿਆ ਅਤੇ ਉਸਦੇ ਬੰਸ ਦਾ ਤਿੰਨ ਹਜ਼ਾਰ ਬੰਦਾ ਕਤਲ ਕਰਕੇ ਉਸਦੇ ਖੂਨ ਨਾਲ ਮੂਰਤੀਆਂ ਨੂੰ ਨਲ੍ਹਾਇਆ ਗਿਆ ਅਤੇ ਖੂਨ ਵਿਚ ਚੂਨਾ ਬਣਾ ਕੇ ਮਸਜਿਦਾਂ ਤਿਆਰ ਕਰਾਈਆਂ। ਕੋਇਲ ਸ਼ਹਿਰ ਦੀ ਰਾਣੀ ਜਗਦੇਈ ਨੇ ਮਰਦਾਨਾ ਭੇਸ ਧਾਰ ਕੇ ਬਹੁਤ ਬਹਾਦਰੀ ਨਾਲ ਯੁੱਧ ਕੀਤਾ। ਉਸ ਦੇ ਰਾਜ ਵਿਚ ਵੀ ਸਾਰੇ ਮੰਦਰ ਤੋੜ ਕੇ 23 ਮਸਜਿਦਾਂ ਤਿਆਰ ਕੀਤੀਆਂ। ਸ਼ਹਿਰ ਕਲੰਜਰ ਦੇ 113 ਮੰਦਰ ਤੁੜਵਾ ਕੇ ਮਸਜਿਦਾਂ ਬਣਾਈਆਂ ਅਤੇ 33,000 ਹਿੰਦੂ ਉਹ ਕਤਲ ਹੋਇਆ ਜਿਨ੍ਹਾਂ ਨੇ ਕਲਮਾਂ ਪੜ੍ਹਨ ਤੋਂ ਇਨਕਾਰ ਕਰ ਦਿਤਾ। 50 ਹਜ਼ਾਰ ਹਿੰਦੂ ਬੱਚੇ ਬੱਚੀਆਂ ਗੋਲੀਆਂ ਗੋਲੇ ਬਣਾ ਕੇ ਗਜ਼ਨੀ ਵਿਚ ਭੇਜੇ। ਜਿੰਨਾਂ ਇਸ ਜਬਰ

ਜ਼ੁਲਮ ਤੋਂ ਡਰ ਕੇ ਇਸਲਾਮ ਮਤ ਧਾਰਨ ਕਰ ਲਿਆ ਉਨ੍ਹਾਂ ਦੀ ਕੋਈ ਗਿਣਤੀ ਨਹੀਂ। ਬਹੁਤ ਰਾਜੇ ਮੁਸਲਮਾਨ ਬਣ ਕੇ ਹਮਲਾਵਰਾਂ ਦਾ ਸਾਥ ਦੇਣ ਲੱਗੇ ਅਤੇ ਆਪਣੀ ਪਰਜਾ ਨੂੰ ਭੀ ਇਸਲਾਮ ਧਾਰਨ ਕਰਨ ਦਾ ਉਪਦੇਸ਼ ਦੇ ਕੇ ਮਸਾਂ ਜਿਉਂਦੇ ਰਹੇ।

ਤਵਾਰੀਖ ਅਲਾਈ ਵਿਚ ਅਮੀਰ ਖੁਸਰੋ ਲਿਖਦਾ ਹੈ ਕਿ ਫਿਰੋਜ਼ਸ਼ਾਹ ਖਿਲਜੀ ਨੇ ਦੱਖਣ ਦੇਸ਼ ਦੇ ਰਾਜਾ ਬੀਰ ਸੈਨ ਦਾ ਮੁਲਕ ਫਤਹਿ ਕਰਕੇ ਤਿੰਨ ਵਾਰੀ ਇਸਲਾਮੀਆਂ ਤੋਂ ਐਸਾ ਲੁਟਵਾਇਆ ਜੋ ਅੰਨ, ਵਸਤ੍ਰ ਕੁਛ ਨਾ ਛੱਡਿਆ, ਤਾਂ ਵੀ ਕਾਫਰਾਂ ਨੇ ਦੀਨ ਇਸਲਾਮ ਨੂੰ ਕਬੂਲ ਨਾ ਕੀਤਾ ਅਤੇ ਕਤਲ ਹੋ ਗਏ। ਉਸ ਵੇਲੇ ਸਾਰੇ ਭਾਰਤੀ ਮਿੱਟੀ ਦੇ ਮਾਧੋ ਨਹੀਂ ਸਨ ਉਨ੍ਹਾਂ ਵਿਚ ਅਣਖ ਸੀ। ਅਲਾਉਦੀਨ ਖਿਲਜੀ ਦਾ ਹਾਲ ਮੀਰ ਅਬਦੁੱਲਾ ਨੇ ਲਿਖਿਆ ਹੈ ਕਿ ਇਹ ਬਾਦਸ਼ਾਹ ਆਪਣੇ ਦੀਨ ਦੀ ਉਨਤੀ ਵਾਸਤੇ ਦੂਸਰਾ ਖਲੀਫਾ ਉਮਰ ਸੀ। ਉਸ ਨੇ ਸ਼ਹਿਰ ਖੰਭਾਤ ਸਮੇਤ ਉਸ ਦੇਸ਼ ਨੂੰ ਦੀਨ ਮਨਾਉਣ ਲਈ ਅਜਿਹੇ ਕਸ਼ਟ ਦਿਤੇ ਜਿਨ੍ਹਾਂ ਕਰਕੇ ਕਈ ਹਜ਼ਾਰ ਕਾਫਰ ਮਾਰੀਦਾ ਮਰ ਗਿਆ ਪਰ ਮੋਮਨ ਨਾ ਹੋਇਆ। ਓੜਕ ਲਸ਼ਕਰ ਨੂੰ ਇਸ ਰਾਜ ਦੇ ਸ਼ਹਿਰਾਂ ਨੂੰ ਲੁਟਣ ਦਾ ਹੁਕਮ ਦੇ ਦਿਤਾ, ਉਸ ਦੇਸ਼ ਦਾ ਸੋਨਾ, ਚਾਂਦੀ, ਹੀਰੇ ਮੋਤੀ, ਰੇਸ਼ਮੀ ਕਪੜੇ ਐਨੇ ਲੁੱਟੇ ਕਿ ਇਹ ਫੌਜੀ ਅਮੀਰ ਹੋ ਗਏ। ਇਹ ਬਾਦਸ਼ਾਹ ਦੀ ਨੌਕਰੀ ਛੱਡ ਕੇ ਦੋ ਚਾਰ ਲੜਕੇ ਲੜਕੀਆਂ ਲੈ ਕੇ ਆਪਣੇ ਦੇਸ਼ ਨੂੰ ਚਲੇ ਗਏ।

ਤਵਾਰੀਖ ਅਲਾਈ ਵਿਚ ਲਿਖਿਆ ਹੈ ਕਿ ਅਲਾਉਦੀਨ ਨੇ ਇਕ ਦਿਨ ਕਾਜ਼ੀ ਤੋਂ ਪੁਛਿਆ ਕਿ ਹਿੰਦੂ ਕਾਫਰਾਂ ਵਾਸਤੇ ਸ਼ਰ੍ਹਾ ਕੀ ਫੁਰਮਾਉਂਦੀ ਹੈ? ਤਾਂ ਕਾਜ਼ੀ ਨੇ ਅਰਜ਼ ਕੀਤੀ ਕਿ ਹਿੰਦੂ ਧਰਤੀ ਮਾਫਕ ਹਨ, ਇਨ੍ਹਾਂ ਤੋਂ ਮੋਮਨ ਚਾਂਦੀ ਮੰਗੇ ਤਾਂ ਇਹ ਸੋਨਾ ਕੱਢ ਕੇ ਦੇਣ। ਹਿੰਦੂ ਕਾਫਰ ਕਮਾਦ ਹਨ ਜਿਤਨੇ ਪੀੜੇ ਜਾਣ ਓਤਨਾ ਹੀ ਰਸ ਦਿੰਦੇ ਹਨ। ਜੇ ਮੋਮਨ ਥੁੱਕੇ ਤਾਂ ਹਿੰਦੂ ਖੁਸ਼ੀ ਨਾਲ ਮੂੰਹ ਖੋਲ੍ਹ ਕੇ ਲੈ ਲਵੇ, ਖੁਦਾਵੰਦ ਕਰੀਮ ਨੇ ਹਿੰਦੂ ਮੋਮਨਾਂ ਦੀ ਖਿਦਮਤ ਲਈ ਪੈਦਾ ਕੀਤੇ ਹਨ।

ਅਮੀਰ ਖੁਸਰੋ ਮੁਹੰਮਦ ਤੁਗਲਕ ਬਾਦਸ਼ਾਹ ਦੇ ਬਾਬਤ ਲਿਖਦਾ ਹੈ ਕਿ ਇਸ ਬਾਦਸ਼ਾਹ ਵਰਗਾ ਦਬਦਬਾ ਹੋਰ ਕਿਸੇ ਬਾਦਸ਼ਾਹ ਦਾ ਨਹੀਂ ਹੋਇਆ। ਜਦੋਂ ਉਹ ਚੜ੍ਹਾਈ ਕਰਦਾ ਸੀ ਤਾਂ ਸੌ-ਸੌ ਕੋਹ ਅਗੇ ਭਾਜੜਾਂ ਪੈ ਕੇ ਮੁਲਕ ਉਜਾੜ ਹੋ ਜਾਂਦਾ। ਦੋ ਸੌ ਜਲਾਦ ਇਸ ਨੇ ਰੱਖੇ ਹੋਏ ਸੀ ਅਤੇ ਇਕ ਹਜ਼ਾਰ ਹਿੰਦੂ ਲੋਥ ਇਸ ਦੇ ਦਰਵਾਜ਼ੇ ਅੱਗੇ ਹਰ ਵਕਤ ਪਈ ਰਹਿੰਦੀ ਸੀ। ਸੋ ਇਨ੍ਹਾਂ ਸਾਰੇ ਹਾਲਾਤ ਦਾ ਹਵਾਲਾ ਤਵਾਰੀਖ ਗੁਰੂ ਖਾਲਸਾ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਬਹੁਤ ਵਿਸਥਾਰ ਨਾਲ ਦਿਤਾ ਹੋਇਆ ਹੈ।

ਐਸੇ-ਐਸੇ ਤਸੀਹੇ ਦਿਤੇ ਜਾਂਦੇ ਸਨ ਜੋ ਪੜ੍ਹੇ ਜਾਣੇ ਵੀ ਬਹੁਤ ਔਖੇ ਹਨ, ਇਸ ਹਫੜਾ-ਦਫੜੀ ਵਿਚ ਹਿੰਦੂਆਂ ਦੀ ਬਾਂਹ ਫੜਨ ਵਾਲਾ ਕੋਈ ਨਾ ਰਿਹਾ।

ਗੁਰੂ ਨਾਨਕ ਪਾਤਸ਼ਾਹ ਜੀ ਜਦੋਂ ਸੰਸਾਰ ਵਿਚ ਪ੍ਰਗਟ ਹੋਏ, ਉਸ ਵੇਲੇ ਹਰ ਥਾਂ ਉਤੇ ਜ਼ੁਲਮ ਦਾ ਰਾਜ ਸੀ। ਗੁਰੂ ਨਾਨਕ ਪਾਤਸ਼ਾਹ ਨੇ ਸੱਚ ਦਾ ਢੰਡੋਰਾ ਦਿਤਾ ਅਤੇ ਬੇਹਿਸ ਹੋਈ ਹੋਈ ਪਰਜਾ ਦੀ ਹਾਲਤ ਦੇਖ ਕੇ ਉਚੀ ਅਵਾਜ਼ ਵਿਚ ਢੰਡੋਰਾ ਦੇ ਕੇ ਕਿਹਾ -

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ॥ ਅੰਗ - 145***

ਰਾਜੇ ਕਸਾਈ ਹੋ ਗਏ, ਮਜ਼੍ਹਬ ਦੇ ਨਾਉਂ ਉਪਰ ਕਤਲੋ ਗਾਰਤ ਕਰਕੇ ਕਦੇ ਵੀ ਅੱਲਾਹ ਤਾਲਾ ਪ੍ਰਸੰਨ ਨਹੀਂ ਹੁੰਦਾ। ਉਨ੍ਹਾਂ ਨੇ ਬਾਬਰ ਨੂੰ ਜ਼ਾਬਰ ਕਿਹਾ ਅਤੇ ਭਾਰਤ ਵਰਸ਼ ਵਿਚ ਇਕ ਐਸੀ ਜਾਗਰਤੀ ਪੈਦਾ ਕਰ ਦਿਤੀ ਕਿ ਹਰ ਬੰਦੇ ਦੇ ਅੰਦਰ ਇਹ ਅਹਿਸਾਸ ਜਾਗਿਆ ਕਿ ਹੀਣੇ ਹੋਣ ਨਾਲੋਂ ਸਰੀਰ ਦਾ ਬਲੀਦਾਨ ਦੇ ਦੇਣਾ ਕਿਤੇ ਵਧ ਸੁਖਦਾਈ ਹੈ।

ਗੁਰੂ ਦੂਸਰੇ ਪਾਤਸ਼ਾਹ ਜੀ ਨੇ ਹਮਾਯੂੰ ਨੂੰ ਤਾੜਨਾ ਕੀਤੀ ਕਿ ਤੂੰ ਸ਼ੇਰਸ਼ਾਹ ਸੂਰੀ ਤੋਂ ਹਾਰ ਕੇ ਇਥੇ ਆ ਕੇ ਤਲਵਾਰ ਦਾ ਡਰ ਦਿੰਦਾ ਹੈਂ, ਕਿਥੇ ਗਈ ਸੀ ਤੇਰੀ ਬਹਾਦਰੀ ਜਦੋਂ ਤੂੰ ਸ਼ੇਰ ਸ਼ਾਹ ਸੂਰੀ ਤੋਂ ਹਾਰਿਆ?

ਗੁਰੂ ਤੀਜੇ ਤੇ ਚੌਥੇ ਪਾਤਸ਼ਾਹ ਵੇਲੇ ਅਕਬਰ ਦਾ ਨਿਆਏਕਾਰੀ ਰਾਜ ਆਇਆ ਅਤੇ ਪਰਜਾ ਨੂੰ ਕੁਝ ਸੁਖ ਦਾ ਸਾਹ ਮਿਲਿਆ। ਉਹ ਬਹੁਤ ਸ਼ਕਤੀਸ਼ਾਲੀ ਅਤੇ ਨਿਆਏਕਾਰੀ ਸੀ। ਉਸ ਨੇ ਸਾਰੀਆਂ ਸੰਪਰਦਾਵਾਂ ਦਾ ਆਦਰ ਕੀਤਾ ਅਤੇ ਨਜ਼ਾਇਜ਼ ਲੱਗੇ ਹੋਏ ਟੈਕਸ ਖਤਮ ਕਰ ਦਿਤੇ। ਉਹ ਸਚਮੁੱਚ ਹੀ ਪ੍ਰਜਾ ਪਾਲਕ ਬਾਦਸ਼ਾਹ ਸੀ ਪਰ ਛੇਤੀ ਹੀ ਉਸ ਦੇ ਜਾਣ ਪਿਛੋਂ ਜਹਾਂਗੀਰ ਤਖਤ ਤੇ ਬੈਠਾ। ਉਸ ਨੂੰ ਇਨਸਾਫ ਪਰਵਰ ਬਾਦਸ਼ਾਹ ਕਹਿੰਦੇ ਸੀ ਪਰ ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਨੂੰ ਤਕਦਿਆਂ ਹੋਇਆਂ ਇਹ ਪਦਵੀ ਸ਼ੋਭਾ ਨਹੀਂ ਦਿੰਦੀ।

ਗੁਰੂ ਪੰਜਵੇਂ ਪਾਤਸ਼ਾਹ ਨੇ ਆਪਣਾ ਬਲੀਦਾਨ ਦੇ ਕੇ ਸਾਰੇ ਭਾਰਤ ਵਰਸ਼ ਦੇ ਵਾਸੀਆਂ ਵਿਚ ਜੀਵਨ ਦੀ ਨਵੀਂ ਰੌਂ ਪੈਦਾ ਕਰ ਦਿਤੀ। ਬੇਇਨਸਾਫੀ ਦੇ ਅੱਗੇ ਝੁਕਣ ਨਾਲੋਂ ਸ਼ਹੀਦੀ ਦੇਣੀ ਠੀਕ ਹੋਇਆ ਕਰਦੀ ਹੈ।

ਗੁਰੂ ਛੇਵੇਂ ਪਾਤਸ਼ਾਹ ਜੀ ਨੇ ਭਾਰਤੀ ਅਣਖ ਨੂੰ ਵੰਗਾਰਿਆ ਅਤੇ ਬਾਦਸ਼ਾਹੀ ਫੌਜਾਂ ਨਾਲ ਚਾਰ ਭਿਆਨਕ ਯੁੱਧ ਕਰਕੇ ਜਿੱਤ ਪ੍ਰਾਪਤ ਕੀਤੀ। ਕਈ ਲੇਖਕ ਇਸ ਗੱਲ ਉਪਰ ਕਿੰਤੂ ਕਰਦੇ ਹਨ ਕਿ ਗੁਰੂ ਨਾਨਕ ਕੇਵਲ ਰੂਹਾਨੀ ਆਗੂ ਸਨ, ਉਹ ਯੁੱਧ ਨਹੀਂ ਕਰਿਆ ਕਰਦੇ ਸੀ। ਪਰ ਗੁਰੂ ਛੇਵੇਂ ਪਾਤਸ਼ਾਹ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਯੁੱਧ ਕੀਤੇ। ਇਸ ਵਿਚ ਕੋਈ ਐਸੀ ਗੱਲ ਨਹੀਂ ਜਿਸ ਉਤੇ ਟੀਕਾ ਟਿਪਣੀ ਕੀਤੀ ਜਾਵੇ? ਜੇ ਕੋਈ ਪਰਿਵਾਰ ਅਮਨ ਅਮਾਨ ਨਾਲ ਵਸ ਰਿਹਾ ਹੈ ਉਹ ਆਪਣਾ ਯਥਾਸ਼ਕਤ ਦਾਨ ਪੁੰਨ ਵੀ ਕਰ ਰਿਹਾ ਹੈ। ਪਰ ਜੇ ਕੋਈ ਡਾਕੂ ਉਸ ਦੇ ਘਰ ਵਿਚ ਵੜ ਕੇ ਔਰਤਾਂ ਦੀ ਬੇਹੁਰਮਤੀ ਕਰੇ ਅਤੇ ਲੁਟੇ ਤਾਂ ਉਸ ਅੱਗੇ ਖਾਮੋਸ਼ ਹੋ ਕੇ ਰਹਿਣਾ ਕਿਵੇਂ ਜਾਇਜ਼ ਹੈ। ਇਹ ਇਕ ਨਿਪੁੰਸਕ ਕਾਇਰਤਾ ਹੋਇਆ ਕਰਦੀ ਹੈ। ਕ੍ਰਿਸ਼ਨ ਮਹਾਰਾਜ ਜੀ ਨੇ ਗੀਤਾ ਵਿਚ ਅਰਜਨ ਨੂੰ

ਉਪਦੇਸ਼ ਦਿੰਦਿਆਂ ਇਸ ਗੱਲ ਦਾ ਪੂਰੀ ਤਰ੍ਹਾਂ ਨਿਰਣਾ ਕੀਤਾ ਕਿ ਖਤਰੀ ਦਾ ਧਰਮ ਅਨਿਆਈਆਂ ਤੋਂ ਧਰਮ ਦੀ ਰਾਖੀ ਕਰਨਾ ਹੋਇਆ ਕਰਦਾ ਹੈ। ਅਧਿਆਤਮਵਾਦ ਦੇਹ ਹੰਗਤਾ ਨੂੰ ਤੋੜਦਾ ਹੈ ਅਤੇ ਆਤਮ ਸਾਖਸ਼ਾਤਕਾਰ ਕਰਾਉਂਦਾ ਹੈ, ਉਸ ਦੇ ਸਾਰੇ ਕਾਰਜ ਹੁਕਮ ਵਿਚ ਹੁੰਦੇ ਹਨ। ਹੁਕਮ ਦੇ ਅਧੀਨ ਹੋ ਕੇ ਉਸ ਦਾ ਯੁੱਧ ਵਿਚ ਵੀਰਤਾ ਦਿਖਾਉਣਾ ਹੁਕਮ ਦੀ ਹੀ ਕ੍ਰਿਆ ਹੋਇਆ ਕਰਦੀ ਹੈ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਨੇ ਭਾਵੇਂ ਚਾਰ ਵਾਰੀ ਫੌਜਾਂ ਨੂੰ ਹਾਰ ਦਿਤੀ ਪਰ ਇਕ ਇੰਚ ਥਾਂ ਉਪਰ ਵੀ ਕਬਜ਼ਾ ਨਾ ਕੀਤਾ। ਜਿਨ੍ਹਾਂ ਹਮਲਾਵਰ ਫੌਜਾਂ ਦੇ ਸਿਪਾਹੀ ਜ਼ਖਮੀ ਹੋ ਜਾਇਆ ਕਰਦੇ ਸਨ ਉਨ੍ਹਾਂ ਸਾਰਿਆਂ ਨੂੰ ਪੂਰੀ ਤਰ੍ਹਾਂ ਨਾਲ ਰਾਜ਼ੀ ਕਰਕੇ ਬਾਦਸ਼ਾਹ ਦੇ ਪਾਸ ਕਿਸੇ ਜ਼ਿੰਮੇਵਾਰ ਦੀ ਕਮਾਂਡ ਵਿਚ ਭੇਜ ਦਿਆ ਕਰਦੇ ਸੀ। ਗੁਰੂ ਮਹਾਰਾਜ ਸੱਚ ਦਾ ਜੀਵਨ ਜੀਉਣ ਦੀ ਜਾਚ ਦਸ ਰਹੇ ਸਨ। ਜਿਸ ਵਿਚ –

***ਭੈ ਕਾਹੂ ਕਉ ਦੇਤ ਨਹਿ***
***ਨਹਿ ਭੈ ਮਾਨਤ ਆਨ॥ ਅੰਗ – 1427***

ਦਾ ਉਚਾ ਇਨਸਾਨੀ ਫਰਜ਼ ਪੂਰਾ ਕੀਤਾ ਜਾਂਦਾ ਸੀ। ਗੁਰੂ ਸਤਵੇਂ ਪਾਤਸ਼ਾਹ ਔਰੰਗਜ਼ੇਬ ਦੇ ਬੁਲਾਉਣ ਉਪਰੰਤ ਵੀ ਦਿੱਲੀ ਨਹੀਂ ਆਏ ਅਤੇ ਨਾ ਹੀ ਕਿਸੇ ਕਿਸਮ ਦਾ ਭੈ ਖਾਧਾ। ਇਕ ਗੱਲ ਮੈਂ ਇਥੇ ਦਸ ਦੇਣੀ ਚਾਹੁੰਦਾ ਹਾਂ ਕਿ ਅਧਿਆਤਮਵਾਦ ਨਿਪੁੰਸਕਾਂ ਦਾ ਇਕੱਠ ਨਹੀਂ ਹੁੰਦਾ, ਉਨ੍ਹਾਂ ਵਿਚ ਦੋਨੋਂ ਕਿਸਮ ਦੀ ਸ਼ਕਤੀ ਹੁੰਦੀ ਹੈ, ਜ਼ਾਬਰ ਦਾ ਮੁਕਾਬਲਾ ਕਰ ਸਕਦੇ ਹਨ ਅਤੇ ਰੂਹਾਨੀ ਸ਼ਕਤੀ ਦਾ ਪ੍ਰਭਾਵ ਆਪ ਹੁਦਰੇ ਬੰਦਿਆਂ ਉਤੇ ਪਾ ਕੇ ਉਨ੍ਹਾਂ ਨੂੰ ਸਿੱਧੇ ਰਸਤੇ ਪਾ ਸਕਦੇ ਹਨ। ਗੁਰੂ ਮਹਾਰਾਜ ਜੀ ਦੇ ਸਿੱਖ ਬੇਅੰਤ ਸ਼ਕਤੀਆਂ ਦੇ ਭੰਡਾਰ ਸਨ, ਸਭ ਕੁਝ ਹੁੰਦੇ ਹੋਏ ਉਹ ਨਾਟਕ ਚੇਟਕ ਤੋਂ ਦੂਰ ਹੀ ਰਹਿੰਦੇ ਸਨ ਪਰ ਪਰਉਪਕਾਰ ਵਸ ਉਹ ਸਭ ਕੁਝ ਕਰ ਸਕਦੇ ਹਨ। ਨਾ ਉਨ੍ਹਾਂ ਨੂੰ ਕੋਈ ਚੜ੍ਹਿਆ ਹੋਇਆ ਦਰਿਆ ਰੋਕ ਸਕਦਾ ਸੀ, ਨਾ ਕੋਈ ਵੈਰੀ ਉਨ੍ਹਾਂ ਨੂੰ ਮਾਰ ਸਕਦਾ ਸੀ। ਭਾਈ ਮਤੀ ਦਾਸ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਜਦੋਂ ਆਖਿਆ ਕਿ ਹੁਕਮ ਦੇਵੋ ਕਿ ਮੈਂ ਲਾਹੌਰ ਤੇ ਦਿੱਲੀ ਦੇ ਛੈਣੇ ਵਜਾ ਦੇਵਾਂ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇਹ ਸ਼ਕਤੀ ਗੁਰਸਿਖਾਂ ਵਿਚ ਆਮ ਹੀ ਆ ਜਾਇਆ ਕਰਦੀ ਹੈ, ਤੇਰੇ ਵਾਸਤੇ ਕੋਈ ਔਖੀ ਗੱਲ ਨਹੀਂ ਤੂੰ ਇਸ ਤਰ੍ਹਾਂ ਕਰ ਸਕਦਾ ਹੈਂ ਪਰ ਆਪਾਂ ਇਹ ਰੂਹਾਨੀ ਸ਼ਕਤੀਆਂ ਵਰਤਣੀਆਂ ਨਹੀਂ ਹਨ। ਸਭ ਤੋਂ ਵੱਡੀ ਸ਼ਕਤੀ ਇਹ ਹੋਇਆ ਕਰਦੀ ਹੈ ਕਿ ਅੰਦਰ ਆਤਮ ਸ਼ਾਖਸ਼ਾਤਕਾਰ ਹੋ ਜਾਵੇ ਅਤੇ ਨਾਮ ਦੇ ਮੰਡਲ ਵਿਚ ਨਿਵਾਸ ਕਰਕੇ ਪ੍ਰਭੂ ਦੇ ਦੇਸ਼ ਵਿਚ ਵਾਸਾ ਪਾ ਲਈਏ। ਨਿਰਵਾਣ ਪਦ ਦੀ ਪ੍ਰਾਪਤੀ ਹੋ ਜਾਣੀ ਵੱਡੀ ਕਰਾਮਾਤ ਹੈ। ਗੁਰਬਾਣੀ ਵਿਚ ਆਉਂਦਾ ਹੈ –

***ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ***
***ਧਿਗੁ ਸਿਧੀ ਧਿਗੁ ਕਰਮਾਤਿ॥***
***ਸਾ ਸਿਧਿ ਸਾ ਕਰਮਾਤਿ ਹੈ***
***ਅਚਿੰਤੁ ਕਰੇ ਜਿਸੁ ਦਾਤਿ॥***
***ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ***
***ਏਹਾ ਸਿਧਿ ਏਹਾ ਕਰਮਾਤਿ॥ ਅੰਗ – 650***

ਆਪ ਕਹਿਣ ਲੱਗੇ, ''ਮਤੀਦਾਸ, ਇਹ ਰਿਧੀਆਂ ਸਿੱਧੀਆਂ ਮਾਇਆ ਮੰਡਲ ਦੀਆਂ ਚੀਜ਼ਾਂ ਹਨ। ਆਤਮਾ ਅਮਰ ਹੈ। ਇਹ ਨਾ ਕਦੀ ਕੱਟ ਹੁੰਦੀ ਹੈ, ਨਾ ਜਾਲ ਹੁੰਦੀ ਹੈ, ਨਾ ਸੂਰਜ ਇਸ ਨੂੰ ਸੁਕਾ ਸਕਦਾ ਹੈ, ਨਾ ਸਮੁੰਦਰ ਡਬੋ ਸਕਦਾ ਹੈ ਇਹ ਪ੍ਰਮ ਜੋਤੀ ਹੈ। ਸਰੀਰ ਨਾਸ਼ਵਾਨ ਹੈ। ਅੱਜ ਤਕ ਕਿਸੇ ਦਾ ਵੀ ਸਰੀਰ ਨਹੀਂ ਰਿਹਾ। ਆਪਾਂ ਪਰਜਾ ਦੇ ਦੁਖ ਦੂਰ ਕਰਨ ਵਾਸਤੇ ਅਤੇ ਸ਼ਾਸਕਾਂ ਨੂੰ ਸੁਮੱਤ ਦੇਣ ਵਾਸਤੇ ਆਪਣਾ ਬਲੀਦਾਨ ਹਸ-ਹਸ ਕੇ ਦੇਣਾ ਹੈ। ਪਰਜਾ ਵਿਚ ਪਿਆ ਹੋਇਆ ਡਰ ਅਤੇ ਬੇਦਿਲੀ ਮਹਾਂਪੁਰਸ਼ਾਂ ਦੀ ਦਿਤੀ ਹੋਈ ਸ਼ਹੀਦੀ ਤੋਂ ਬਿਨਾਂ ਨਹੀਂ ਨਿਕਲਿਆ ਕਰਦੀ। ਸੋ ਸਭ ਤੋਂ ਵੱਡੀ ਕਰਾਮਾਤ ਇਹ ਹੈ ਕਿ ਤੂੰ ਸਾਬਤ ਚਿਤ ਰਹਿੰਦਾ ਹੋਇਆ ਦੇਹ ਹੰਗਤਾ ਨੂੰ ਛੱਡ ਕੇ ਆਰੇ ਨਾਲ ਦੋ ਫਾੜ ਹੋ ਰਿਹਾ ਭੀ ਪ੍ਰਭੂ ਨਾਲ ਲਿਵ ਲਾ ਕੇ ਹੀ ਰੱਖੇਂ।'' ਗੁਰਸਿਖਾਂ ਵਿਚ ਅਨੇਕਾਂ ਸ਼ਕਤੀਆਂ ਸਨ ਪਰ ਉਨ੍ਹਾਂ ਨੇ ਇਕ ਮਾਰਗ ਦਰਸ਼ਨ ਕਰਨਾ ਸੀ ਜਿਸ ਕਰਕੇ ਯੁਧਾਂ ਵਿਚ ਹਿੱਸਾ ਲੈਣਾ ਅਤੇ ਸ਼ਹੀਦੀਆਂ ਪ੍ਰਾਪਤ ਕਰਨੀਆਂ, ਅਗੰਮੀ ਹੁਕਮ ਦੀ ਇਸ ਸੰਸਾਰ ਮੰਚ ਉਤੇ ਇਕ ਖੇਡ ਸੀ।

ਇਨ੍ਹਾਂ ਸਾਰੇ ਹਾਲਾਤ ਨੂੰ ਤਕਦਿਆਂ ਹੋਇਆਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਕ ਬਹੁਤ ਵੱਡੀ ਕਰਾਮਾਤ ਕੀਤੀ ਜਿਸ ਨੂੰ ਸਮਝਣਾ ਬਹੁਤ ਹੀ ਔਖਾ ਹੈ। ਪਿਛਲੇ ਸਾਲ ਦੀ ਵਿਸਾਖੀ ਸਮੇਂ **'ਪੂਰੀ ਹੋਈ ਕਰਾਮਾਤ'** ਦੇ ਨਾਮ ਹੇਠਾਂ ਇਸ ਵਿਸ਼ੇ ਉਪਰ ਬਹੁਤ ਹੀ ਵਿਚਾਰ ਕੀਤੀ ਗਈ ਸੀ। ਭਾਰਤ ਵਿਚ ਕਰਮਕਾਂਡਾਂ ਦਾ ਹਨ੍ਹੇਰਾ ਜਾਤ ਵਰਨਾਂ ਦੀ ਅਗਿਆਨਤਾ, ਘੁੰਮ ਘੇਰ, ਧੁੰਦ ਦਾ ਰੂਪ ਧਾਰਨ ਕਰ ਗਈ ਸੀ। ਜਿਸ ਕਾਰਨ ਪਿਛਲੇ ਛੇ ਸੱਤ ਸੌ ਸਾਲਾਂ ਤੋਂ ਅਜਿਹੇ ਤਸੀਹੇ ਇਸ ਦੇਸ ਵਾਸੀਆਂ ਨੂੰ ਝਲਣੇ ਪਏ ਅਤੇ ਅਜਿਹੇ ਜ਼ਾਲਮ ਬਾਦਸ਼ਾਹਾਂ ਦੇ ਕਹਿਰ ਦਾ ਸ਼ਿਕਾਰ ਹੋਣਾ ਪਿਆ, ਉਹ ਗੱਲਾਂ ਨਾ ਤਾਂ ਲਿਖੀਆਂ ਜਾ ਸਕਦੀਆਂ ਹਨ ਅਤੇ ਨਾ ਹੀ ਲਿਖ ਕੇ ਪਾਠਕਾਂ ਦਾ ਮਨ ਖਰਾਬ ਕਰਨ ਦਾ ਸਾਡਾ ਕੋਈ ਇਰਾਦਾ ਹੈ। ਜਿਥੋਂ ਤਕ ਇਸਲਾਮ ਦਾ ਮਤ ਹੈ, ਇਸਲਾਮ ਵਿਚ ਬਹੁਤ ਵੱਡੇ-ਵੱਡੇ ਨੇਕ ਬੰਦੇ ਪਰਉਪਕਾਰੀ ਵੀ ਹੋਏ ਹਨ। ਪਰ ਧਰਮ ਦੇ ਨਾਮ ਉਪਰ ਘੋਰ ਪਾਪ ਕਰਨ ਵਾਲੇ ਰਾਜੇ ਜੋ ਇਸ ਪਾਪ ਨੂੰ ਪੁੰਨ (ਸਵਾਬ) ਕਹਿੰਦੇ ਸਨ ਉਨ੍ਹਾਂ ਖੂੰ-ਖੁਆਰ ਜ਼ਾਲਮ ਰਾਜਿਆਂ ਦੀ ਨਖੇਧੀ ਕਰਨੀ ਕੋਈ ਬੁਰੀ ਗੱਲ ਨਹੀਂ ਹੈ। ਉਹ ਦੋਸ਼ ਅਸਾਡਾ ਆਪਣਾ ਹੀ ਸੀ।

ਸਮਰਾਟ ਹਰਸ਼ ਵਰਧਨ ਪਿਛੋਂ ਦੇਸ਼ ਦਾ ਛੋਟੇ-ਛੋਟੇ ਟੁਕੜਿਆਂ ਵਿਚ ਵੰਡੇ ਜਾਣਾ, ਜਾਤ ਪਾਤ ਦੇ ਸੰਗਲ ਹੋਰ ਮਜ਼ਬੂਤ ਹੋ ਜਾਣੇ, ਆਮ ਜਨਤਾ ਦਾ ਪ੍ਰੋਹਤਾਂ ਤੇ ਜੋਤਸ਼ੀਆਂ ਦੇ ਵਸ ਵਿਚ ਪੈ ਜਾਣਾ, ਸਤੀ ਅਤੇ ਸ਼ੂਦਰਾਂ ਦਾ ਤ੍ਰਿਸਕਾਰ

ਇਹ ਸਭ ਕਾਰਨ ਹਨ ਜਿਸ ਕਰਕੇ ਸਾਢੇ ਛੇ ਸੌ ਸਾਲ ਤੋਂ ਵੱਧ ਸਮਾਂ ਉਨ੍ਹਾਂ ਕਸ਼ਟਾਂ ਨੂੰ ਸਾਡੇ ਬਜ਼ੁਰਗਾਂ ਨੂੰ ਝਲਣਾ ਪਿਆ ਜਿਨ੍ਹਾਂ ਨੇ ਇਸ ਸਮੇਂ ਵਿਚ ਆਪਣਾ ਜੀਵਨ ਗੁਜ਼ਾਰਿਆ। ਅੱਜ ਦੇ ਸਮੇਂ ਨਾਲ ਜਦੋਂ ਅਸੀਂ ਦੇਖਦੇ ਹਾਂ ਤਾਂ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦੀ ਗੱਲ ਹੁੰਦੀ ਸੁਣੀ ਜਾਂਦੀ ਹੈ, ਮਨੁੱਖ ਚੰਗੀ ਤਰ੍ਹਾਂ ਜੀਉਣ ਲਈ ਆਪਣਾ ਅਧਿਕਾਰ ਚਾਹੁੰਦਾ ਹੈ। ਅਗਾਹਾਂ ਵਧੂ ਰਾਜ ਉਨ੍ਹਾਂ ਨੂੰ ਇਸ ਅਧਿਕਾਰ ਤੋਂ ਵੰਚਿਤ ਨਹੀਂ ਕਰਦੇ ਪਰ ਉਸ ਸਮੇਂ ਜਦੋਂ ਖ਼ੂਨ ਦੀ ਨਦੀ ਵਗਾ ਕੇ ਪੁੰਨ ਸਮਝਿਆ ਜਾਂਦਾ ਸੀ ਤਾਂ ਮਨੁੱਖੀ ਅਧਿਕਾਰਾਂ ਦੀ ਗੱਲ ਕਿਵੇਂ ਹੋ ਸਕਦੀ ਸੀ। ਇਹ ਗੱਲ ਤਾਂ ਕੋਈ ਸੋਚ ਹੀ ਨਹੀਂ ਸਕਦਾ ਸੀ। ਪਰਤੰਤਰ ਗੁਲਾਮਾਂ ਵਰਗਾ ਜੀਵਨ ਭਾਰਤ ਦੀ ਗੈਰ ਮੁਸਲਮ ਵਸੋਂ ਜਿਉਂਦੀ ਸੀ। ਗੁਰੂ ਨਾਨਕ ਜੀ ਦੀ ਪਰਮ ਪਾਵਨ ਜੋਤਿ ਦਸ ਸਰੀਰਾਂ ਵਿਚ ਹੋ ਕੇ ਵਰਤੀ। ਉਸ ਨੇ ਪਹਿਲਾ ਕੰਮ ਇਹ ਕੀਤਾ ਕਿ ਚਾਰੇ ਵਰਣ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਦਾ ਭੇਦ ਮਿਟਾ ਕੇ ਜਾਤ ਪਾਤ ਦੀ ਕੰਧ ਤੋੜ ਦਿਤੀ ਜੋ ਹਉਮੈ ਦੇ ਬਜਰ ਕਪਾਟਾਂ ਦੇ ਅਧਾਰ ਤੇ ਖੜੋਤੀ ਸੀ। ਮਨੁੱਖ ਦੀ ਜਾਤ ਇਕ ਹੈ, ਇਹ ਜਣਾਇਆ ਅਤੇ ਦਸਿਆ ਕਿ ਇਕੋ ਆਤਮਾ, ਜਿਸ ਦਾ ਕੋਈ ਮਜ਼ਹਬ ਨਹੀਂ ਹੈ ਉਹ ਸਾਰਿਆਂ ਵਿਚ ਇਕ ਰਸ ਚੇਤਨਾ ਪ੍ਰਦਾਨ ਕਰਕੇ ਸਰੀਰ ਨੂੰ ਬੁੱਧੀ ਬਲ ਰਾਹੀਂ ਹਰਕਤ ਦੇ ਰਹੀ ਹੈ। ਖਾਕ, ਬਾਦ, ਆਤਸ਼, ਮਿਟੀ ਤੇ ਅਕਾਸ਼ ਦੇ ਰਲਾਉ ਤੋਂ ਸਭ ਦਾ ਸਰੀਰ ਬਣਿਆ ਹੋਇਆ ਹੈ ਪੱਚੀ ਪ੍ਰਕ੍ਰਿਤੀਆਂ ਤੋਂ ਸਾਰਿਆਂ ਸਰੀਰਾਂ ਦੇ ਗਿਆਨ ਇੰਦ੍ਰੇ ਬਣੇ ਹੋਏ ਹਨ। ਸਾਰਿਆਂ ਦੇ ਸਰੀਰ ਅੰਨ-ਪਾਣੀ ਦੇ ਆਸਰੇ ਚਲਦੇ ਹਨ, ਨਾ ਹੀ ਅੰਨ ਦੀ ਕੋਈ ਜਾਤ ਹੈ, ਨਾ ਹੀ ਪਾਣੀ ਦੀ ਕੋਈ ਜਾਤ ਹੈ। ਸਭ ਨੂੰ ਇਕੋ ਜਿਹੀ ਭੁੱਖ ਲਗਦੀ ਹੈ। ਸਭ ਨੂੰ ਇਕੋ ਪ੍ਰਮੇਸ਼ਰ ਉਪਰ ਭਰੋਸਾ ਹੈ, ਕੋਈ ਉਸ ਨੂੰ ਰਾਮ ਕਹਿੰਦਾ ਹੈ, ਸਭ ਰਹੀਮ ਕਹਿੰਦਾ ਹੈ, ਚਾਰੇ ਵਰਣ ਮਨੁੱਖ ਦੀ ਅਗਿਆਨਤਾ ਦਾ ਪ੍ਰਤੀਕ ਹੈ, ਸਤਿ ਇਹ ਹੈ ਕਿ ਸੰਸਾਰ ਵਿਚ ਕੋਈ ਆਦਮ ਦੀ ਜਾਤਿ ਇਕੋ ਹੈ ਸੰਪਰਦਾਵਾਂ ਅਨੇਕ ਹਨ। ਦੇਹੁਰੇ ਅਤੇ ਮਸੀਤ ਦਾ ਕੀ ਝਗੜਾ। ਆਪ ਨੇ ਆਪਣੇ ਅਨਿਆਈਆਂ ਜਾਤ ਪਾਤ ਦਾ ਪੂਰਨ ਰੂਪ ਵਿਚ ਭੇਦ ਮਿਟਾ ਕੇ ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਭਾਈ ਭਾਈ ਬਣਾ ਦਿਤੇ। ਜਿਸ ਤੋਂ ਇਕ ਜਿਉਂਦੀ ਜਾਗਦੀ ਇਨਸਾਨੀ ਭਾਵਨਾ ਦੀ ਹੋਂਦ ਵਜੂਦ ਵਿਚ ਆਈ। ਸਮੁੱਚੀ ਮਨੁਖਤਾ ਪਿਆਰ ਦੇ ਬੰਧਨ ਵਿਚ ਪਰੋਤੀ ਗਈ, ਸਭਨਾਂ ਦੇ ਸੁੱਖ ਸਾਂਝੇ ਹੋ ਗਏ, ਦੁਖ ਸਾਂਝੇ ਹੋ ਗਏ, ਸੁਤੰਤਰਤਾ ਨਾਲ ਜਿਉਣ ਦੀ ਭਾਵਨਾ ਹਿਰਦਿਆਂ ਵਿਚ ਜਾਗ ਪਈ। ਇਕ ਜਾਗਰਤਾ ਭਰੀ ਉਲਾਂਘ ਪੁੱਟੀ ਜਿਸ ਨੇ ਆਪਣੇ ਬਲੀਦਾਨ ਦੇ ਦੇ ਕੇ ਕੱਟੜਤਾ ਅਤੇ ਗੁਲਾਮੀ ਦੇ ਸੰਗਲ ਤੋੜ ਦਿਤੇ। ਅਜਿਹੇ ਹਾਲਾਤ ਪੈਦਾ ਕਰਨ ਵਾਸਤੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਭਾਰਤ ਵਰਸ਼ ਦੀ ਗੁਆਚੀ ਹੋਈ ਸਭਿਅਤਾ ਮੁੜ ਸੁਰਜੀਤ ਕੀਤੀ, ਚਾਰ ਹਿੱਸੇ ਵਿਚ ਕੱਟਿਆ ਵੱਢਿਆ ਮਨੁੱਖ ਆਪ ਨੇ ਜੋੜ ਕੇ ਇਕ ਮੁਕੰਮਲ ਹਸਤੀ ਨੂੰ ਜਨਮ ਦਿਤਾ। ਸ਼ੂਦਰ ਅਤੇ ਬ੍ਰਾਹਮਣ ਦਾ ਫਰਕ ਮੇਟ ਦਿਤਾ ਕਿਉਂਕਿ ਸਾਰੇ ਟੁਕੜਿਆਂ ਨੂੰ ਜੋੜ ਕੇ ਇਕ ਪੂਰਨ ਮਨੁੱਖ ਦੀ ਹੋਂਦ ਕਾਇਮ ਕੀਤੀ। ਜੋ ਸੇਵਾ ਕਰਨ ਵਾਲੇ ਸ਼ੂਦਰ ਸੀ, ਦੇਸ਼ ਦੀ ਉਪਜ ਵਧਾਉਣ ਲਈ ਵੈਸ਼ ਸੀ ਅਤੇ ਸ਼ਸ਼ਤਰਧਾਰੀ ਹੋ ਕੇ ਦੇਸ਼ ਦੀ ਰਾਖੀ ਲਈ ਸਦਾ ਤਤਪਰ ਰਹਿਣ ਵਾਲੇ ਸਸ਼ਤਰਧਾਰੀ ਖਤਰੀ ਸੀ ਅਤੇ ਰੂਹਾਨੀ ਵਿਦਿਆ ਦਾ ਪ੍ਰਚਾਰ ਕਰਨ ਵਾਲਾ ਪੰਡਤ ਸੀ। ਇਸੇ ਮਨੁੱਖ ਨੂੰ ਗੁਰੂ ਮਹਾਰਾਜ ਜੀ ਨੇ ਨਾਮ ਦੀ ਸੋਝੀ ਦੇ ਕੇ ਜੋਗੀਸ਼ਰ ਬਣਾਇਆ, ਮੁਨੀਸ਼ਰ ਰਿਸ਼ੀ ਬਣਾਇਆ ਅਤੇ ਬ੍ਰਹਮ ਗਿਆਨ ਦਾ ਉਪਦੇਸ਼ ਦੇ ਕੇ ਸਤਿ ਦੀ ਪਛਾਣ ਕਰਾਈ। ਇਥੋਂ ਤਕ ਉਚਾ ਲੈ ਕੇ ਗਏ, ਇਸ ਮੁਕੰਮਲ ਆਦਰਸ਼ ਨੂੰ ਇਹ ਕਹਿ ਕੇ ਸਤਿਕਾਰਿਆ ਕਿ ਇਹ ਮੇਰਾ ਹੀ ਰੂਪ ਹੈ ਜਿਸ ਤਰ੍ਹਾਂ ਕਿ ਸਰਬ ਲੋਹ ਗ੍ਰੰਥ ਵਿਚ ਫੁਰਮਾਨ ਹੈ -

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***
***ਖ਼ਾਲਸਾ ਮੇਰੋ ਇਸ਼੍ਰ ਸੁਹਿਰਦ॥***
***ਖ਼ਾਲਸਾ ਮੇਰੋ ਕਹੀਅਤ ਬਿਰਦ॥***
***ਖ਼ਾਲਸਾ ਮੇਰੋ ਪਛ ਅਰ ਪਾਤਾ॥***
***ਖ਼ਾਲਸਾ ਮੇਰੋ ਸੁਖ ਅਹਿਲਾਦਾ॥***
***ਖ਼ਾਲਸਾ ਮੇਰੋ ਮਿੱਤਰ ਸਖਾਈ॥***
***ਖ਼ਾਲਸਾ ਮਾਤ ਪਿਤਾ ਸੁਖਦਾਈ॥***
***ਖ਼ਾਲਸਾ ਮੇਰੀ ਸੋਭਾ ਸੀਲਾ॥***
***ਖ਼ਾਲਸਾ ਬੰਧ ਸਖਾ ਸਦ ਡੀਲਾ॥***

***ਸਰਬ ਲੋਹ ਗ੍ਰੰਥ 'ਚੋਂ***

ਅੱਜ ਅਸੀਂ ਵਿਸਾਖੀ ਦੀ ਯਾਦ ਵਿਚ ਇਕੱਠੇ ਹੋ ਕੇ ਵਿਚਾਰਾਂ ਕਰ ਰਹੇ ਹਾਂ। ਅੱਜ ਸਾਰੀ ਮਾਨਵਤਾ ਨੂੰ ਇਸ ਗੱਲ ਉਪਰ ਮਾਣ ਕਰਨਾ ਚਾਹੀਦਾ ਹੈ ਕਿ ਗੁਰੂ ਦਸ਼ਮੇਸ਼ ਪਿਤਾ ਜੀ (ਗੁਰੂ ਗੋਬਿੰਦ ਸਿੰਘ ਜੀ) ਨੇ ਮਨੁੱਖਤਾ ਨੂੰ ਉਸ ਦੇ ਹੱਕ ਦਵਾਏ ਅਤੇ ਆਤਮਕ ਤੌਰ ਉਪਰ ਐਨਾ ਉਚਾ ਕਰ ਦਿਤਾ ਜਿਸ ਦੀ ਮਹਿਮਾ ਨੂੰ ਕੋਈ ਜਾਣ ਨਹੀਂ ਸਕਦਾ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਅਸਲ ਰਾਜਾ ਉਹ ਹੈ ਜਿਸਦੇ ਹਿਰਦੇ ਵਿਚ ਵਾਹਿਗੁਰੂ ਜੀ ਦੀ ਸਿਫਤ ਸਲਾਹ ਦੇ ਫੁਹਾਰੇ ਚਲ ਰਹੇ ਹਨ, ਜਿਸਦੇ ਅੰਦਰ ਅਨਹਦ ਨਾਦ ਗੂੰਜ ਰਿਹਾ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਇਕਾਈ ਵਿਚ ਦੇਖ ਲਿਆ ਹੈ, ਜਿਸ ਨੇ ਪਛਾਣ ਲਿਆ ਹੈ ਕਿ ਇਥੇ ਤਾਂ ਵਾਹਿਗੁਰੂ ਜੀ ਹੀ ਆਪਣੀ ਖੇਲ੍ਹ ਕਰ ਰਹੇ ਹਨ। ਇਹ ਸਾਰੀ ਸ੍ਰਿਸ਼ਟੀ ਮੇਰੀ ਹੈ ਅਤੇ ਸਾਰੀ ਸ੍ਰਿਸ਼ਟੀ ਮੈਂ ਹੀ ਹਾਂ, ਮੈਂ ਹੀ ਸੁਖਾਂ ਵਿਚ ਸੁਖੀ, ਦੁਖਾਂ ਵਿਚ ਦੁਖੀ ਹਾਂ, ਮੇਰੇ ਅਨੇਕ ਰੂਪ ਹਨ, ਅਨੇਕਾਂ ਭਾਵ ਹਨ। ਜੋ ਕੁਝ ਦਿਸਦਾ ਹੈ ਉਹ ਸਾਰਾ ਪਸਾਰਾ ਮੇਰੇ ਵਿਚ ਹੀ ਹੈ ਅਤੇ ਮੈਂ ਪਸਾਰੇ ਵਿਚ ਹੀ ਹਾਂ।

ਅੱਜ ਦੁਨੀਆਂ ਨੇ ਜੀਉਣ ਵਾਸਤੇ ਬੇਅੰਤ ਸਹੂਲਤਾਂ ਪੈਦਾ ਕਰ ਲਈਆਂ ਹਨ। ਇਲੈਕਟ੍ਰਾਨਿਕ ਦੇ ਮੀਡੀਏ ਨੇ ਅਣਹੋਈਆਂ ਗੱਲਾਂ ਨੂੰ ਹੋਈਆਂ ਕਰ ਦਿਤਾ ਹੈ। ਅੱਜ ਇਹ ਮੈਗਜ਼ੀਨ ਇੰਟਰਨੈਟ ਤੇ ਜਾ ਕੇ ਸਾਰੀ ਦੁਨੀਆਂ ਵਿਚ ਬਿਨਾਂ ਮੋਖ ਤੋਂ ਪ੍ਰਾਪਤ ਹੋ ਰਿਹਾ ਹੈ। ਦੁਨੀਆਂ ਇਕ ਇਕਾਈ ਬਣ ਚੁਕੀ ਹੈ ਅਤੇ ਇਹ ਨਵਾਂ ਭਾਈਚਾਰਾ ਉਭਰ ਰਿਹਾ ਹੈ। ਜਾਬਰਾਂ ਦਾ ਸਮਾਂ ਨਹੀਂ ਰਿਹਾ, ਸਰਬ ਸਾਂਝ ਦਾ ਸਮਾਂ ਸਾਮ੍ਹਣੇ ਆ ਰਿਹਾ

ਹੈ। ਮਨੁੱਖ ਨੂੰ ਆਪਣੀ ਹੋਂਦ ਦਾ ਗਿਆਨ ਹੋ ਚੁਕਿਆ ਹੈ, ਪਰ ਅਜੇ ਸਮਾਂ ਲੱਗੇਗਾ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਜੋ ਪੂਰੀ ਤਰ੍ਹਾਂ ਵਿਗਿਆਨਕ ਹਨ, ਨੂੰ ਅਪਣਾਅ ਕੇ ਪਰਮ ਸ਼ਾਂਤੀ ਪ੍ਰਾਪਤ ਕੀਤੀ ਜਾਵੇਗੀ ਅਤੇ ਬੇਗਮਪੁਰਾ, ਸੰਸਾਰ ਵਿਚ ਸਾਕਾਰ ਹੋਵੇਗਾ। ਜਿਸ ਵਿਚ ਕੋਈ ਦੁਖੀ ਨਹੀਂ ਹੋਵੇਗਾ। ਕਈ ਮਜ਼ਬੂਰ ਨਹੀਂ ਹੋਵੇਗਾ। ਸੰਸਾਰ ਵਿਚ ਕੋਈ ਹੱਦਾਂ ਕਾਇਮ ਕਰਕੇ ਧਰਤੀ ਨੂੰ ਵੰਡਿਆ ਨਹੀਂ ਜਾਵੇਗਾ। ਬੇਅੰਤ ਅਮੀਰੀ ਹੋਵੇਗੀ ਪਰ ਉਸ ਲਈ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ਾਂ ਨੂੰ ਸੁਣਿਆ ਜਾਵੇ, ਬੁੱਝਿਆ ਜਾਵੇ ਅਤੇ ਵਰਤੋਂ ਵਿਚ ਲਿਆਂਦਾ ਜਾਵੇ ਅਤੇ ਸੱਚੀ ਭਾਵਨਾ ਦੇ ਨਾਲ ਹਰ ਰੋਜ਼ ਹਿਰਦੇ ਵਿਚੋਂ ਇਕ ਤਰੰਗ ਉਠਾਦਿਆਂ, ਉਸ ਪਰਮ ਸ਼ਕਤੀ ਨਾਲ ਜੁੜ ਕੇ ਕਹਿ ਦਿਤਾ ਜਾਵੇ –

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

***ਸਭੇ ਸਾਝੀਵਾਲ ਸਦਾਇਨਿ***
***ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ ਅੰਗ – 97***

ਇਹ ਖਾਲਸਾ ਆਦਰਸ਼ ਹੈ। ਖਾਲਸਾ ਆਦਰਸ਼ ਵਾਹਿਗੁਰੂ ਜੀ ਦੀ ਮੌਜ ਵਿਚ ਪ੍ਰਗਟ ਹੋਇਆ ਹੈ। ਅਕਾਲ ਪੁਰਖ ਦੀ ਫੌਜ ਹੈ ਜਿਸ ਨੇ ਅਨਿਆਂ, ਗਰੀਬੀ, ਧੱਕੇ ਸ਼ਾਹੀ, ਮਿਲਾਵਟਾਂ, ਸਰਮਾਏ ਦੀ ਅਸਾਵੀਂ ਵੰਡ ਰੋਕ ਕੇ ਅੰਦਰਲੇ ਗਿਆਨ ਦੇ ਦੀਪਕ ਪ੍ਰਜ੍ਵਲਤ ਕਰਨੇ ਹਨ। ਇਹ ਖਾਲਸਾ ਜੀਵਨ ਜਦੋਂ ਸੰਸਾਰ ਅਪਣਾਅ ਲਵੇਗਾ ਤਾਂ ਇਥੇ ਸਵਰਗ ਬਣ ਜਾਵੇਗਾ। ਦੇਵਤੇ ਵੀ ਇਸ ਉਪਰ ਰਸ਼ਕ ਕਰਨਗੇ। ਉਹ ਭੀ ਆ ਕੇ ਇਸ ਮਨੁੱਖ ਦੀ ਸ਼ਾਨ ਤਕਣਗੇ।

ਆਓ, ਆਪਾਂ ਇਸ ਆਦਰਸ਼ ਨੂੰ ਸਮਝੀਏ। 'ਆਤਮ ਮਾਰਗ' ਪੂਰੀ ਤਨ ਦੇਹੀ ਨਾਲ ਇਸ ਆਦਰਸ਼ ਨੂੰ ਸੰਸਾਰ ਵਿਚ ਸਾਕਾਰ ਕਰਨ ਦਾ ਇਛੁਕ ਹੈ ਕਿਉਂਕਿ ਇਸ ਦੇ ਸਾਮ੍ਹਣੇ ਪ੍ਰਕਾਸ਼ ਹੀ ਪ੍ਰਕਾਸ਼ ਹੈ ਜਿਸ ਵਿਚ ਇਹ ਭਾਵ ਹਨ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥ ਅੰਗ – 846***

ਆਪਣੀਆਂ–ਆਪਣੀਆਂ ਸੰਪਰਦਾਵਾਂ ਵਿਚ ਰਹੋ, ਕੋਈ ਫਰਕ ਨਹੀਂ ਪੈਂਦਾ ਪਰ ਸਤਿ ਦੀ ਪਹਿਚਾਣ ਕਰੋ। ਮਹਾਨ ਸਤਿਗੁਰੂ ਨੇ ਫੁਰਮਾਨ ਕੀਤਾ ਹੈ –

***ਕੋਊ ਭਇਓ ਮੂੰਡੀਆ ਸੰਨਿਆਸੀ ਕੋਊ ਜੋਗੀ ਭਇਓ***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ***
***ਮਾਨਸ ਕੀ ਜਾਤ ਸਬੈ ਏਕੋ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***
***ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥***
***ਅਕਾਲ ਉਸਤਤਿ***

ਇਨ੍ਹਾਂ ਆਦਰਸ਼ਾਂ ਨੂੰ ਹਿਰਦੇ ਵਿਚ ਵਸਾਓ। ਕਿਸੇ ਨੂੰ ਬੁਰਾ ਨਾ ਸਮਝੋ। ਖਾਲਸੇ ਲਈ ਕੋਈ ਵੀ ਦੂਜਾ ਨਹੀਂ ਹੈ। ਉਸ ਲਈ ਸਭ ਆਪਣੇ ਹਨ। ਆਪਣੇ ਹੀ ਨਹੀਂ ਉਹ ਸਾਰਿਆਂ ਵਿਚ ਪ੍ਰਮੇਸ਼ਰ ਰੂਪ ਕਰਕੇ ਦੇਖਦਾ ਹੈ, ਉਸ ਦਾ ਜੀਵਨ ਆਦਰਸ਼ ਹੈ–

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***
***ਪੰਨਾ – 272***

ਖਾਲਸਾ ਇਕ ਆਦਰਸ਼ਕ ਜੀਵਨ ਹੈ ਇਸ ਨੂੰ ਭੇਖਾਂ ਦੀ ਭਰਮਾਰ ਦੱਬ ਨਹੀਂ ਸਕਦੀ। ਇਹ ਸਾਰੀ ਸ੍ਰਿਸ਼ਟੀ ਦੇ ਸਾਂਝੇ ਜੀਵਨ ਦੀ ਧੜਕਣ ਹੈ ਇਸ ਖਾਲਸਾ ਆਦਰਸ਼ ਦੀ ਉਪਮਾ ਕੀਤੀ ਨਹੀਂ ਜਾ ਸਕਦੀ। ਫੁਰਮਾਨ ਹੋਇਆ ਹੈ –

***ਸੇਸ ਰਸਨ ਸਾਰਦ ਸੀ ਬੁੱਧ॥***
***ਤਦਪ ਨ ਉਪਮਾ ਬਰਨਤ ਸੁਧ॥***
***ਯਾ ਮੈ ਰੰਚ ਨ ਮਿਥਿਆ ਭਾਖੀ॥***
***ਪਾਰਬ੍ਰਹਮ ਗੁਰ ਨਾਨਕ ਸਾਖੀ॥***
***ਰੋਮ ਰੋਮ ਜੇ ਰਸਨਾ ਪਾਊਂ॥***
***ਤਦਪ ਖ਼ਾਲਸਾ ਜਸ ਤਹਿ ਗਾਊਂ॥***
***ਹੌ ਖ਼ਾਲਸੇ ਕੋ ਖ਼ਾਲਸਾ ਮੇਰੋ॥***
***ਓਤ ਪੋਤਿ ਸਾਗਰ ਬੂੰਦੇਰੋ॥ ਸਰਬ ਲੋਹ ਗ੍ਰੰਥ 'ਚੋਂ***

ਅੱਜ ਜੋ ਇਹ ਸਮਝਦੇ ਹਨ ਕਿ ਅਸੀਂ ਉਸ ਮਹਾਨ ਗੁਰੂ ਦੇ ਵਿਰਸੇ ਨਾਲ ਸਬੰਧ ਰਖਦੇ ਹਾਂ, ਉਹ ਆਪਣੇ ਤੰਗ ਘੇਰਿਆਂ ਵਿਚੋਂ ਹੰਭਲਾ ਮਾਰ ਕੇ ਬਾਹਰ ਨਿਕਲਣ। ਗੁਰਦੁਆਰਿਆਂ ਨੂੰ ਸ਼ਕਤੀ ਪ੍ਰੀਖਿਆ ਦੀ ਪ੍ਰਯੋਗਸ਼ਾਲਾ ਨਾ ਬਣਾਉਣ, ਮੰਦਰਾਂ ਮਸਜਿਦਾਂ ਦਾ ਸਤਿਕਾਰ ਕਰਨ। ਮਸਜਿਦਾਂ ਵਾਲੇ ਦੂਜਿਆਂ ਦਾ ਸਤਿਕਾਰ ਕਰਨ। ਇਹ ਸਾਰੇ ਅਸਥਾਨ ਪ੍ਰਭੂ ਦੇ ਪਿਆਰ ਵਿਚ ਇਕੱਠੇ ਹੋ ਕੇ ਬੈਠਣ ਦੀ ਥਾਂ ਹੈ। ਇਨ੍ਹਾਂ ਦੀਆਂ ਸ਼ਕਲਾਂ ਅਸੀਂ ਬਣਾਈਆਂ ਹਨ, ਇਨ੍ਹਾਂ ਦੀ ਰੂਪ ਰੇਖਾ ਅਸਾਡੇ ਆਪਣੇ ਸੋਚੇ ਹੋਏ ਢੰਗ ਨਾਲ ਹੋਈ ਹੈ। ਮਸਜਿਦ ਵਿਚ ਵੀ ਉਹੋ ਭੱਠੇ ਦੀਆਂ ਇੱਟਾਂ ਲੱਗੀਆਂ ਹੋਈਆਂ ਹਨ ਜਿਸ ਭੱਠੇ ਵਿਚੋਂ ਲਿਆਦੀਆਂ ਇੱਟਾਂ ਗੁਰਦੁਆਰੇ ਵਿਚ ਲੱਗੀਆਂ ਹਨ। ਓਹੀ ਸੀਮਿੰਟ ਲੱਗਿਆ ਹੋਇਆ ਹੈ ਜੋ ਮੰਦਰਾਂ, ਮਸਜਿਦਾਂ, ਗਿਰਜਿਆਂ ਵਿਚ ਲੱਗਿਆ ਹੋਇਆ ਨਜ਼ਰੀਂ ਪੈਂਦਾ ਹੈ। ਓਹੀ ਧਰਤੀ ਹੈ ਜਿਸ ਉਪਰ ਆਪਾਂ ਸਾਰੇ ਖੜ੍ਹੇ ਹਾਂ ਫੇਰ ਵਿਤਕਰਾ ਕਿਸ ਗੱਲ ਦਾ? ਕੇਵਲ ਸ਼ਕਲ ਦੇਖ ਕੇ ਕਿ ਇਸ ਦਾ ਮੁਖ ਦੁਆਰ ਪੂਰਬ ਵਲ ਖੁਲ੍ਹਦਾ ਹੈ ਪਰ ਗੁਰਦੁਆਰੇ ਨੇ ਚਾਰੇ ਪਾਸੇ ਦਰਵਾਜ਼ੇ ਖੋਲ੍ਹ ਕੇ ਬਹਾਈ ਸੰਪਰਦਾ ਵਾਲਿਆਂ ਵਾਂਗੂੰ ਸਭ ਨੂੰ ਸੱਦਾ ਦਿਤਾ ਹੈ ਕਿ ਪ੍ਰਭੂ ਪਿਆਰਿਆ! ਤੂੰ ਆ, ਇਥੇ ਬੈਠ ਕੇ ਨਮਾਜ਼ ਪੜ੍ਹ ਸਕਦਾ ਹੈਂ, ਇਥੇ ਬੈਠ ਕੇ ਗਾਇਤ੍ਰੀ ਦਾ ਪਾਠ ਕਰ ਸਕਦਾ ਹੈਂ, ਬਾਣੀ ਨੂੰ ਵਿਚਾਰ ਸਕਦਾ ਹੈਂ, ਇਹ ਸਭ ਦਾ ਸਾਂਝਾ ਥਾਂ ਹੈ ਪਰ ਇਸ ਥਾਂ ਉਪਰ ਜੇ ਸ਼ਕਤੀ ਨਾਲ ਕਾਬਜ਼ ਹੋਏ ਅਗਿਆਨੀ ਪੁਰਸ਼ ਹੋਣ, ਫੇਰ ਤਾਂ ਉਹ ਇਸ ਆਦਰਸ਼ ਨੂੰ ਆਪੇ ਹੀ ਫੇਲ੍ਹ ਕਰ ਦਿੰਦੇ ਹਨ। ਗੁਰੂ ਪ੍ਰਸੰਨ ਨਹੀਂ ਹੋਣਾ, ਤੁਹਾਡੀ ਵਿਸਾਖੀ ਮਨਾਈ ਸਫਲ ਨਹੀਂ ਹੋਣੀ ਜੇ ਤੁਸੀਂ ਇਸ ਆਦਰਸ਼ ਨੂੰ ਨਾ ਸਮਝਿਆ। ਤੁਸੀਂ ਖਾਲਸਾ ਕਹਾਉਣ ਵਾਲੇ ਸਾਰੇ ਸੰਸਾਰ ਵਿਚੋਂ ਉਚਾ ਨਿਸ਼ਾਨ ਸਾਹਿਬ ਕਾਇਮ ਕਰੀਂ ਆਪਣੀ ਹੋਂਦ ਦਾ ਸਬੂਤ ਦੇ ਰਹੇ ਹੋਂ। ਤੁਹਾਡੇ ਨਿਸ਼ਾਨ ਦਾ

ਹਿਲਦਾ ਫਰੈਰਾ ਦੇਖਣ ਵਾਲੇ ਨੂੰ ਕਹਿ ਰਿਹਾ ਹੈ ਕਿ ਜੇ ਤੇਰੇ ਕੋਲ ਰਹਿਣ ਦਾ ਥਾਂ ਨਹੀਂ ਤਾਂ ਤੇਰੇ ਰੈਣ ਬਸੇਰੇ ਵਾਸਤੇ ਅਸੀਂ ਰਿਹਾਇਸ਼ ਬਣਾਈ ਹੋਈ ਹੈ। ਜੇ ਤੈਨੂੰ ਅਜੇ ਤਕ ਖਾਣਾ ਨਹੀਂ ਮਿਲਿਆ ਤਾਂ ਨਿਸੰਗ ਹੋ ਕੇ ਆ ਜਾ, ਤੈਨੂੰ ਸਤਿਕਾਰ ਪੂਰਵਕ ਲੰਗਰ ਛਕਾਇਆ ਜਾਵੇਗਾ, ਜੇ ਤੂੰ ਬਿਮਾਰ ਹੈਂ ਤਾਂ ਤੂੰ ਬੇਫਿਕਰ ਹੋ ਕੇ ਆ, ਤੇਰੀ ਦਵਾ ਦਾਰੂ ਕੀਤੀ ਜਾਵੇਗੀ, ਜੇ ਤੈਨੂੰ ਕੋਈ ਦੁਖ ਹੈ ਤਾਂ ਆਪਾਂ ਰਲ ਕੇ ਉਸ ਪ੍ਰਭੂ ਅੱਗੇ ਅਰਦਾਸ ਕਰਾਂਗੇ, ਜੋ ਸਾਰੇ ਦੁਖਾਂ ਨੂੰ ਦੂਰ ਕਰਨ ਦੀ ਸਮਰਥਾ ਰਖਦਾ ਹੈ। ਤੁਹਾਡਾ ਨਿਸ਼ਾਨ ਸਾਹਿਬ ਦੁਨੀਆਂ ਨੂੰ ਸੰਦੇਸ਼ ਦੇ ਰਿਹਾ ਹੈ ਇਥੇ ਕੋਈ ਦੂਜਾਇਗੀ ਨਹੀਂ, ਦ੍ਵੈਤ ਨਹੀਂ, ਇਥੇ ਸਰਬ ਜੀਵਨ ਦੀ ਸਾਂਝ ਹੈ। ਇਸ ਥਾਂ ਉਤੇ ਕੋਈ ਜੀਵ ਹੱਤਿਆ ਨਹੀਂ ਕਰ ਸਕਦਾ। ਕੋਈ ਕਿਸੇ ਨੂੰ ਮਾਰ ਨਹੀਂ ਸਕਦਾ ਇਥੇ ਜੀਵਨ ਦਿਤਾ ਜਾਂਦਾ ਹੈ। ਜੀਵਨ ਲਿਆ ਨਹੀਂ ਜਾਂਦਾ। ਇਥੇ ਸਰਬ ਸਾਂਝ ਦਾ ਸੰਦੇਸ਼ਾ ਦਿਤਾ ਜਾਂਦਾ ਹੈ ਇਸ ਥਾਂ ਤੋਂ ਨੂਰ ਦੀ ਫੁਹਾਰ ਉਠਦੀ ਹੈ ਜੋ ਸਾਰੀਆਂ ਹਨ੍ਹੇਰੀਆਂ ਨੁਕਰਾਂ ਨੂੰ ਰੋਸ਼ਨੀ ਦਿੰਦੀ ਜਾ ਰਹੀ ਹੈ। ਇਥੋਂ ਇਕ ਮਧੁਰ ਸੰਗੀਤ ਉਠਦਾ ਹੈ ਜੋ ਅੰਦਰਲੇ ਮਧੁਰ ਸੰਗੀਤ ਨਾਲ ਮਿਲ ਕੇ ਖੇੜਾ ਹੀ ਖੇੜਾ ਦਿੰਦਾ ਹੈ। ਮੁਰਝਾਇਆ ਕਮਲ ਫੁੱਲ ਵਿਗਸ ਜਾਂਦਾ ਹੈ ਅਤੇ ਦੁਨੀਆਂ ਨੂੰ ਖੇੜਾ ਦਿੰਦਾ ਹੈ। ਇਸ ਨੂੰ ਅਪਣਾਓ, ਇਸ ਵਿਚ ਸਾਰੇ ਦੁਖਾਂ ਨੂੰ ਖਤਮ ਕਰਨ ਦੀ ਸਮਰਥਾ ਹੈ। ਇਥੇ ਨਾਮ ਦੀ ਸੋਝੀ ਕਰਾਈ ਜਾਂਦੀ ਹੈ ਜੋ ਹਉਮੈ ਦੇ ਕਰਾਰੇ ਦਰਵਾਜ਼ੇ ਤੋੜ ਦਿੰਦੀ ਹੈ। ਇਥੇ ਦਸਿਆ ਜਾਂਦਾ ਹੈ ਕਿ ਪਰਮ ਪਵਿੱਤਰ ਪਰਮ ਚੇਤਨਾ ਨੇ ਆਪੇ ਸਾਕਾਰ ਹੋ ਕੇ ਅਨੇਕਾਂ ਰੂਪ ਧਾਰੇ ਹੋਏ ਹਨ। ਅੱਖਾਂ ਤੇ ਅਗਿਆਨ ਦਾ ਪਿਆ ਹੋਇਆ ਮੋਤੀਆਬਿੰਦ ਕੱਟਿਆ ਜਾਂਦਾ ਹੈ। ਗਿਆਨ ਦਾ ਅੰਜਨ ਅੰਦਰਲੇ ਸੁਜਾਖੇ ਨੈਣ ਖੋਲ੍ਹ ਦਿੰਦਾ ਹੈ ਫਿਰ ਅਨੁਭਵ ਹੁੰਦਾ ਹੈ ਸਤਿ। ਇਕੋ ਪ੍ਰਭੂ, ਇਕੋ ਅੱਲਾਹ ਇਕ ਰੱਬ ਸਾਰੇ ਰੰਗਾਂ ਰੂਪਾਂ ਦ੍ਰਿਸ਼ਾਂ ਵਿਚ ਪਿਆਰ ਦੇ ਪੂਰਨ ਭਾਵ ਨਾਲ ਰਵਿਆ ਹੋਇਆ ਹੈ।

ਜੰਮ-ਜੰਮ ਮਨਾਓ ਵਿਸਾਖੀ, ਖੁਸ਼ੀ-ਖੁਸ਼ੀ ਮਨਾਓ। ਵਿਸਾਖੀ ਨੂੰ ਕਿਸਾਨ ਖੁਸ਼ ਹੁੰਦਾ ਹੈ ਕਿ ਮੇਰੀ ਫਸਲਾਂ ਨੇ ਆ ਜਾਣਾ ਹੈ, ਮੇਰੇ ਸੰਕਟ ਖਤਮ ਹੋ ਜਾਣੇ ਨੇ, ਮਜ਼ਦੂਰ ਖੁਸ਼ ਹੁੰਦੇ ਹਨ ਕਿ ਪੇਟ ਭਰ ਕੇ ਦਾਣਾ ਖਾਣ ਨੂੰ ਮਿਲਣਾ ਸ਼ੁਰੂ ਹੋਣਾ ਹੈ। ਤਿਆਰੀ ਕੀਤੀ ਜਾਂਦੀ ਹੈ ਕਿ ਆਉਣ ਵਾਲੀਆਂ ਜੇਠ ਦੀਆਂ ਲੋਆਂ ਅਤੇ ਭਾਦੋਂ ਦੇ ਹੁਸੜਾਂ ਅਤੇ ਪੋਹ ਦੇ ਕਕਰਾਂ ਵਿਚੋਂ ਕਿਵੇਂ ਅਨੰਦਮਈ ਵਹਿੰਦੀ ਧਾਰਾ ਵਿਚ ਤਾਰੀਆਂ ਲਾਉਂਦੇ ਅਸੀਂ ਅਗਲੇ ਸਾਲ ਦੀ ਵਿਸਾਖੀ ਤਕ ਪਹੁੰਚਣਾ ਹੈ। ਆਖੋ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ!

***ਪ੍ਰਾਨ ਮੀਤ ਪਰਮਾਤਮਾ ਪੁਰਖੋਤਮ ਪੂਰਾ।***
***ਪੋਖਨਹਾਰਾ ਪਾਤਿਸਾਹ ਪ੍ਰਤਿਪਾਲ ਨ ਊਰਾ।***
***ਪਤਿਤ ਉਧਾਰਨ ਪ੍ਰਾਨਪਤਿ ਸਦ ਸਦਾ ਹਜੂਰਾ।***
***ਵਹ ਪ੍ਰਗਟਿਓ ਪੁਰਖ ਭਗਵੰਤ ਰੂਪ***
***ਗੁਰ ਗੋਬਿੰਦ ਸੂਰਾ।***
***ਅਨਦ ਬਿਨੋਦੀ ਜੀਅ ਜਪਿ ਸਚੁ ਸਚੀ ਵੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।***
***ਭਾਈ ਗੁਰਦਾਸ ਜੀ, (ਦੂਜਾ) ਵਾਰ 41/15***

***ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ॥***
***ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ॥ ੧੦੫ ॥***
***ਹੱਕ ਰਾ ਗੰਜੂਰ ਗੁਰੁ ਗੋਬਿੰਦ ਸਿੰਘ॥***
***ਜੁਮਲਾ ਫੈਜ਼ਿ ਨੂਰ ਗੁਰੁ ਗੋਬਿੰਦ ਸਿੰਘ॥ ੧੦੬॥***
***ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ॥***
***ਸ਼ਾਹਿ ਸ਼ਾਹਨਸ਼ਾਹ ਗੁਰੁ ਗੋਬਿੰਦ ਸਿੰਘ॥੧੦੭॥***
***ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ॥***
***ਖ਼ਸਮ ਰਾ ਜਾਂ ਕਾਹ ਗੁਰੁ ਗੋਬਿੰਦ ਸਿੰਘ॥ ੧੦੮॥***
***ਫਾਇਜ਼ੁਲ ਅਨਵਾਰ ਗੁਰੁ ਗੋਬਿੰਦ ਸਿੰਘ॥***
***ਕਾਸ਼ਫ਼ੁਲ ਅਸਰਾਰ ਗੁਰੁ ਗੋਬਿੰਦ ਸਿੰਘ॥ ੧੦੯॥***
***ਤੌਸੀਫੌ ਸਨਾ, ਭਾਈ ਨੰਦ ਲਾਲ 'ਚੋਂ***

(੧੦੫) ਮਦਦ ਕਰਨ ਵਾਲਾ ਅਤੇ (ਜਿਸਦੀ ਅਕਾਲ ਪੁਰਖ ਵਲੋਂ) ਮਦਦ ਹੋਈ-ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ। ਅਕਾਲ ਪੁਰਖ ਨੂੰ ਭਾਏ ਹੋਏ।

(੧੦੬) ਅਕਾਲ ਪੁਰਖ ਦੇ ਖਜਾਨਚੀ, ਸਾਰੀਆਂ ਬਖਸ਼ਸ਼ਾਂ ਅਤੇ ਰੌਸ਼ਨੀਆਂ (ਦੇ ਮਾਲਕ ਹਨ)

(੧੦੭) ਚੰਗੀ ਤਰ੍ਹਾਂ ਕਰਤਾਰ ਦੇ ਜਾਣੂ, ਮਹਾਰਾਜਿਆਂ ਦੇ ਮਹਾਰਾਜ।

(੧੦੮) ਦੋਹਾਂ ਲੋਕਾਂ ਦੇ ਰਾਜੇ ਵੈਰੀਆਂ ਨੂੰ ਜੀਉਣ ਦਾ ਸੰਸਾ ਪਾ ਦੇਣ ਵਾਲੇ (ਯੋਧਾ)

(੧੦੯) ਬਖਸ਼ਿਸ਼ਾਂ ਦਾ ਨੂਰ ਦੇਣ ਵਾਲੇ, (ਅਕਾਲ ਪੁਰਖ ਦੇ) ਭੇਤ ਦਸਣ ਵਾਲੇ।

***ਤਬ ਸਹਜੇ ਧਰਮ ਪ੍ਰਗਾਸਿਆ***
***ਹਰਿ ਹਰਿ ਜਸ ਗਾਏ।***
***ਵਹ ਪ੍ਰਗਟਿਓ ਮਰਦ ਅਗੰਮੜਾ***
***ਵਰੀਆਮ ਇਕੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥***

ਮਨੁੱਖਤਾ ਵਿਚ ਪਾਏ ਗਏ ਭੇਦ ਮਿਟਾ ਦੇਵੋ। ਗੁਰਦਵਾਰਿਆਂ ਦੀਆਂ ਕਮੇਟੀਆਂ, ਅਹੁਦਿਆਂ ਦੀ ਪ੍ਰਾਪਤੀ ਲਈ ਲੜਾਈ, ਲਾਲਸਾਵਾਂ ਛੱਡੋ। ਗੁਰੂ ਦੇ ਘਰ ਦਾ ਪ੍ਰਬੰਧ ਗੁਰੂ ਦਾ ਪਿਆਰਾ ਹੀ ਕਰ ਸਕਦਾ ਹੈ। ਅਗਿਆਨੀ ਮਾਇਆ ਦੇ ਪਿਆਰੇ ਗੁਰਮਤਿ ਦੀਆਂ ਸੂਖਮਤਾਈਆਂ ਨੂੰ ਨਹੀਂ ਸਮਝ ਸਕਦੇ।

'ਆਤਮ ਮਾਰਗ' ਅਦਾਰਾ ਆਪ ਦੀ ਪੂਰੀ ਮਦਦ ਕਰ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਿਧਾਂਤਾਂ ਨੂੰ ਸੁਖੈਨ ਬੋਲੀ ਵਿਚ ਆਪ ਦੀ ਸੇਵਾ ਵਿਚ ਭੇਜ ਰਿਹਾ ਹੈ। ਇਸ ਨੂੰ ਪੜ੍ਹੋ ਹੋਰਾਂ ਨੂੰ ਪੜ੍ਹਾਓ ਅਤੇ ਪਰਮ ਤੱਤ ਦੀ ਸੋਝੀ ਪ੍ਰਾਪਤ ਕਰੋ ਅਤੇ ਸੰਸਾਰ ਨੂੰ ਕਰਾਓ।

ਆਪ ਸਾਰਿਆਂ ਨੂੰ ਖਾਲਸਾ ਆਦਰਸ਼ ਦੇ ਪ੍ਰਤੱਖ ਰੂਪ ਵਿਚ ਮੂਰਤੀਮਾਨ ਹੋਣ ਦੀ ਵਰ੍ਹੇ ਗੰਢ ਦੀ ਵਧਾਈ ਦਿੰਦਾ ਹਾਂ।

# ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ.ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-40)*

*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥* *ਅੰਗ- ੨੫੧*

ਜੰਮਦਾ ਹੀ ਮਾਇਆ ਨੇ ਮੋਹ ਲਿਆ। ਆਇਆ ਤਾਂ ਇਸ ਕਰਕੇ ਸੀ ਕਿ ਮੈਂ ਨਾਮ ਜਪਾਂਗਾ। ਐਸਾ ਬਾਣੀ ਦੇ ਵਿਚ ਆਉਂਦਾ ਹੈ -

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥* *ਅੰਗ- ੨੫੧*

ਮਾਂ ਦੇ ਪੇਟ ਵਿਚ ਪੁੱਠਾ ਲਟਕਦਾ ਤਪ ਕਰਦਾ ਸੀ। ਸੁਖਮਨਾ ਨਾੜੀ ਦੇ ਵਿਚ ਸੁਰਤ ਹੋਣ ਕਰਕੇ ਇਕ ਸੌ ਜਨਮ ਦਾ ਪਿਛਲਾ ਗਿਆਨ ਸੀ ਇਸ ਨੂੰ। ਪਛਤਾਉਂਦਾ ਸੀ ਕਿ ਮੈਂ ਆਹ ਵੀ ਜਨਮ ਇਸੇ ਤਰ੍ਹਾਂ ਲੰਘਾਇਆ, ਆਹ ਜਨਮ ਐਵੇਂ ਹੀ ਲੰਘਾਇਆ, ਇਹਦੇ ਵਿਚ ਮੈਂ ਵੈਰ ਕਰਦਾ ਰਿਹਾ, ਵਿਰੋਧ ਕਰਦਾ ਰਿਹਾ, ਈਰਖਾ ਕਰਦਾ ਹੈ, ਇਹ ਵੀ ਮੇਰਾ ਐਵੇਂ ਹੀ ਗਿਆ। ਫੇਰ ਕਹਿੰਦਾ, ਹੁਣ ਮੈਂ ਜਪੂੰਗਾ। ਜੇ ਮੈਨੂੰ ਹੁਣ ਮੌਕਾ ਮਿਲ ਜਾਏ ਤਾਂ ਮੈਂ ਹੁਣ ਨਾਮ ਜਪਾਂਗਾ। ਸਵਾਸ-ਸਵਾਸ ਜਪਾਂਗਾ, ਇਕ ਮਿੰਟ ਨਹੀਂ ਮੈਂ ਹਟਦਾ। ਬੇਨਤੀਆਂ ਕਰਦੈ ਕਿ ਹੇ ਪ੍ਰਭੂ! ਹੁਣ ਤੂੰ ਮੈਨੂੰ ਇਸ ਅੰਧ ਕੂਪ ਦੇ ਵਿਚੋਂ ਕੱਢ ਦੇ, ਹੁਣ ਮੈਂ ਤੇਰਾ ਨਾਮ ਜਪਾਂਗਾ। ਉਹ ਕਹਿੰਦੇ, ਐ ਜੀਵ! ਤੈਨੂੰ ਇਕ ਵਾਰੀ ਮਨੁੱਖ ਬਣਾਇਐ ਕਿਤੇ? ਬਹੁਤ ਵਾਰੀ ਤੂੰ ਮਨੁੱਖ ਬਣਿਐ ਤੇ ਜਦੋਂ ਵੀ ਤੂੰ ਮਨੁੱਖ ਬਣਦੈਂ, ਉਸ ਵੇਲੇ ਤੂੰ ਵਾਇਦਾ ਫਰਾਮੋਸ਼ (ਵਾਇਦੇ ਤੋਂ ਮੁਨਕਰ) ਹੋ ਜਾਨੈਂ, ਭੁੱਲ ਜਾਂਦੈ ਆਪਣੇ ਕੀਤੇ ਵਾਅਦਿਆਂ ਨੂੰ। ਉਥੇ ਹੋਰ ਹੀ ਚੀਜ਼ਾਂ ਨੇ, ਉਨ੍ਹਾਂ ਦੇ ਵਿਚ ਫਸ ਜਾਨੈਂ। ਉਹ ਤੈਨੂੰ ਸੁਰਤ ਨਹੀਂ ਆਉਣ ਦਿੰਦੀਆਂ।

ਨਹੀਂ, ਮਹਾਰਾਜ! ਹੁਣ ਮੈਂ ਨਾਮ ਜਪਾਂਗਾ।

ਕਹਿੰਦੇ, ਜਮਾਨਤ ਦੇਹ।

ਕਹਿੰਦਾ, ਮਹਾਰਾਜ! ਜਮਾਨਤ ਇਥੇ ਮੈਂ ਕਾਹਦੀ ਦੇ ਦੇਵਾਂ?

ਕਹਿੰਦੇ, ਪੰਜ ਤੱਤਾਂ ਦੇ ਦੇਵਤੇ ਤੇਰੇ ਨਾਲ ਨੇ।

ਅਕਾਸ਼ ਨੂੰ ਕਿਹਾ, ਉਹਨੇ ਕਿਹਾ ਕਿ ਮੇਰਾ ਤਾਂ ਵਜੂਦ ਹੀ ਨਹੀਂ। ਅੱਗ ਨੂੰ ਕਿਹਾ, ਉਹ ਕਹਿੰਦਾ ਤੇਰਾ ਮੇਰਾ ਕੀ ਸਾਥ ਹੈ? ਮੈਂ ਜਿਥੇ ਹੋਵਾਂ ਉਥੇ ਤੂੰ ਨਹੀਂ ਹੋ ਸਕਦਾ। ਆਪਣਾ ਸਾਥ ਕੀ ਹੈ? ਮੈਂ ਤੈਨੂੰ ਕਿਵੇਂ ਪ੍ਰੇਰਨਾ ਕਰੂੰਗਾ, ਤੂੰ ਤਾਂ ਮੇਰੇ ਤੋਂ ਦੂਰ-ਦੂਰ ਨੱਠਦੈਂ। ਧਰਤੀ ਨੂੰ ਕਿਹਾ, ਉਹ ਕਹਿੰਦਾ ਤੂੰ ਦੇ-ਦੇ, ਜਮਾਨਤ। ਉਹ ਕਹਿੰਦੀ, ਮਾੜੀ ਜਿਹੀ ਮੈਂ ਉਡ ਕੇ ਤੇਰੇ ਉਪਰ ਪੈ ਜਾਵਾਂ, ਹੱਥਾਂ ਨਾਲ ਝਾੜੀ ਜਾਨੈਂ। ਮੈਨੂੰ ਤਾਂ ਤੂੰ ਪੈਰਾਂ ਥੱਲੇ ਹੀ ਰੱਖਦੈਂ। ਕਦੇ ਸੀਸ 'ਤੇ ਵੀ ਚੁੱਕਿਐ? ਮੈਂ ਨਹੀਂ ਤੇਰੀ ਜਮਾਨਤ ਦੇ ਸਕਦੀ। ਇਸ ਤਰ੍ਹਾਂ ਦੇ ਨਾਲ ਹਵਾ ਨੇ ਕਿਹਾ ਕਿ ਮੇਰਾ ਵਜੂਦ ਹੀ ਨਹੀਂ, ਮੈਂ ਤੇਰੀ ਕਿਵੇਂ ਜਮਾਨਤ ਦੇ ਦੇਵਾਂ। ਪਾਣੀ ਰਹਿ ਗਿਆ, ਪਾਣੀ ਦੇ ਕੋਲ ਮਿੰਨਤਾਂ ਕਰਦੈ ਕਿ ਹੇ ਵਰੁਣ ਦੇਵਤਾ! ਤੂੰ ਨਾ ਕਿਤੇ ਮੁਕਰ ਜਾਈਂ, ਹੁਣ ਚਾਰ ਤਾਂ ਜਵਾਬ ਦੇ ਗਏ।

ਉਹ ਕਹਿੰਦਾ, ਦੇਖ ਤੇਰਾ ਇਤਬਾਰ ਕੋਈ ਨਹੀਂ। ਬੇਵਿਸ਼ਵਾਸ਼ਾ ਹੈਂ ਤੂੰ। ਪਰ ਮੈਂ ਸ਼ਰਤ ਰੱਖ ਕੇ ਦੇਵਾਂਗਾ ਜਮਾਨਤ। ਫੇਰ ਬੇਨਤੀ ਕਰਦੈ ਕਿ ਹੇ ਪ੍ਰਭੂ! ਇਹ ਸ਼ਰਤੀਆ ਜਮਾਨਤ ਦਿੰਦੈ।

ਹਾਜ਼ਰ ਹੋਏ, ਦੋਵੇਂ ਜਣੇ। ਕਹਿਣ ਲੱਗੇ, ਕਿਵੇਂ ਦਿੰਨੈਂ?

ਕਹਿਣ ਲੱਗਿਆ, ਮਹਾਰਾਜ! ਇਸ ਜੀਵ ਦਾ ਇਤਬਾਰ ਤਾਂ ਨਹੀਂ ਹੈ। ਇਹ ਤਾਂ 'ਨੈਂ ਲੰਘੀਂ ਖਵਾਜਾ ਵਿਸਰਿਆ। ਕਿੱਡਾ ਹੀ ਇਸ ਉਪਰ ਉਪਕਾਰ ਕਰ ਦੇ, ਮੁੜ ਕੇ ਭੁੱਲ ਜਾਂਦੈ। ਯਾਦ ਹੀ ਨਹੀਂ ਰੱਖਦਾ। ਇਹ ਤੁਹਾਨੂੰ ਨਹੀਂ ਯਾਦ ਰੱਖਦਾ ਜਿਨ੍ਹਾਂ ਨੇ ਸਰੀਰ ਬਣਾਇਐ। ਮੇਰਾ ਕੀ ਇਹਦੇ ਉਤੇ ਬਲ ਚੱਲਣੈ। ਕਹਿੰਦੇ, ਫੇਰ ਜਮਾਨਤ ਦੇਣ ਕਿਉਂ ਆਇਐਂ।

ਕਹਿੰਦਾ, ਮਹਾਰਾਜ ਮੈਂ ਐਨਾ ਕੁ ਕਰ ਦਿੰਦਾ ਹਾਂ। ਜਦੋਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਲੱਗਿਆ ਕਰੇਗਾ, ਸਰੀਰ ਦੇ ਉਤੇ ਇਕ ਦੋ ਕੱਪ ਪਾਣੀ ਦੇ ਪਾਊ, ਮੈਂ ਇਹਦੇ ਮੁੱਖ 'ਚੋਂ ਵਾਹਿਗੁਰੂ, ਰਾਮ, ਅੱਲਾਹ ਕਢਾ ਦਿਆ ਕਰੂੰ। ਅਗਾਂਹ ਇਹ ਜਾਣੇ ਇਹਦਾ ਕੰਮ ਜਾਣੇ। ਸੋ ਮਹਾਰਾਜ ਕਹਿੰਦੇ, ਐਸੇ ਵਾਇਦੇ ਕਰਕੇ ਆਇਆ ਹੋਇਆ ਹੈਂ ਪਿਆਰਿਆ-

*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥* *ਅੰਗ - ੨੫੧*

ਭੁੱਲ ਗਿਆ। ਹੁਣ ਸੰਤ ਹਾਕਾਂ ਮਾਰਦੇ ਫਿਰਦੇ ਨੇ, ਸੰਤਾਂ ਨੂੰ ਬੜੀ ਮੁਸ਼ਕਲ ਆ ਗਈ, ਕਹਿੰਦੇ ਕਿ ਇਹ ਸੁਣਦਾ ਹੀ ਨਹੀਂ ਹੈ, ਬੋਲਾ ਹੈ ਇਹ ਤਾਂ, ਇਹਦੇ ਮਤਲਬ ਦੀ ਗੱਲ ਕਰ ਦਿਓ ਇਕ ਸਕਿੰਟ ਨਹੀਂ ਲਾਉਂਦਾ ਸੁਣਨ

ਨੂੰ। ਉਹ ਦੂਰ ਕਰ ਦਿਓ ਤਾਂ ਵੀ ਕਹੂਗਾ ਕਿ ਮੈਂ ਸੁਣ ਲਈ ਸੀ। ਜੋ ਇਹਦੇ ਭਲੇ ਦੀਆਂ ਗੱਲਾਂ ਕਰੋ, ਕਹਿੰਦੇ, ਉਹ ਨਹੀਂ ਇਹ ਸੁਣਦਾ। ਇਹਦੀ ਬਿਰਤੀ ਐਸੀ ਬਣੀ ਹੋਈ ਕਿ ਉਹ ਬਾਤ ਇਹਨੇ ਸੁਣਨੀ ਨਹੀਂ। ਮਨ 'ਚ ਵਸਾਉਣੀ ਨਹੀਂ ਹੈ -

*ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥*

*ਅੰਗ- ੫੧੮*

ਬੁਰਿਆਈਆਂ ਨੂੰ ਤਾਂ ਸ਼ੇਰ ਵਰਗਾ ਬਣ ਜਾਂਦਾ ਹੈ। ਜੇ ਕਹੇ ਕਿ ਸਤਿਸੰਗ ਹੈ। ਸਤਿਸੰਗ ਮਿਲਦੈ ਸਾਧਸੰਗਤ ਜੀ ਕਦੇ? ਮਹਾਰਾਜ ਕਹਿੰਦੇ, ਨਹੀਂ ਮਿਲਦਾ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥* *ਅੰਗ- ੯੫*

ਉਹ ਤਾਂ ਭਾਗ ਹੋਣ, ਪੁੰਨ ਦਾਨ ਕੀਤੇ ਹੋਣ ਤਾਂ ਦੋ ਚੀਜ਼ਾਂ ਮਿਲਦੀਆਂ ਨੇ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- ੬੪੨*

ਮਿਲਦਾ ਹੀ ਨਹੀਂ ਹੈ, ਕੋਈ ਪੁੰਨ ਕਰਮ ਕਰੇ ਹੋਣ। ਫੇਰ ਮੈਂ ਬੇਨਤੀ ਕਰਦਾਂ, ਕਿ ਸਤਿਸੰਗ ਐਵੇਂ ਨਹੀਂ ਹੁੰਦਾ ਕਿ ਤੁਸੀਂ ਆ ਕੇ ਬੈਠ ਗਏ ਤੇ ਚਲੇ ਗਏ ਸੁਣ ਕੇ ਬਾਬਾ ਜੀ ਦੀਆਂ ਗੱਲਾਂ। ਜਦੋਂ ਤੋਂ ਤੁਸੀਂ ਘਰੋਂ ਇਰਾਦਾ ਬਣਾਇਐ, ਉਸ ਵੇਲੇ ਤੋਂ ਤੁਹਾਡੀ ਹਾਜ਼ਰੀ ਦਰਗਾਹ ਦੇ ਵਿਚ ਚਲ ਪਈ ਹੈ। ਜਿੰਨੇ ਕਦਮ ਤੁਸੀਂ ਤੁਰ ਕੇ ਆਏ ਹੋਂ, ਹਰ ਕਦਮ ਦਾ ਫਲ ਇਕ ਯੱਗ ਦੇ ਬਰਾਬਰ ਹੋਈ ਜਾਂਦੈ। ਜਿੰਨਾਂ ਚਿਰ ਤੁਸੀਂ ਬੈਠੇ ਹੋਂ ਮਨ ਚਿੱਤ ਇਕਾਗਰ ਕਰਕੇ, ਸ਼ਰਧਾ ਤੇ ਭਰੋਸੇ ਦੇ ਨਾਲ ਉਹਦਾ ਫਲ ਕਿੰਨਾ ਹੁੰਦੈ? ਮਹਾਰਾਜ ਕਹਿੰਦੇ ਜੇ ਸਤਿ ਮੰਨੇ -

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

*ਅੰਗ- ੬੬੯*

ਉਹਦਾ ਫਲ ਕਿੰਨਾ ਹੋਏਗਾ? ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*

*ਅੰਗ- ੫੪੬*

ਕੰਨ ਵੀ ਇਥੇ ਕੰਮ ਕਰ ਰਹੇ ਨੇ, ਜ਼ੁਬਾਨ ਵੀ ਕਰ ਰਹੀ ਹੈ। ਜਦੋਂ ਜ਼ੁਬਾਨ ਨਾਲ ਸ਼ਬਦ ਵਿਚ ਬੋਲਦੇ ਹਾਂ, ਕੰਨਾਂ ਨਾਲ ਸੁਣਦੇ ਹਾਂ ਤੇ ਬੁੱਧੀ ਦੇ ਨਾਲ ਵਿਚਾਰਦੇ ਹਾਂ, ਹਿਰਦੇ 'ਚ ਧਾਰਨ ਕਰਦੇ ਹਾਂ ਮਹਾਰਾਜ ਕਹਿੰਦੇ ਫੇਰ ਉਹਨੂੰ ਸਤਿਸੰਗ ਦਾ ਫਲ ਪ੍ਰਾਪਤ ਹੁੰਦੈ। ਕਿੰਨਾ ਫਲ ਹੁੰਦੈ?

ਦੋ ਮਹਾਨ ਰਿਸ਼ੀ ਹੋਏ ਨੇ, ਇਕ ਵਸ਼ਿਸ਼ਟ ਜੀ ਤੇ ਇਕ ਵਿਸ਼ਵਾ ਮਿੱਤਰ। ਵਿਸ਼ਵਾਮਿੱਤਰ ਤਪੀਆ ਸੀ, ਕਹਿਣ ਲੱਗਿਆ, ਵਸ਼ਿਸ਼ਟ ਜੀ ਤੁਸੀਂ ਸਤਿਸੰਗ ਦੀ ਉਸਤਤ ਕਰਦੇ ਹੋਂ। ਤਪ ਦਾ ਕੀ ਮੁਕਾਬਲਾ ਹੈ? ਬੰਦਾ ਪਾਣੀ 'ਚ ਖੜ੍ਹੈ, ਠੰਢ ਦਾ ਮਹੀਨਾ ਹੋਵੇ ਤੇ ਨਹਿਰ 'ਚ ਖੜ੍ਹਾ ਰਹੇ ਬੰਦਾ ਸਾਰੀ ਰਾਤ, ਸਾਰਾ ਦਿਨ? ਊਈਂ ਸੁੰਨ ਹੋ ਜਾਏਗਾ, ਖ਼ੂਨ ਜੰਮ ਜਾਏਗਾ। ਜਿਨ੍ਹਾਂ ਨੇ ਇਹ ਕਰੇ ਨੇ, ਦਸਦੇ ਨੇ ਉਹ, ਅਸੀਂ ਕਿਵੇਂ ਕਰਦੇ ਸੀ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਦਸਦੇ ਨੇ ਕਿ ਜਦੋਂ ਅਸੀਂ ਹੋਤੀ ਮਰਦਾਨ ਜਾਂਦੇ ਸੀ। ਉਥੇ ਕਲਪਾਣੀ ਨਦੀ ਦੇ ਵਿਚ ਇਸ਼ਨਾਨ ਕਰਿਆ ਕਰਦੇ ਸੀ। ਬਰਫ ਜੰਮੀ ਹੁੰਦੀ ਸੀ। ਕਹਿੰਦੇ, ਇਕ ਦਮ ਹੀ ਚੌਂਕੜਾ ਮਾਰ ਕੇ ਬਹਿ ਜਾਂਦੇ ਸੀ। ਕਛਹਿਰਾ ਤਾਂ ਕਸ ਹੋ ਜਾਂਦਾ ਸੀ। ਪਰ ਬਟਨ ਨਹੀਂ ਸੀ ਲਾ ਹੁੰਦੇ ਚੋਲੇ ਦੇ। ਐਨੀ ਠੰਢ ਸੀ। ਬੁੱਕਲ ਮਾਰਨੀ, ਕਹਿੰਦੇ ਬਹਿ ਜਾਣਾ। ਫੇਰ ਨਹੀਂ ਸੀ ਉੱਠ ਹੁੰਦਾ ਕਿ ਫੇਰ ਉੱਠ ਜਾਓ ਘੰਟੇ ਬਾਅਦ। 10 ਵਜਣੇ ਸੂਰਜ ਦੀ ਧੁੱਪ ਲੱਗਣੀ, ਸਰੀਰ ਦੇ ਵਿਚ ਗਰਮੀ ਪੈਦਾ ਹੋਣੀ, ਫੇਰ ਜਾ ਕੇ ਉੱਠ ਕੇ ਖੜ੍ਹੇ ਹੋਣਾ।

ਸੰਤ ਮਹਾਰਾਜ ਮਸਤੂਆਣੇ ਵਾਲੇ, ਜਦੋਂ ਬੰਨੂ ਪਹਾੜ 'ਚ ਤਪ ਕਰਦੇ ਸੀ ਤੇ ਆਪ ਹੇਠਾਂ ਬਉਲੀ ਸੀ, ਉਹਦੇ 'ਚ ਇਸ਼ਨਾਨ ਕਰਕੇ ਬਹਿ ਜਾਂਦੇ ਸੀ ਉਥੇ ਹੀ, ਬਰਫ ਪੈ ਜਾਂਦੀ ਉਤੇ। ਸੇਵਾਦਾਰ ਨੇ ਆਉਣਾ ਤੇ ਕਹਿਣਾ ਕਿ ਫੇਰ ਕੰਬਲ ਦੇ ਦੇਈਂ ਸਾਡੇ ਉਤੇ ਤੇ ਨਾਲ ਆਪਣਾ ਭਖਾਰਾ ਦੇਈਂ ਸਾਨੂੰ, ਤਾਂ ਹੱਡ-ਪੈਰ ਖੁੱਲ੍ਹਣਗੇ।

ਐਵੇਂ ਤਾਂ ਨਹੀਂ ਮਹਾਂਪੁਰਸ਼ ਐਡੇ-ਐਡੇ ਹੁੰਦੇ, ਤਪ ਕੀਤੇ ਹੋਏ ਨੇ ਉਨ੍ਹਾਂ ਨੇ, ਬੰਦਗੀਆਂ ਕੀਤੀਆਂ ਹੋਈਆਂ ਨੇ ਤੇ ਫੇਰ ਜਾ ਕੇ ਕਿਤੇ ਪ੍ਰਾਪਤੀਆਂ ਹੋਇਆ ਕਰਦੀਆਂ ਨੇ। ਐਵੇਂ ਨਹੀਂ ਪ੍ਰਾਪਤੀ ਹੋਇਆ ਕਰਦੀ ਕਿ ਸੁਖਾਲਾ ਜਿਹਾ ਹੀ ਹੋ ਜਾਏ।

ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੇ ਬੰਦਗੀਆਂ ਕੀਤੀਆਂ ਨੇ ਉਨ੍ਹਾਂ ਨੂੰ ਪਤੈ। ਉਹ ਖੱਟ ਲੈਂਦੇ ਨੇ, ਉਨ੍ਹਾਂ ਨੂੰ ਉਹ ਚੀਜ਼ਾਂ ਪ੍ਰਾਪਤ ਹੋ ਜਾਇਆ ਕਰਦੀਆਂ ਨੇ।

ਸੋ ਵਿਸ਼ਵਾ ਮਿੱਤਰ ਕਹਿਣ ਲੱਗਿਆ, ਮੈਂ ਤਪ ਕਰਿਐ। ਤਪ ਵੱਡੀ ਚੀਜ਼ ਹੈ। ਉਹ ਕਹਿੰਦੇ ਕਿ ਫੈਸਲਾ ਕਰਾ ਲਓ। ਜਦੋਂ ਦੋ ਦੀ ਰਾਇ ਨਾ ਰਲਦੀ ਹੋਵੇ, ਕਿਸੇ ਨਤੀਜੇ ਤੇ ਨਾਂਹ ਪਹੁੰਚਦੇ ਹੋਈਏ। ਫੇਰ ਤੀਸਰੇ ਬੰਦੇ ਕੋਲ ਜਾਂਦੇ ਨੇ। ਬ੍ਰਹਮਾ ਜੀ ਕੋਲ ਚਲੇ ਗਏ। ਬ੍ਰਹਮਾ ਜੀ ਨੇ ਕਿਹਾ ਕਿ ਦੋਵੇਂ ਮਹਾਨ ਰਿਸ਼ੀ ਨੇ, ਇਨ੍ਹਾਂ ਨੂੰ ਜਦੋਂ ਤੱਕ ਪ੍ਰਤੱਖ ਨਹੀਂ ਦਿਖਾਇਆ ਜਾਂਦਾ, ਓਨੀਂ ਦੇਰ ਤਕ ਇਨ੍ਹਾਂ ਨੇ ਮੰਨਣਾ ਨਹੀਂ ਹੈ। ਕਹਿੰਦੇ, ਤੁਸੀਂ ਸ਼ਿਵ ਜੀ ਮਹਾਰਾਜ

ਕੋਲ ਚਲੇ ਜਾਓ। ਉਹ ਕਹਿਣ ਲੱਗੇ, ਮੈਂ ਤਾਂ ਧਿਆਨ 'ਚ ਬੈਠਾਂ, ਤੁਸੀਂ ਵਿਸ਼ਨੂੰ ਜੀ ਜਿਹੜੇ ਪ੍ਰਮੁੱਖ ਦੇਵਤਾ ਨੇ ਉਨ੍ਹਾਂ ਕੋਲ ਚਲੇ ਜਾਓ। ਉਹ ਉਥੇ ਚਲੇ ਜਾਂਦੇ ਨੇ, ਉਹ ਕਹਿੰਦੇ ਮੈਂ ਤਾਂ ਇਸ ਵੇਲੇ ਸੰਸਾਰ ਨੂੰ ਰਿਜ਼ਕ ਦੇਣ ਵਾਸਤੇ ਰੁਝਿਆ ਹੋਇਆ ਹਾਂ ਕਿਉਂਕਿ ਮੇਰਾ ਨਾਮ ਵਿਸ਼ੰਭਰ ਹੈ, ਤੇ ਮੈਂ ਸਾਰੇ ਭੁੱਖਿਆਂ ਨੂੰ ਪ੍ਰਸ਼ਾਦਾ ਦੇ ਰਿਹਾਂ ਤੇ ਤੁਸੀਂ ਸ਼ੇਸ਼ ਨਾਗ ਕੋਲ ਚਲੇ ਜਾਓ। ਸੇਸ਼ ਨਾਗ ਕੋਲ ਗਏ, ਉਹ ਕਹਿੰਦੇ, ਦੇਖੋ ਭਾਈ! ਮੈਂ ਤਾਂ ਪ੍ਰਮੇਸ਼ਰ ਦਾ ਨਾਮ ਜਪਦਾਂ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਲਿਖਦੇ ਨੇ ਕਿ ਸ਼ੇਸ਼ ਨਾਗ ਦੋ ਹਜ਼ਾਰ ਨਵੇਂ ਨਾਉਂ ਰੋਜ਼ ਜਪਦੈ। ਮੈਨੂੰ ਤਾਂ ਨਹੀਂ ਹੈ ਫੁਰਸਤ। ਪਹਿਲਾਂ ਇਨ੍ਹਾਂ ਧਰਤੀਆਂ ਨੂੰ ਸਾਂਭਣ ਦਾ ਕੋਈ ਵਸੀਲਾ ਬਣਾਓ, ਫੇਰ ਮੈਂ ਗੱਲ ਕਰੂੰ। ਵਿਸ਼ਵਾਮਿੱਤਰ ਜੀ ਨੇ ਕਿਹਾ ਕਿ ਮੈਂ ਦਸ ਹਜ਼ਾਰ ਸਾਲ ਦਾ ਤਪ ਦਿੰਦਾਂ।

ਧਿਆਨ ਨਾਲ ਸੁਣਿਓ ਗੱਲ, ਐਵੇਂ ਨਹੀਂ ਇਹ ਗੱਲਾਂ ਹੈਗੀਆਂ।

ਧਰਤੀਆਂ ਡੋਲ ਰਹੀਆਂ ਨੇ, ਗੁਰੂਤਾ ਸ਼ਕਤੀ ਜਿਹੜੀ ਸੀ ਉਹ ਤੁਲਨਾ ਕਰ ਨਾ ਸਕੀ ਉਹਦੀ। ਕਹਿੰਦਾ ਹੁਣ 20 ਹਜ਼ਾਰ ਸਾਲ, ਹੁੰਦੇ-ਹੁੰਦੇ 58 ਹਜ਼ਾਰ ਸਾਲ ਤਪ ਦਾ ਫਲ ਦੇ ਦਿਤਾ। ਕਹਿੰਦੇ, ਹੋਰ ਦੇ ਇਹ ਤਾਂ ਧਰਤੀਆਂ ਡੋਲਦੀਆਂ ਨੇ? ਕਹਿੰਦੇ, ਹੋਰ ਤਾਂ ਮੈਂ ਤਪ ਨਹੀਂ ਕਰਿਆ। ਕਹਿੰਦੇ, ਵਸਿਸ਼ਟ ਜੀ ਤੁਸੀਂ ਦਿਓ?

ਕਹਿੰਦੇ, ਮੈਂ ਸਿਰਫ 4 ਘੜੀ ਮਨ, ਚਿੱਤ, ਇਕਾਗਰ ਕਰਕੇ ਪ੍ਰਭੂ ਦਾ ਜਸ ਕੀਤਾ ਹੋਇਐ, ਸਤਿਸੰਗ ਕੀਤੀ ਹੋਈ, ਉਹਦਾ ਫਲ ਦਿੰਨਾਂ। ਜਦੋਂ ਉਹਦਾ ਫਲ ਦਿਤਾ ਤਾਂ ਸਾਰੇ ਹੀ ਉਸੇ ਵੇਲੇ ਡੋਲਣ ਤੋਂ ਹਟ ਗਏ।

ਉਹ ਕਹਿਣ ਲੱਗੇ, ਦੇਖੋ ਹੁਣ ਮੈਂ ਕੀ ਫੈਸਲਾ ਕਰਨਾ ਹੈ। ਕਿੱਥੇ ਚਾਰ ਘੜੀ, 100 ਮਿੰਟ ਦੀ ਸਤਿਸੰਗ ਤੇ ਕਿੱਥੇ 58 ਹਜ਼ਾਰ ਸਾਲ ਦਾ ਤਪ। ਤੁਸੀਂ ਆਪੇ ਹੀ ਦੇਖ ਲਓ ਕਿ ਕਿਹੜੀ ਚੀਜ਼ ਜ਼ਿਆਦਾ ਹੋ ਗਈ। ਸੋ ਉਹ ਸਤਿਸੰਗ ਕਲਜੁਗ ਦੇ ਵਿਚ ਪ੍ਰਾਪਤ ਹੋਇਐ ਆਪਾਂ ਨੂੰ। ਵਾਹਿਗੁਰੂ ਦੀ ਮਿਹਰ ਹੋਈ ਹੈ। ਕਿਉਂਕਿ ਜ਼ਮਾਨਾ ਜਿਹੜਾ ਹੈ ਸੜ ਬਲ ਰਿਹਾ ਹੈ। ਇਹਦੇ ਵਿਚ ਸਤਿਸੰਗ ਮਿਲ ਜਾਣਾ, ਇਹ ਜਿਹੜੇ ਪੂਰਬਲੇ ਕਰਮ ਨੇ, ਉੱਚੇ ਭਾਗ ਨੇ ਉਨ੍ਹਾਂ ਕਰਕੇ ਮਿਲਿਆ ਕਰਦੈ - ***'ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥ '*** ਇਹ ਸਤਿਸੰਗ ਦੇ ਵਿਚ ਆ ਕੇ ਸੋਝੀ ਪੈਂਦੀ ਹੈ।

ਸੋ ਇਹ ਬੰਦਾ ਜਿਹੜਾ ਹੈ ਇਹ ਵਾਇਦੇ ਕਰ-ਕਰ ਕੇ ਆਇਐ ਕਿ ਹੇ ਪ੍ਰਭੂ! ਮੈਂ ਹੁਣ ਤੇਰਾ ਨਾਮ ਜਪਾਂਗਾ। ਹੋਇਆ ਕੀ? ਕਹਿੰਦੇ, ਜਿਸ ਵਕਤ ਪੈਦਾ ਹੋਇਆ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਅੰਗ- ੯੨੧*

ਪਰਿਵਾਰ 'ਚ ਵਧਾਈਆਂ-ਵਧਾਈਆਂ ਹੋਣ ਲਗ ਗਈਆਂ। ਜਿਹੜੇ ਇਸ ਤੋਂ ਵੀ ਜ਼ਿਆਦਾ ਨੇ ਉਹ ਜਾਨਵਰ ਵੱਢ-ਵੱਢ ਕੇ ਖਾਣ ਲਗ ਗਏ। ਸ਼ਰਾਬ ਦੀਆਂ ਬੋਤਲਾਂ ਆ ਗਈਆਂ। ਦੂਜੇ ਪਾਸੇ ਕੀ ਹੋਇਆ -

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*
*ਅੰਗ- ੯੨੧*

ਜਿਹੜੀ ਲਿਵ ਲੱਗੀ ਹੋਈ ਸੀ, ਪ੍ਰਮੇਸ਼ਰ ਦੇ ਨਾਮ ਦੀ ਧੁਨ ਸੁਣਦੀ ਸੀ, ਉਹ ਟੁੱਟ ਗਈ। ਹੁਣ ਤ੍ਰਿਸ਼ਨਾ ਕਾਹਦੀ ਲਗ ਗਈ-

*ਪਹਿਲੈ ਪਿਆਰਿ ਲਗਾ ਥਣ ਦੁਧਿ ॥ ਅੰਗ - ੧੩੭*

ਦੁੱਧ ਦੀ ਵਾਸ਼ਨਾ ਆਈ ਇਹਨੂੰ। ਦੁੱਧ ਪੀਤਾ, ਕੋਈ ਜਾਨਵਰ ਹੈ ਚਾਹੇ ਕੋਈ, ਚਾਹੇ ਬੱਛਰੂ ਹੈ, ਕੱਟਰੂ ਹੈ। ਆਪੇ ਦੁੱਧ ਵਲ ਨੂੰ ਆ ਜਾਂਦੈ।

*ਦੂਜੈ ਮਾਇ ਬਾਪ ਕੀ ਸੁਧਿ ॥ ਅੰਗ- ੧੩੭*

ਫੇਰ ਜਿਹੜੇ ਸਭ ਤੋਂ ਨੇੜੇ ਲਗਦੇ ਸੀ - ਮਾਂ, ਪਤਾ ਲੱਗ ਗਿਆ ਕਿ ਆਹ ਹੈ ਮੇਰੀ। ਆਹ ਮੇਰਾ ਪਿਉ ਹੈ। ਥੋੜ੍ਹਾ ਚਿਰ ਪਹਿਲਾਂ ਤਾਂ ਕੁਛ ਵੀ ਨਹੀਂ ਸੀਗਾ। ਨਾ ਮਾਂ ਸੀ, ਨਾ ਪਿਓ ਸੀ। ਰਿਸ਼ਤਾ ਗੰਢਿਆ ਗਿਆ।

*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥ ਅੰਗ- ੧੩੭*

ਫੇਰ ਆ ਗਿਆ ਵੇਲਾ, ਕ੍ਰੋਧ ਆਉਣ ਲਗ ਗਿਆ। ਬੱਚੇ ਕਹਿਣਾ ਨਹੀਂ ਮੰਨਦੇ। ਉਹ ਕਹਿੰਦੈ ਇਸ ਤਰ੍ਹਾਂ ਕਰਨੈ। ਉਹ ਕਹਿੰਦਾ ਤੂੰ ਬਿਲਕੁਲ ਹੀ ਗਲਤ ਹੈਂ। ਤੂੰ ਕੀ ਕਰਿਐ ਸਾਰੀ ਜ਼ਿੰਦਗੀ 'ਚ, ਅਸੀਂ ਕਰਕੇ ਦਿਖਾਵਾਂਗੇ। ਕੋਨੇ 'ਤੇ ਲਾ ਦਿੰਦੇ ਨੇ, ਕੱਢ ਕੇ ਬਿਠਾ ਦਿੰਦੇ ਨੇ ਕਿ ਤੂੰ ਬਾਹਰ ਹੀ ਰਿਹਾ ਕਰ। ਪਿਆਰ ਨਹੀਂ ਮਿਲਦਾ, ਜਿਹੜੇ ਪਿਆਰ ਨਾਲ ਬੱਚੇ ਪਾਲੇ ਨੇ, ਉਹ ਪਿਆਰ ਮੁੜ ਕੇ ਮਿਲਿਆ ਨਹੀਂ ਕਰਦਾ। ਮਾਂ-ਬਾਪ ਤਰਸਦੇ ਨੇ ਬੱਚਿਆਂ

*(ਬਾਕੀ ਪੰਨਾ 39 'ਤੇ)*

ਸੰਤ ਬਾਬਾ ਲਖਬੀਰ ਸਿੰਘ ਜੀ ਵੱਲੋਂ ਵੱਖ-ਵੱਖ ਇਲਾਕਿਆਂ ਵਿੱਚ ਗੁਰਮਤਿ ਸਮਾਗਮ ਦ੍ਰਿਸ਼।



ਨਾਨਕਪੁਰੀ ਟਾਂਡਾ (ਯੂ.ਪੀ.)


ਝੰਬੇਲਵਾਲੀ ਮੰਡੀ (ਸ੍ਰੀ ਮੁਕਤਸਰ ਸਾਹਿਬ)

## ਮਝੋਲਾ ਫਾਰਮ (ਯੂ.ਪੀ)



# ਸਿਤਾਰਗੰਜ (ਉਤਰਾਖੰਡ)



## ਸੰਤ ਬਾਬਾ ਹਰਪਾਲ ਸਿੰਘ ਜੀ ਵੱਲੋਂ ਵੱਖ-ਵੱਖ ਇਲਾਕਿਆਂ ਵਿੱਚ ਗੁਰਮਤਿ ਸਮਾਗਮ ਦ੍ਰਿਸ਼।




ਨਗਰ ਪੈਂਤਪੁਰ (ਨੇੜੇ ਰਤਵਾੜਾ ਸਾਹਿਬ)

ਚਾਹੜਮਾਜਰਾ (ਨੇੜੇ ਰਤਵਾੜਾ ਸਾਹਿਬ)


ਨਗਰ ਖਟਕੜ ਕਲਾਂ (ਦੁਆਬਾ)
KALSI


ਨਗਰ ਲਾਛੜੂ (ਪਟਿਆਲਾ)
KALSI
ਨਗਰ ਪੈਂਤਪੁਰ




ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਤੇ ਨਗਰ ਰਾਮਗੜ੍ਹ (ਪੱਟੀ ਟੇਕ ਸਿੰਘ) ਸੰਤ ਬੇਲੇ ਦੇ ਪ੍ਰੇਮੀਆਂ ਵੱਲੋਂ ਗੰਨੇ ਦੇ ਰਸ ਦਾ ਲੰਗਰ ।
ਸੰਤ ਬਾਬਾ ਹਰਪਾਲ ਸਿੰਘ ਜੀ ਸੇਵਾਦਾਰਾਂ ਨੂੰ ਸਨਮਾਨਿਤ ਕਰਦੇ ਹੋਏ।












ਹੋਲੇ ਮਹੱਲੇ ਦੌਰਾਨ ਆਤਮ ਮਾਰਗ ਸਟਾਲ ਦ੍ਰਿਸ਼।

(ਪੰਨਾ 30 ਦੀ ਬਾਕੀ)

ਦੇ ਪਿਆਰ ਨੂੰ। ਬੱਚਿਆਂ ਨੂੰ ਵਿਹਲ ਹੀ ਨਹੀਂ ਹੈ ਕਿ ਬੱਚਿਆਂ ਨਾਲ ਗੱਲ ਵੀ ਕਰ ਲਈਏ। ਘੱਟ ਤੋਂ ਘੱਟ ਸੌਣ ਤੋਂ ਪਹਿਲਾਂ ਐਨਾ ਹੀ ਕਹਿ ਦਿਓ ਕਿ ਅਸੀਂ ਹੁਣ ਸੌਂ ਰਹੇ ਹਾਂ। ਉੱਠ ਕੇ ਅਸੀਂ ਸਤਿ ਸ੍ਰੀ ਅਕਾਲ ਹੀ ਬੁਲਾ ਦੇਈਏ ਜਾਂ ਚਰਨੀਂ ਮੱਥਾ ਟੇਕ ਦੇਈਏ। ਮਾਯੂਸ ਹੋ ਜਾਂਦੇ ਨੇ ਜ਼ਿੰਦਗੀ ਤੋਂ ਮਾਂ-ਬਾਪ।

*ਦਸਵੈ ਦਧਾ ਹੋਆ ਸੁਆਹ ॥ ਅੰਗ- ੧੩੭*

ਆਹ ਜੀਵਨ ਬਣ ਜਾਂਦੈ। ਭੁੱਲ ਜਾਂਦਾ ਹੈ ਇਹ ਆ ਕੇ ਸੰਸਾਰ ਦੇ ਅੰਦਰ। ਮਹਾਰਾਜ ਕਹਿੰਦੇ, ਬਹੁਤ ਵਾਰੀ ਹੋਇਐ, ਹਰ ਵਕਤ ਭੁੱਲਦੈ। ਸਾਧੂ, ਸੰਤਾਂ ਦੀ ਪ੍ਰਮੇਸ਼ਰ ਨੇ ਡਿਊਟੀ ਲਾ ਦਿਤੀ। ਉਹ ਕਹਿੰਦੇ, ਅਸੀਂ ਕਰੀਏ ਕੀ ਇਹ ਸੁਣਦਾ ਹੀ ਨਹੀਂ। ਬੋਲੇ ਜੀਵ ਨਾਲ ਵਾਹ ਪੈ ਗਿਆ ਜਾਂ ਇਸ ਤਰ੍ਹਾਂ ਕਹਿ ਲਓ ਕਿ ਇਹਦੇ ਭਾਗ ਐਨੇ ਮੰਦੇ ਨੇ ਕਿ ਚਾਰੇ ਵੇਦ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਛੇ ਸ਼ਾਸਤਰ, ਤੌਰੇਤ, ਅੰਜੀਲ, ਜੰਬੂਰ, ਬਾਈਬਲ; ਸਾਰੇ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਮੇਤ, ਇਸ ਜੀਵ ਨੂੰ ਇਕੋ ਗੱਲ ਸਮਝਾਉਂਦੇ ਨੇ ਕਿ ਪਿਆਰਿਆ! ਤੂੰ ਇਕ ਗੱਲ ਨੋਟ ਕਰ ਲੈ ਸਾਡੀ-

*ਧਾਰਨਾ- ਇਹੋ ਤੇਰੀ ਵਾਰੀ ਐ,*
*ਗੋਬਿੰਦ ਮਿਲਣੇ ਦੀ।*

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- ੧੨*

ਜਿਹੜੇ ਕੰਮਾਂ 'ਚ ਰੁਝਿਆ ਹੋਇਐਂ, ਇਹ ਨਹੀਂ ਕਿਸੇ ਕੰਮ ਆਉਣੇ। ਵੱਡਾ ਬਣ ਜਾ ਜਿੰਨਾਂ ਬਣਨੈ। ਜੋ ਕੁਛ ਕਰਨੈ ਕਰ ਲੈ। ਸਭ ਛੱਡ ਕੇ ਤੁਰ ਜਾਏਂਗਾ। ਤੂੰ ਅਸਲੀ ਕੰਮ ਜਿਹੜਾ ਕਰਨ ਆਇਐਂ ਉਹ ਤਾਂ ਤੂੰ ਕੀਤਾ ਨਹੀਂ ਹੈ। ਸੋ ਮਹਾਤਮਾ ਹਾਕਾਂ ਮਾਰਦੇ ਨੇ, ਉੱਚੀ-ਉੱਚੀ ਕਹਿੰਦੇ ਨੇ, ਤੁਰੇ ਫਿਰਦੇ ਨੇ ਕਿ ਕਿਸੇ ਬੋਲੇ ਦੇ ਕੰਨ ਵਿਚ ਖਬਰ ਪਹੁੰਚ ਜਾਵੇ। ਪਰ ਕਹਿੰਦੇ ਕਿ ਕਰੀਏ ਕੀ-

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ- ੧੩੭੮*

ਪਰ ਕਹਿੰਦੇ ਚਿੱਤ ਨਹੀਂ ਫੇਰਦਾ -

*ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ,*
*ਦਿੱਤੀਆਂ ਬਾਂਗਾਂ ਤੋਂ ਨਾ ਜਾਗਦੇ।*

ਬੇਵਸੀ ਦਿਖਾ ਦਿਤੀ। ਸੈਤਾਨ ਬੈਠਾ ਹੈ ਅੰਦਰ, ਚਿੱਤ ਨਹੀਂ ਫੇਰਨ ਦਿੰਦਾ। ਸੁਣਦੈ ਸਤਿਸੰਗ, ਫੇਰ ਉਥੇ ਦਾ ਉਥੇ। ਕਿਉਂ ਭੁੱਲ ਪੈਂਦੀ ਹੈ? ਸਾਰੇ ਮਹਾਂਪੁਰਸ਼ ਸੋਚਦੇ ਨੇ ਕਿ ਭੁੱਲ ਕਿਉਂ ਪੈ ਜਾਂਦੀ ਹੈ। ਕਾਰਨ ਕੀ ਹੈ? ਇਹ ਬੰਦਾ ਕਿਉਂ ਨਹੀਂ ਲਗਦਾ।

ਗੁਰੂ ਨੌਵੇਂ ਪਾਤਸ਼ਾਹ ਨੂੰ ਪੁੱਛਿਆ ਕਿ ਪਾਤਸ਼ਾਹ! ਇਹ ਬੰਦਾ ਸਮਝਦੈ, ਵੱਡੀਆਂ-ਵੱਡੀਆਂ ਗੱਲਾਂ ਸਮਝ ਜਾਂਦੈ। ਪਰ ਇਹ ਪ੍ਰਮੇਸ਼ਰ ਦੇ ਰਸਤੇ ਤੇ ਕਿਉਂ ਨਹੀਂ ਲਗਦਾ। ਮਹਾਰਾਜ ਕਹਿੰਦੇ, ਪਿਆਰਿਓ! ਇਹਨੂੰ ਇਹ ਪੱਕਾ ਭਰੋਸਾ ਹੋਇਆ-ਹੋਇਆ ਹੈ ਕਿ ਮੈਂ ਸੰਸਾਰ ਤੋਂ ਨਹੀਂ ਜਾਣਾ, ਮੈਂ ਇੱਥੇ ਹੀ ਰਹਿਣਾ ਹੈ। ਜੇ ਇਹਨੂੰ ਇਹ ਚਿੱਤ 'ਚ ਹੋਵੇ ਕਿ ਆਹ ਸੰਸਾਰ ਤਾਂ ਛੱਡ ਜਾਣੈ, ਕੋਈ ਜਗ੍ਹਾ ਹੋਰ ਹੈ ਜਿੱਥੇ ਮੈਂ ਜਾਣਾ ਹੈ। ਉਹਨੂੰ ਸੰਭਾਲਾਂ। ਇਕ ਦ੍ਰਿਸ਼ਟਾਂਤ ਦੇ ਨਾਲ ਗੱਲ ਸਮਝ 'ਚ ਆ ਜਾਵੇਗੀ।

ਇਕ ਰਾਜਾ ਸੀ, ਬੜਾ ਸਿਆਣਾ ਸੀ। ਉਸ ਰਾਜ ਦੇ ਵਿਚ ਇਹ ਰੂਲ ਚਲਦਾ ਸੀ ਕਿ ਰਾਜਾ ਵੀਹ ਸਾਲ ਤੋਂ ਵੱਧ ਗੱਦੀ 'ਤੇ ਨਹੀਂ ਸੀ ਬੈਠ ਸਕਦਾ। ਉਸ ਤੋਂ ਬਾਅਦ ਦੋ ਤਿੰਨ ਸੌ ਮੀਲ ਦੇ ਉਤੇ ਇਕ ਨਿਰਜਨ ਟਾਪੂ ਸੀ। ਉਹਦੇ ਵਿਚ ਉਹਨੂੰ ਛੱਡ ਆਉਂਦੇ ਸੀ। ਕੋਈ ਤਖਤ ਦਾ ਦਾਵੇਦਾਰ ਨਾ ਬਣਿਆ ਕਰੇ। ਬੜੀਆਂ ਅਪੀਲਾਂ ਕਰਿਆ ਕਰਨ। ਪਤਾ ਸੀ ਕਿ ਵੀਹ ਸਾਲ ਬਾਅਦ ਕੀ ਕਰਿਆ ਕਰਾਂਗੇ। ਵੀਹ ਸਾਲ ਤਾਂ ਐਵੇਂ ਲੰਘ ਜਾਂਦੇ ਨੇ। ਇਕ ਸਿਆਣਾ ਨੌਜਵਾਨ ਆ ਗਿਆ। ਕਹਿਣ ਲੱਗਿਆ ਕਿ ਮੈਂ ਬੈਠਣਾ ਹੈ ਗੱਦੀ 'ਤੇ, ਗੱਦੀ 'ਤੇ ਬਹਿ ਗਿਆ। ਥੋੜ੍ਹੇ ਦਿਨਾਂ ਤੋਂ ਬਾਅਦ ਜਦੋਂ ਰਾਜ ਭਾਗ ਦੇ ਸਾਰੇ ਕਾਨੂੰਨਾਂ ਨੂੰ ਸਮਝ ਲਿਆ, ਹੱਥ ਆ ਗਈ ਤਾਕਤ। ਕਹਿਣ ਲੱਗਿਆ, ਇਸ ਤਰ੍ਹਾਂ ਜਹਾਜ਼ ਬਣਾਓ। ਜਹਾਜ਼ ਭਰ ਕੇ ਉਥੇ ਲੈ ਗਿਆ, ਜਿੱਥੇ ਜਾ ਕੇ ਰਾਜੇ ਨੂੰ ਛੱਡਿਆ ਕਰਦੇ ਸੀ। ਉਤਰ ਗਏ, ਉਤਰ ਕੇ ਕੀ ਦੇਖਦੇ ਨੇ ਕਿ ਬੜੀ ਭਿਆਨਕ ਥਾਂ ਹੈ। ਬੜੇ ਭਿਆਨਕ ਇਥੇ ਜੰਗਲੀ ਜਾਨਵਰ ਰਹਿੰਦੇ ਨੇ। ਇਹ ਤਾਂ ਬੰਦੇ ਨੂੰ ਆਉਂਦੇ ਨੂੰ ਹੀ ਖਾ ਪੀ ਜਾਂਦੇ ਨੇ। ਰੋਟੀ ਦਾ ਇਥੇ ਕੋਈ ਪ੍ਰਬੰਧ ਨਹੀਂ। ਇੰਜਨੀਅਰਜ਼ ਨੂੰ ਕਹਿਣ ਲੱਗਿਆ ਕਿ ਇਸ ਨੂੰ ਐਨਾ ਚੰਗਾ ਬਣਾ ਦਿਓ ਕਿ ਦੁਨੀਆਂ ਘੁੰਮਣ ਫਿਰਨ, ਦੇਖਣ ਵਾਸਤੇ ਤਾਂਤੇ ਬੰਨ੍ਹ ਲਏ। ਸਹੂਲਤਾਂ ਪੈਦਾ ਕਰ ਦਿਓ, ਇਸ ਜਜੀਰੇ ਦੇ ਵਿਚ ਇਹੋ ਜਿਹੀਆਂ ਚੀਜ਼ਾਂ ਲਿਆਓ। ਵੀਹ ਸਾਲ ਦੀ ਮਿਹਨਤ ਦੇ ਨਾਲ ਐਨਾ ਸੋਹਣਾ ਹੋ ਗਿਆ ਕਿ ਹਰੇਕ ਦਾ ਜੀਅ ਕਰੇ ਕਿ ਉਥੇ ਜਾ ਕੇ ਵਸੀਏ। ਰਾਜਾ ਕਹਿਣ ਲੱਗਿਆ ਕਿ ਲਓ ਬਈ, ਵੀਹ ਸਾਲ ਪੂਰੇ ਹੋਣ 'ਚ ਰਹਿ ਗਏ ਛੇ ਮਹੀਨੇ ਤੇ ਮੈਂ ਤੁਹਾਨੂੰ ਸਮਾਂ ਦਿੰਨਾਂ ਕਿ ਛੇ ਮਹੀਨਿਆਂ ਦੇ ਅੰਦਰ-ਅੰਦਰ ਨਵਾਂ ਰਾਜਾ ਟੋਲ੍ਹ ਲਓ ਜਿਹਨੇ ਗੱਦੀ 'ਤੇ ਬੈਠਣੈ। ਮੀਟਿੰਗ ਹੋਈ ਸਾਰਿਆਂ ਦੀ। ਕਹਿਣ ਲੱਗੇ, ਹੁਣ ਤਾਂ ਉਹ ਥਾਂ ਹੀ ਐਹੋ ਜਿਹਾ ਵਧੀਆ ਬਣ ਗਿਆ, ਉਥੇ ਸਾਡਾ ਵੀ ਜੀਅ

ਕਰਦੈ ਕਿ ਚੱਲੀਏ। ਇਸ ਰਾਜੇ ਨੂੰ ਹੀ ਰਹਿਣ ਦਿਓ ਇਹ ਸੋਝੀ ਵਾਲੈ। ਇਹ ਇਕ ਦ੍ਰਿਸ਼ਟਾਂਤ ਹੈ।

ਜਿਹਨੇ ਆਪਣਾ ਅੱਗਾ ਸੰਵਾਰ ਲਿਆ, ਇਥੇ ਬੈਠੇ-ਬੈਠੇ ਨੇ। ਉਹ ਤਾਂ ਕਹਿੰਦੈ ਕਿ ਮੈਂ ਕਿਹੜੇ ਵੇਲੇ ਪੰਜ ਭੂਤਕ ਸਰੀਰ 'ਚੋਂ ਨਿਕਲਾਂ ਤੇ ਅਸੀਂ ਆਪਣੇ ਘਰ ਜਾ ਕੇ ਮਹਾਨ ਅਨੰਦ ਦੀ ਪ੍ਰਾਪਤੀ ਕਰੀਏ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ- ੧੩੬੫*

ਕਿਉਂਕਿ ਅੱਗਾ ਸੰਵਾਰ ਲਿਆ ਉਸ ਨੇ। ਜਿਹੜਾ ਅੱਗਾ ਨਹੀਂ ਸੰਵਾਰਦਾ ਉਸ ਲਈ ਮੁਸ਼ਕਲ ਹੈ। ਸੋ ਇਸ ਤਰ੍ਹਾਂ ਦੇ ਨਾਲ ਸਮਝਦਾ ਨਹੀਂ ਬੰਦਾ। ਸਮਝਾਉਂਦੇ ਨੇ ਸਾਰੇ। ਕਹਿੰਦੇ, ਇਹ ਗੱਲ ਹੈ ਕਿ ਇਹ ਸਮਝਦਾ ਕਿਉਂ ਨਹੀਂ?

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕਹਿਣ ਲੱਗੇ, ਪਿਆਰਿਓ! ਇਹਨੂੰ ਅਗਲੇ ਘਰ ਦਾ ਪਤਾ ਨਹੀਂ ਕਿ ਮੇਰੇ ਨਾਲ ਕੀ ਵਰਤਣਾ ਹੈ। ਉਹ ਇਹ ਸਮਝਦੈ ਕਿ ਮੈਂ ਇਥੇ ਹੀ ਰਹਿਣੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਨਹੀਂਓਂ ਮਰਨ ਪਛਾਣਦਾ,*
*ਝੂਠੇ ਲਾਲਚ ਲਗ ਕੇ ਬੰਦਾ।*
*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ ੨ ॥ ੧ ॥*

*ਅੰਗ- ੭੨੬*

ਦਿਨ ਰਾਤ ਲਗ ਕੇ ਵਾਹਿਗੁਰੂ ਨੂੰ ਯਾਦ ਕਰ ਲੈ। ਕਿਉਂ ਕਰ ਲੈ - ***'ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥'*** ਜਿਵੇਂ ਘੜਾ ਤਿੜਕਿਆ ਹੋਵੇ ਉਹਦੇ 'ਚੋਂ ਪਾਣੀ ਨਿਕਲ ਜਾਂਦੈ, ਬੂੰਦ-ਬੂੰਦ ਕਰਕੇ। ਇਸ ਤਰ੍ਹਾਂ ਤੇਰੇ 24000 ਸਵਾਸ ਰੋਜ਼ ਦੇ ਘਟ ਜਾਂਦੇ ਨੇ, ਮੁੜ ਨਹੀਂ ਮਿਲਦੇ। 'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥' ਐਨਾ ਮੂਰਖ ਹੈਂ ਐਨਾ ਬੇਸਮਝ ਹੈ ਕਿ ਤੂੰ ਹਰੀ ਦੇ ਗੁਣ ਨਹੀਂ ਗਾਉਂਦਾ। ***'ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ '***

ਮੂਰਖਾਂ ਦੀ ਬਾਤ ਮਹਾਂਪੁਰਸ਼ ਦਸਿਆ ਕਰਦੇ ਸੀ ਕਿ ਇਕ ਵਾਰੀ ਇਕ ਰਾਜਾ ਸੀ। ਉਸ ਦੀ ਰਾਣੀ ਉਹਨੂੰ ਰੋਜ਼ ਕਿਹਾ ਕਰੇ ਕਿ ਰਾਜਨ! ਮਾਨਸ ਜਨਮ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਐ। ਫੇਰ ਤੈਨੂੰ ਦੇਖ ਰਾਜ ਦਿਤੈ ਉਹਨੇ। ਉਸ ਪ੍ਰਮੇਸ਼ਰ ਦਾ ਤੂੰ ਭਜਨ ਕਰਿਆ ਕਰ, ਅੰਮ੍ਰਿਤ ਵੇਲੇ ਉੱਠ ਕੇ ਬੈਠਿਆ ਕਰ। ਬਿਰਤੀ ਇਕਾਗਰ ਕਰਕੇ ਉਹਦੀ ਯਾਦ ਵਿਚ ਬੈਠਿਆ ਕਰ।

ਹਾਂ, ਕਹਿੰਦਾ ਗੱਲ ਤਾਂ ਠੀਕ ਹੈ, ਮੈਨੂੰ ਸਵੇਰੇ ਜਗਾਈਂ। ਸਵੇਰਾ ਹੋਇਆ, ਉਹਨੇ ਆਵਾਜ਼ ਮਾਰੀ। ਕੱਪੜਾ ਲੈ ਕੇ ਫੇਰ ਸੌਂ ਗਿਆ। ਛੇ ਸਾਲ ਲੰਘ ਗਏ ਉਹਨੂੰ। ਉਹ ਹਟੀ ਨਹੀਂ, ਇਹ ਉਠਿਆ ਨਹੀਂ। ਇਕ ਦਿਨ ਖਿਝ ਗਈ, ਕਹਿਣ ਲੱਗੀ, ਤੂੰ ਤਾਂ ਮੂਰਖ ਹੈਂ। ਛੇ ਸਾਲ ਹੋ ਗਏ, ਛੇ ਸਾਲ ਕਿਤੇ ਥੋੜ੍ਹਾ ਸਮਾਂ ਹੁੰਦੈ। ਇਹ ਸਮਾਂ ਹੱਥ ਵਿਚ ਤਾਂ ਆਉਣਾ ਨਹੀਂ ਮੁੜ ਕੇ।

ਕਹਿਣ ਲੱਗਿਆ, ਮੈਂ ਮੂਰਖ ਹਾਂ? ਉੱਠ ਕੇ ਬਹਿ ਗਿਆ।

ਕਹਿੰਦੀ, ਮੈਂ ਨਹੀਂ ਕਹਿੰਦੀ, ਵੇਦ ਸ਼ਾਸਤਰ ਸਾਰੇ ਕਹਿੰਦੇ ਨੇ ਕਿ ਮੂਰਖ ਹੁੰਦੈ ਜਿਹੜਾ ਆਪਣਾ ਅੱਗਾ ਨਾ ਸੰਵਾਰੇ। ਅਗਲਾ ਪਾਸਾ ਜਿਹਨੇ ਬਣਾਇਆ ਨਹੀਂ ਹੈ, ਸੰਵਾਰਿਆ ਨਹੀਂ ਹੈ, ਇਥੇ ਹੀ ਲੱਗਿਆ ਪਿਐ, ਅੱਗੇ ਵੀ ਤਾਂ ਆਪਾਂ ਜਾਣੈ। ਜਿਸ ਤਰ੍ਹਾਂ ਉਸ ਰਾਜੇ ਨੇ ਸੰਵਾਰ ਲਿਆ, ਇਸ ਤਰ੍ਹਾਂ ਆਪਾਂ ਸੰਵਾਰ ਲਈਏ। ਕਹਿੰਦਾ, ਨਹੀਂ ਤੂੰ ਮੈਨੂੰ ਮੂਰਖ ਕਿਹੈ। ਕਹਿੰਦੀ, ਮੈਂ ਨਹੀਂ ਕਿਹਾ, ਵੇਦ, ਸ਼ਾਸਤਰ ਕਹਿੰਦੇ ਨੇ, ਧਰਮ ਗ੍ਰੰਥ ਕਹਿੰਦੇ ਨੇ। ਉਹ ਤਾਂ ਪੜ੍ਹੇ-ਲਿਖਿਆਂ ਨੂੰ ਕਹਿੰਦੇ ਨੇ -

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*

*ਅੰਗ- ੧੪੦*

ਉਹ ਬੁੱਧੀਜੀਵੀ ਕਾਹਦੈ, ਜਿਹਦੇ ਵਿਚ ਲਭ ਹੈ, ਕ੍ਰੋਧ ਹੈ, ਅਹੰਕਾਰ ਹੈ, ਕਾਮ ਹੈ, ਈਰਖਾ ਕਰਦੈ, ਨਿੰਦਿਆ ਕਰਦੈ, ਚੁਗਲੀਆਂ ਕਰਦੈ, ਧੋਖੇ ਦਿੰਦੈ, ਫਰੇਬ ਕਰਦੈ, ਉਹਦੀ ਤਾਂ ਬੁੱਧੀ ਤਿੱਖੀ ਹੋ ਗਈ। ਉਹਨੂੰ ਪੜ੍ਹਿਆ ਹੋਇਆ ਕੌਣ ਕਹਿੰਦੈ, ਉਹ ਤਾਂ ਮੂਰਖ ਹੈ।

ਕਹਿੰਦੀ, ਉਹ ਤਾਂ ਮਹਾਰਾਜ! ਬਾਣੀ ਕਹਿੰਦੀ ਹੈ, ਵੇਦ ਸ਼ਾਸਤਰ ਕਹਿੰਦੇ ਨੇ। ਚੁੱਪ ਕਰ ਗਿਆ ਤੇ ਸਵੇਰੇ ਸਭਾ ਲਾ ਲਈ।

ਆਪਣੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਆਪਣੇ ਰਾਜ ਵਿਚ ਮੂਰਖ ਕਿੰਨੇ ਨੇ?

ਹੱਥ ਜੋੜ ਕੇ ਖੜ੍ਹ ਗਿਆ ਵਜ਼ੀਰ।

ਕਹਿੰਦੇ, ਕੀ ਗੱਲ ਦਸਦਾ ਨਹੀਂ ਹੈਂ?

ਕਹਿੰਦਾ, ਮਹਾਰਾਜ! ਜੇ ਤਾਂ ਤੁਸੀਂ ਇਸ ਤਰ੍ਹਾਂ

ਪੁੱਛਦੇ ਕਿ ਸਿਆਣੇ ਕਿੰਨੇ ਨੇ ਤਾਂ, ਤਾਂ ਮੈਂ ਗਿਣ ਕੇ ਦਸ ਦਿੰਦਾ। ਸਾਰਾ ਸੰਸਾਰ ਮੂਰਖਾਂ ਦਾ ਹੀ ਹੈ। ਇਥੇ ਅਕਲ ਵਾਲਾ ਕਿਹੜਾ ਹੈ। ਆਪਣਾ ਆਪ ਗਵਾਈ ਜਾਂਦੇ ਨੇ। ਚੰਗਾ ਭਲਾ ਪਤਾ ਹੈ ਕਿ ਸੰਸਾਰ 'ਚ ਰਹਿਣਾ ਨਹੀਂ ਹੈ –

*ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥*
*ਅੰਗ- ੪੭੩*

ਜਦੋਂ ਰਹਿਣਾ ਨਹੀਂ ਇਥੇ ਫੇਰ ਕਾਹਦੇ ਹੰਕਾਰ, ਕਾਹਦੇ ਰੌਲੇ-ਰੱਪੇ। ਫੇਰ ਇਹਨੂੰ ਪਤਾ ਨਹੀਂ ਕਿ ਜਿਹੜੇ ਕੰਮ ਮੈਂ ਕਰਦਾਂ, ਮੈਨੂੰ ਦੁੱਖ ਕਿੰਨੇ ਦੇਣਗੇ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛਿਆ ਕਾਹਬੇ ਵਿਚ ਹੇ ਨਾਨਕ! ਇਹ ਦੱਸੋ ਕਿ ਜਿਹੜੇ ਨਸ਼ੇ ਪੀਂਦੇ ਨੇ, ਦਰਗਾਹ 'ਚ ਉਨ੍ਹਾਂ ਦਾ ਕੀ ਹਾਲ ਹੁੰਦੈ?

ਮਹਾਰਾਜ ਕਹਿਣ ਲੱਗੇ, ਰੁਕਨਦੀਨ! ਸੂਖਸ਼ਮ ਸਰੀਰ ਉਥੇ ਜਾ ਕੇ ਬੜਾ ਦੁੱਖ ਪਾਉਂਦੈ। ਇਕ ਹਜ਼ਾਰ ਮਣ ਸਿੱਕਾ ਰੋਜ਼ ਗਰਮ ਕਰਕੇ ਉਹਦੇ ਗਲ 'ਚੀਂ ਲੰਘਾਉਂਦੇ ਨੇ। ਫੇਰ ਉਹ ਚੀਕਾਂ ਮਾਰਦੈ। ਦੁਖੀ ਹੁੰਦੈ। ਬੜੇ ਸਵਾਲ ਮਹਾਰਾਜ ਦੇ ਉਤੇ ਉਥੇ ਕੀਤੇ ਉਨ੍ਹਾਂ ਨੇ। ਮਹਾਰਾਜ ਨੇ ਸਾਰਿਆਂ ਦੇ ਜਵਾਬ ਦਿਤੇ ਕਿ ਜਿਹਨੂੰ ਇਹੀ ਨਹੀਂ ਪਤਾ ਕਿ ਮੈਂ ਆਹ ਕਰਮ ਕਰਨੈ, ਸ਼ਰਾਬ ਨਾਲ ਕੀ ਕਰ ਲਏਗਾ। ਤੰਬਾਕੂ ਨਾਲ ਕੀ ਕਰ ਲਏਗਾ –

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ।*

ਦੇਵਤੇ ਤੇ ਪਿੱਤਰ ਜਿਹੜੇ ਸਾਡੇ ਉਤੇ ਨਿਗ੍ਹਾ ਰੱਖੀਂ ਬੈਠੇ ਨੇ, ਸਾਡਾ ਬੁਰਾ ਨਹੀਂ ਹੋਣ ਦਿੰਦੇ, ਉਹ ਛੱਡ ਜਾਂਦੇ ਨੇ। ਉਹ ਦੇ ਹੱਥੋਂ ਪਾਪ ਕਿੰਨਾ ਲਗਦੈ –

*ਪਾਨੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*

ਜਿੰਨਾਂ ਸ਼ਰਾਬ ਦਾ ਪਾਪ ਹੁੰਦੈ, ਐਨਾ ਤਮਾਕੂ ਵਾਲੇ ਦੇ ਹੱਥੋਂ ਪਾਣੀ ਪੀ ਕੇ ਹੁੰਦੈ।

ਮੇਰੇ ਕੋਲ ਆਉਂਦੇ ਨੇ ਟਰੱਕਾਂ ਦੇ ਡਰਾਈਵਰ ਕਿ ਜੀ ਅਸੀਂ ਕੀ ਕਰੀਏ?

ਮੈਂ ਕਿਹਾ, ਦੇਖੋ ਭਾਈ, ਗੱਲ ਤੁਹਾਨੂੰ ਦਸ ਦਿੰਦੇ ਹਾਂ। ਇਕ ਚੀਜ਼ ਬਹੁਤ ਪਵਿੱਤਰ ਹੈ ਜਿਹੜੀ ਪਾਪਾਂ ਨੂੰ ਧੋ ਦਿੰਦੀ ਹੈ। ਉਹ ਹੈ ਪ੍ਰਮੇਸ਼ਰ ਦਾ ਨਾਮ। ਜਦੋਂ ਇਹੋ ਜਿਹੇ ਥਾਂ ਤੁਹਾਨੂੰ ਪ੍ਰਸ਼ਾਦਾ ਛਕਣਾ ਪੈਂਦੈ, ਪਹਿਲਾਂ ਪ੍ਰਸ਼ਾਦੇ ਉਤੇ ਨਿਗ੍ਹਾ ਜਮਾਂ ਕੇ ਪੰਜ ਵਾਰੀ ਮੂਲਮੰਤ੍ਰ ਦਾ ਪਾਠ ਕਰਕੇ, ਫੇਰ 'ਤ੍ਰਪ੍ਰਸਾਦਿ ਭਰਮ ਕਾ ਨਾਸ' ਕਹਿ ਕੇ ਪ੍ਰਸ਼ਾਦਾ ਛਕ ਲਿਆ ਕਰੋ। ਕਹਿੰਦੇ ਉਹਦੇ ਹੱਥੋਂ ਪਾਣੀ ਪੀਣ ਦਾ ਐਨਾ ਪਾਪ ਹੁੰਦੈ, ਜਿੰਨਾਂ ਸ਼ਰਾਬ ਪੀਣ ਦਾ ਹੁੰਦੈ। ਕਹਿੰਦੇ ਸ਼ਰਾਬ ਦਾ ਕਿੰਨਾ ਪਾਪ ਹੁੰਦੈ? ਕਹਿੰਦੇ –

*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*

ਸ਼ਰਾਬ ਸੱਤ ਕੁਲਾਂ ਦਾ ਨਾਸ਼ ਕਰ ਦਿੰਦੀ ਹੈ। ਭੰਗ ਇਕ ਤਨ ਦਾ ਨਾਸ਼ ਕਰਦੀ ਹੈ।

*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਤਮਾਕੂ ਸੌ ਕੁਲ ਦਾ ਨਾਸ਼ ਕਰਦੈ। ਅਮਰੀਕਾ ਵਾਲਿਆਂ ਨੇ ਰੋਕ ਲਾ ਦਿਤੀ ਕਿ ਕੋਈ ਬੰਦਾ ਫੈਕਟਰੀ 'ਚ ਨਹੀਂ ਪੀ ਸਕਦਾ। ਕੋਈ ਪਬਲਿਕ ਪਲੇਸ 'ਤੇ ਨਹੀਂ ਪੀ ਸਕਦਾ। ਕਿਉਂਕਿ ਪੀਣ ਵਾਲੇ ਨਾਲੋਂ ਜ਼ਿਆਦਾ ਧੂੰਆਂ ਕੈਂਸਰ ਦੀ ਬਿਮਾਰੀ ਕਰਦੈ। ਹੁਣ ਤਾਂ ਮੰਨ ਲਿਆ ਇਨ੍ਹਾਂ ਨੇ ਕਿ ਤਮਾਕੂ ਤੇ ਰੋਕ ਲਾ ਦੇਣੀ ਚਾਹੀਦੀ ਹੈ। ਤਮਾਕੂ 'ਚ ਤਾਂ ਕੈਂਸਰ ਹੈ। ਦੂਜਾ ਇਹ ਹੈ ਕਿ ਇਹ ਖਾਨਦਾਨ ਦੀ ਜੀਨ ਨੂੰ ਕੱਟ ਦਿੰਦੈ। 10 ਸਾਲਾਂ ਬਾਅਦ ਜਿਹੋ ਜਿਹਾ ਪਹਿਲਾ ਬਾਬਾ ਸੀ, 10 ਪੁਸ਼ਤਾਂ ਪਹਿਲਾਂ ਪੋਤਾ ਉਸ ਸੁਭਾਅ ਦਾ, ਉਸ ਸਰੀਰ ਦਾ ਹੋ ਜਾਇਆ ਕਰਦੈ, ਉਹਨੂੰ ਜੀਨ ਕਹਿੰਦੇ ਨੇ। ਇਸ ਕਰਕੇ ਖਾਨਦਾਨੀਆਂ ਦੇਖਿਆ ਕਰਦੇ ਸੀ। ਸ਼ਰਾਬ ਵੀ ਇਸੇ ਤਰ੍ਹਾਂ ਨਾਲ ਨੁਕਸ ਪਾਉਂਦੀ ਹੈ, 20% ਕੈਂਸਰ ਸ਼ਰਾਬ ਨਾਲ ਹੋਇਆ ਕਰਦੈ, 70% ਹੋਇਆ ਕਰਦੈ ਤਮਾਕੂ ਦੇ ਨਾਲ। ਉਹ ਜੀਨ ਕੱਟ ਦਿੰਦੈ, ਜੀਨ ਕੱਟ ਕੇ ਖਾਨਦਾਨ ਗਲਤ ਹੋ ਜਾਇਆ ਕਰਦੈ। ਉਹ ਮੁੜ ਕੇ ਨਹੀਂ ਆਉਂਦਾ। ਹੁਣ ਸਾਰੇ ਸਮਝਦੇ ਨੇ ਕਿਸਾਨ, ਕਣਕਾਂ ਦਾ ਜੀਨ ਹੈ ਛੋਟਾ ਕਰ ਦਿਤਾ ਇਹ। ਛੋਟੇ ਦਾ ਪਾ ਦਿਤਾ ਉਨ੍ਹਾਂ 'ਚ ਜੀਨ। ਉਹਦੇ ਨਾਲ ਕੀ ਹੋਇਆ, ਮਧਰੀਆਂ ਕਣਕਾਂ ਤੇ ਜ਼ਿਆਦਾ ਦਾਣੇ ਦੇਣ ਵਾਲੀਆਂ ਹੋ ਗਈਆਂ।

ਸੋ ਇਸ ਤਰ੍ਹਾਂ ਦੇ ਨਾਲ ***'ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।'*** ਸੌ ਕੁਲ ਦਾ ਨਾਸ਼ ਕਰਦੀ ਹੈ, ਜੇ ਕਿਸੇ ਘਰ ਵਿਚ ਨਿੰਦਕ ਪੈਦਾ ਹੋ ਜਾਵੇ, ਉਹ ਕੁਲਾਂ ਦੀਆਂ ਕੁਲਾਂ ਗਾਲ ਦਿਆ ਕਰਦੈ। ਇਸ ਕਰਕੇ ਸਾਡੇ ਬਜ਼ੁਰਗ ਜਿਹੜੇ ਥੋੜ੍ਹਾ-ਥੋੜ੍ਹਾ ਪੁੰਨ ਕਰਕੇ ਉਤੇ ਬੈਠੇ ਨੇ ਸਵਰਗਾਂ 'ਚ, ਉਹ ਛੱਡ ਦਿੰਦੇ ਨੇ।

ਜੋ ਨਸ਼ਾ ਪੀਂਦਾ ਹੈ, ਜਿਹਨੂੰ ਐਨੀਓ ਸਮਝ ਨਹੀਂ ਕਿ ਅਗਾਂਹਾਂ ਜਾ ਕੇ ਦਰਗਾਹ 'ਚ ਮੇਰਾ ਆਹ ਹਾਲ ਹੋਣੈ। ਉਹਨੂੰ ਕੀ ਕਹੇ। ਚਾਹੇ ਕਿੰਨਾ ਹੀ ਪੜ੍ਹਿਆ ਹੋਇਐ, ਕਿੰਨਾ ਹੀ ਅਕਲ ਵਾਲਾ ਹੈ। ਕਹਿੰਦੇ, ਮੂਰਖ ਹੈ ਇਹ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਮੂਰਖ ਹੈ ਇਹ – ***'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥'*** ਜਿਹੜਾ ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ, ਉਹ ਮੂਰਖ ਅਤੇ ਅਗਿਆਨੀ ਹੈ।

*'ਚਲਦਾ..........।'*

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-24)*

ਇਕ ਹੋਰ ਘਟਨਾ ਆਪ ਜੀ ਦੇ ਨਾਲ ਐਸੀ ਹੀ ਵਰਤੀ, ਜਿਸ ਬਾਰੇ ਗੁਰਬਾਣੀ ਵਿਚ ਅੰਕਿਤ ਹੈ ਕਿ ਸਿਕੰਦਰ ਲੋਧੀ ਦੇ ਸਮੇਂ ਬਨਾਰਸ ਵਿਚ ਇਸਲਾਮ ਦੇ ਮੁੱਲਾਂ-ਮੁਲਾਣਿਆਂ ਨੇ ਬਹੁਤ ਹੀ ਕਸ਼ਟ ਦਿਤਾ। ਕਬੀਰ ਜੀ ਨੂੰ ਬਾਹਾਂ ਤੋਂ ਬੰਨ੍ਹ ਲਿਆ ਗਿਆ ਅਤੇ ਪੋਟਲੀ ਵਾਂਗੂੰ ਬਣਾ ਕੇ ਮੈਦਾਨ ਵਿਚ ਰੱਖ ਦਿਤਾ, ਇਨ੍ਹਾਂ ਨੂੰ ਮਾਰਨ ਲਈ ਮਸਤ ਹਾਥੀ ਜੋ ਸ਼ਰਾਬ ਦੇ ਨਸ਼ੇ ਵਿਚ ਝੂੰਮ ਰਿਹਾ ਸੀ, ਨੂੰ ਛਡਿਆ ਗਿਆ। ਮਹਾਵਤ ਗੁੱਸੇ ਵਿਚ ਆ ਕੇ ਹਾਥੀ ਦੇ ਸਿਰ ਵਿਚ ਅੰਕੁਸ ਮਾਰਦਾ ਹੈ, ਉਹ ਕਬੀਰ ਜੀ ਵਲ ਆਉਂਦਾ ਹੀ ਨਹੀਂ ਚੀਕਾਂ ਮਾਰ ਕੇ ਨੱਠ ਜਾਂਦਾ ਹੈ। ਕਾਜ਼ੀ ਨੇ ਹੁਕਮ ਦਿਤਾ ਕਿ ਹਾਥੀ ਨੂੰ ਅੱਗੇ ਤੋਰ, ਨਹੀਂ ਤੈਨੂੰ ਇਥੇ ਹੀ ਕੱਟ ਕੇ ਮਾਰ ਦਿਤਾ ਜਾਵੇਗਾ। ਤੂੰ ਇਸ ਹਾਥੀ ਦੇ ਅੰਕੁਸ ਨਾਲ ਸੱਟ ਮਾਰ ਤਾਕਿ ਇਹ ਅੱਗੇ ਤੁਰੇ। ਹਾਥੀ ਚੀਕਾਂ ਮਾਰਦਾ ਉਸ ਗੱਠੜੀ ਰੂਪ ਵਿਚ ਬੰਨ੍ਹੇ ਕਬੀਰ ਜੀ ਪਾਸ ਆ ਗਿਆ। ਉਸ ਨੇ ਆਪਣੀ ਸੁੰਡ ਨਾਲ ਕਬੀਰ ਜੀ ਨੂੰ ਚੁਕਿਆ ਅਤੇ ਆਪਣੇ ਮੱਥੇ ਤੇ ਬਾਰ-ਬਾਰ ਲਾਉਂਦਾ ਹੈ। ਕਾਜ਼ੀ ਅੰਨ੍ਹੇ ਨੇ ਇਸ ਗੱਲ ਨੂੰ ਬੁੱਝਣ ਦੀ ਕੋਸ਼ਿਸ਼ ਹੀ ਨਾ ਕੀਤੀ। ਐਸਾ ਕਠੋਰ ਸੀ ਉਹ ਕਾਜ਼ੀ, ਕਿ ਇਸ ਉਤੇ ਦਰਗਾਹੀ ਵਰਤਣ ਵਾਲੇ ਕੌਤਕ ਦਾ ਕੋਈ ਅਸਰ ਨਾ ਹੋਇਆ। ਸਖਤ ਦਿਲ ਨੂੰ ਅਜੇ ਵੀ ਤਸੱਲੀ ਨਾ ਆਈ। ਕਬੀਰ ਜੀ ਫੁਰਮਾਨ ਕਰਦੇ ਹਨ ਕਿ ਪ੍ਰਭੂ ਪਿਆਰਿਆਂ ਦੀ ਵਾਹਿਗੁਰੂ ਜੀ ਜਿੰਦ ਹੁੰਦੇ ਹਨ -

***ਭੁਜਾ ਬਾਂਧਿ ਭਿਲਾ ਕਰਿ ਡਾਰਿਓ॥***
***ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ।।***
***ਹਸਤਿ ਭਾਗਿ ਕੈ ਚੀਸਾ ਮਾਰੈ॥***
***ਇਆ ਮੂਰਤਿ ਕੈ ਹਉ ਬਲਿਹਾਰੈ॥***
***ਆਹਿ ਮੇਰੇ ਠਾਕੁਰ ਤੁਮਰਾ ਜੋਰੁ॥***
***ਕਾਜੀ ਬਕਿਬੋ ਹਸਤੀ ਤੋਰੁ॥***
***ਰੇ ਮਹਾਵਤ ਤੁਝੁ ਡਾਰਉ ਕਾਟਿ॥***
***ਇਸਹਿ ਤੁਰਾਵਹੁ ਘਾਲਹੁ ਸਾਟਿ॥***
***ਹਸਤਿ ਨ ਤੋਰੈ ਧਰੈ ਧਿਆਨੁ॥***
***ਵਾ ਕੈ ਰਿਦੈ ਬਸੈ ਭਗਵਾਨੁ॥***
***ਕਿਆ ਅਪਰਾਧੁ ਸੰਤ ਹੈ ਕੀਨਾ॥***
***ਬਾਂਧਿ ਪੋਟ ਕੁੰਚਰ ਕਉ ਦੀਨਾ॥***
***ਕੁੰਚਰੁ ਪੋਟ ਲੈ ਲੈ ਨਮਸਕਾਰੈ॥***
***ਬੂਝੀ ਨਹੀ ਕਾਜੀ ਅੰਧਿਆਰੈ॥***
***ਤੀਨਿ ਬਾਰ ਪਤੀਆ ਭਰਿ ਲੀਨਾ॥***
***ਮਨ ਕਠੋਰੁ ਅਜਹੂ ਨ ਪਤੀਨਾ॥***
***ਕਹਿ ਕਬੀਰ ਹਮਰਾ ਗੋਬਿੰਦੁ॥***
***ਚਉਥੇ ਪਦ ਮਹਿ ਜਨ ਕੀ ਜਿੰਦੁ॥***

***ਅੰਗ- 870-71***

ਕਬੀਰ ਜੀ ਦੀ ਦ੍ਰਿਸ਼ਟੀ ਵਿਚ ਵਾਹਿਗੁਰੂ ਜੀ ਆਪ ਹੀ ਪਵਣ ਰੂਪ ਹੋ ਕੇ ਵਰਤ ਰਹੇ ਹਨ, ਆਪੇ ਹੀ ਪਾਣੀ ਰੂਪ ਹੋ ਕੇ ਵਗ ਰਹੇ ਹਨ, ਆਪੇ ਹੀ ਅਗਨ ਰੂਪ ਹੋ ਕੇ ਚੀਜ਼ਾਂ ਨੂੰ ਸਾੜ ਰਹੇ ਹਨ, ਜਿਸ ਵਿਚ ਆਪ ਜੀ ਸਪਸ਼ਟ ਕਰਕੇ ਦੱਸ ਰਹੇ ਹਨ ਕਿ ਜੋ ਪ੍ਰਭੂ ਦਾ ਭਜਨ ਕਰਦੇ ਹਨ ਉਨ੍ਹਾਂ ਨੂੰ ਅੱਗ ਜਾਲ ਨਹੀਂ ਸਕਦੀ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਨਾ ਕੁਝ ਜਲਦਾ ਹੈ, ਨਾ ਕੁਝ ਜਲ ਰਿਹਾ ਹੈ ਇਹ ਤਾਂ ਵਾਹਿਗੁਰੂ ਜੀ ਜਾਦੂਗਰ ਨਿਆਈਂ ਆਪ ਹੀ ਅਨੇਕਾਂ ਕੌਤਕ ਕਰ ਰਹੇ ਹਨ। ਰਾਮ ਦੇ ਨਾਮ ਦੇ ਅੱਖਰ ਜਪੋ, ਵਾਹਿਗੁਰੂ ਜੀ ਆਪ ਹੀ ਰੱਖ ਲੈਣਗੇ। ਪੂਰਾ ਸ਼ਬਦ ਇਸ ਤਰ੍ਹਾਂ ਹੈ -

***ਆਪੇ ਪਾਵਕੁ ਆਪੇ ਪਵਨਾ॥***
***ਜਾਰੈ ਖਸਮੁ ਤ ਰਾਖੈ ਕਵਨਾ॥***
***ਰਾਮੁ ਜਪਤ ਤਨੁ ਜਰਿ ਕੀਨ ਜਾਇ॥***
***ਰਾਮਨਾਮ ਚਿਤੁ ਰਹਿਆ ਸਮਾਇ॥***
***ਕਾ ਕੋ ਜਰੈ ਕਾਹਿ ਹੋਇ ਹਾਨਿ॥***
***ਨਟ ਵਟ ਖੇਲੈ ਸਾਰਿਗਪਾਨਿ।।***
***ਕਹੁ ਕਬੀਰ ਅਖਰ ਦੁਇ ਭਾਖਿ॥***
***ਹੋਇਗਾ ਖਸਮੁ ਤ ਲੇਇਗਾ ਰਾਖਿ॥***

***ਅੰਗ- 329***

ਨਾਮ ਜਪਣ ਦੀਆਂ ਅਨੇਕਾਂ ਅਵਸਥਾਵਾਂ ਵਿਚੋਂ ਇਹ ਵੀ ਇਕ ਅਵਸਥਾ ਹੈ ਜਿਥੇ ਜਲ ਡਬੋ ਨਹੀਂ ਸਕਦਾ, ਅੱਗ ਜਾਲ ਨਹੀਂ ਸਕਦੀ, ਸਾਰੇ ਆਪ ਹੀ ਪ੍ਰਭੂ ਦ੍ਰਿਸ਼ਟੀਗੋਚਰੇ ਹੁੰਦਾ ਹੈ ਉਸ ਦੀ ਦ੍ਰਿਸ਼ਟੀ ਵਿਚ -

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***

***ਅੰਗ - 275***

ਦਾ ਵਰਤਾਰਾ ਵਰਤ ਰਿਹਾ ਹੁੰਦਾ ਹੈ। ਇਸ ਤੁੱਕ ਦੇ ਅੰਤ੍ਰੀਵ ਭਾਵ ਉਪਰ ਵੀ ਕਈ ਪ੍ਰੇਮੀਆਂ ਨੂੰ ਸ਼ੰਕਾ ਹੋ ਸਕਦਾ ਹੈ ਕਿ ਬਿਖ ਤਾਂ ਸਰੀਰਕ ਨਿਯਮਾਂ ਅਨੁਸਾਰ ਆਪਣਾ ਅਵੱਸ਼ ਕੰਮ ਕਰਦੀ ਹੈ ਜੋ ਖਾ ਲੈਂਦਾ ਹੈ ਉਸ ਦੇ ਰੋਮ-ਰੋਮ ਵਿਚ ਜ਼ਹਿਰ ਦਾ ਫੈਲਾਓ ਹੋ ਜਾਂਦਾ ਹੈ। ਉਸ ਦੇ brain (ਦਿਮਾਗ) ਵਿਚ ਜਾ ਕੇ ਦਿਮਾਗ ਦਾ ਕੰਮ ਬੰਦ ਹੋ ਜਾਂਦਾ

ਹੈ, ਉਸ ਦਾ ਖ਼ੂਨ ਨੀਲਾ ਹੋ ਜਾਂਦਾ ਹੈ, ਫੇਰ ਅੰਮ੍ਰਿਤ ਤੇ ਬਿਖ ਕਿਵੇਂ ਇਕ ਸਮਝੀ ਜਾ ਸਕਦੀ ਹੈ। ਅਸੀਂ ਹਰ ਗੱਲ ਦਾ ਉਤਰ ਪ੍ਰਤੱਖ ਮਿਸਾਲ ਵਿਚੋਂ ਭਾਲਦੇ ਹਾਂ, ਜਿਸ ਦੇ ਲਈ ਮਹਾਂਪੁਰਸ਼ਾਂ ਤੋਂ ਸੁਣੀਆਂ ਹੋਈਆਂ ਕਥਾਵਾਂ ਵਿਚੋਂ ਇਕ ਕਥਾ ਦਾ ਜ਼ਿਕਰ ਇਥੇ ਕੀਤਾ ਜਾਂਦਾ ਹੈ।

ਬਾਬਾ ਖ਼ੁਦਾ ਸਿੰਘ ਜੀ ਮਹਾਰਾਜ ਜਿਨ੍ਹਾਂ ਦਾ ਅਸਲੀ ਨਾਮ ਭਾਈ ਜਸਵੰਤ ਸਿੰਘ ਸੀ ਅਤੇ ਉਹ ਅੱਜਕਲ੍ਹ ਦੇ ਹਰਿਆਣਾ ਰਾਜ ਵਿਚ ਕੈਂਥਲ ਦੇ ਪਰਗਣੇ ਦੇ ਠਾਣੇਦਾਰ ਸਨ। ਆਪ ਨੂੰ ਸ੍ਰੀ ਮਾਨ 108 ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਤੋਂ ਲਗਨ ਲੱਗੀ। ਆਪ ਆਪਣਾ ਸਾਰਾ ਕਾਰੋਬਾਰ ਸੰਕੋਚ ਕੇ, ਨੌਕਰੀ ਤੋਂ ਅਸਤੀਫਾ ਦੇ ਕੇ ਆਪਣੀ ਪਤਨੀ ਸਮੇਤ ਨੌਰੰਗਾਬਾਦ ਪਹੁੰਚ ਗਏ। ਬਾਬਾ ਬੀਰ ਸਿੰਘ ਜੀ ਨੂੰ ਮਿਲ ਕੇ ਆਪ ਨੇ ਪੂਰਨ ਰੂਪ ਦੇ ਅੰਦਰ ਦ੍ਵੈਤ ਦਾ ਨਾਸ਼ ਕਰ ਦਿਤਾ। ਆਪ ਜੀ ਸਰੀਰ ਉਪਰ ਕੇਵਲ ਕਛਹਿਰਾ ਪਹਿਨਦੇ ਸਨ, ਸਿਰ ਉਪਰ ਭੂਰੀ ਪਹਿਨਦੇ ਸਨ ਅਤੇ ਸਰੀਰ ਉਪਰ ਤੇੜ ਚਾਦਰ ਰੱਖਿਆ ਕਰਦੇ ਸਨ। ਆਪ ਮੌਜ ਵਿਚ ਵਿਚਰਦੇ ਅਫਗਾਨਿਸਤਾਨ ਵਿਚ ਕਾਬਲ ਪਹੁੰਚ ਗਏ। ਉਥੇ ਆਪ ਇਕ ਦਿਨ ਮਸਜਿਦ ਵਿਚ ਚਲੇ ਗਏ ਜਿਥੇ ਨਮਾਜ਼ੀ ਆਪਣੀ ਹਫਤਾਵਾਰੀ ਨਮਾਜ਼ ਪੜ੍ਹ ਰਹੇ ਸਨ। ਆਪ ਜੀ ਨੇ ਮਸਜਿਦ ਵਿਚ ਨਮਾਜ਼ ਪੜ੍ਹਨ ਵਾਲੇ ਕਈ ਪ੍ਰੇਮੀਆਂ ਨੂੰ ਧੱਕੇ ਮਾਰ ਕੇ ਤਾੜਨਾ ਕੀਤੀ ਕਿ ਤੂੰ ਨਮਾਜ਼ ਕਿਉਂ ਨਹੀਂ ਪੜ੍ਹ ਰਿਹਾ? ਨਮਾਜ਼ ਪੜ੍ਹੇ ਜਾਣ ਉਪਰੰਤ ਮੁਲਾਂ-ਮੁਲਾਣਿਆਂ ਨੇ ਉਨ੍ਹਾਂ ਨੂੰ ਘੇਰ ਲਿਆ। ਉਸ ਦਿਨ ਕਾਬਲ ਦਾ ਬਾਦਸ਼ਾਹ ਸ਼ਾਹੀ ਮਸਜਿਦ ਵਿਚ ਨਮਾਜ਼ ਪੜ੍ਹਨ ਆਇਆ ਹੋਇਆ ਸੀ। ਉਸ ਦੇ ਰੂ-ਬ-ਰੂ ਜਦੋਂ ਪੁਛਿਆ ਕਿ ਤੂੰ ਨਮਾਜ਼ ਪੜ੍ਹਨ ਵਾਲਿਆਂ ਨੂੰ ਧੱਕੇ ਕਿਉਂ ਮਾਰੇ? ਤਾਂ ਬਾਬਾ ਜੀ ਨੇ ਉਨ੍ਹਾਂ ਨਮਾਜ਼ੀਆਂ ਦੀ ਮਾਨਸਿਕ ਅਵਸਥਾ ਦਸਦੇ ਹੋਏ ਫੁਰਮਾਇਆ ਕਿ ਇਹ ਸਿਜਦਾ ਕਰ ਰਹੇ ਸਨ, ਦੁਆ ਵੀ ਕਰ ਰਹੇ ਸੀ, ਇਨ੍ਹਾਂ ਦੇ ਸਰੀਰ ਮਸਜਿਦ ਵਿਚ ਸਨ ਪਰ ਰੂਹ ਇਨ੍ਹਾਂ ਦੀ ਨਫਸ ਦੇ ਅਧੀਨ ਹੋਈ ਬਹੁਤ ਬੁਰੀਆਂ ਗੱਲਾਂ ਚਿਤਵ ਰਹੀ ਸੀ ਇਸ ਕਰਕੇ ਅਸੀਂ ਇਨ੍ਹਾਂ ਨੂੰ ਧੱਕੇ ਮਾਰਨੇ ਹੀ ਸੀ। ਬਾਦਸ਼ਾਹ ਬਹੁਤ ਸਮਝਦਾਰ ਸੀ ਉਸ ਨੇ ਸਾਰੀ ਗੱਲ ਦੀ ਪੜਤਾਲ ਕੀਤੀ। ਸਚਮੁਚ ਉਨ੍ਹਾਂ ਨਮਾਜ਼ੀਆਂ ਨੇ ਦੱਸਿਆ ਕਿ ਇਨ੍ਹਾਂ ਨੇ ਸਾਡੇ ਮਨ ਦੀ ਅਵਸਥਾ ਨੂੰ ਵੇਖ ਕੇ ਹੀ ਧੱਕੇ ਮਾਰੇ ਸਨ ਕਿਉਂਕਿ ਸਾਡਾ ਮਨ ਬਹੁਤ ਬੁਰੀਆਂ ਉਡਾਰੀਆਂ ਮਾਰ ਰਿਹਾ ਸੀ। ਉਸ ਉਪਰ ਬਾਦਸ਼ਾਹ ਨੇ ਪੁਛਿਆ ਕਿ ਦਰਵੇਸ਼ ਸਾਂਈ! ਤੁਹਾਡਾ ਨਾਮ ਕੀ ਹੈ, ਜੋ ਦੋ ਬੰਦੇ ਆਪ ਦੇ ਨਾਲ ਹਨ ਇਨ੍ਹਾਂ ਦਾ ਵੀ ਪਰੀਚਾ ਦੇਵੋ। ਆਪ ਹਿੰਦੂ ਹੋ, ਮੁਸਲਮਾਨ ਹੋ ਆਪ ਦੀ ਕ੍ਰਿਆ ਤੋਂ ਅੰਦਾਜ਼ਾ ਨਹੀਂ ਲਗ ਸਕਦਾ। ਉਸ ਵੇਲੇ ਆਪ ਨੇ ਸਤਿ ਦੇ ਬਚਨ ਉਚਾਰਨ ਕੀਤੇ ਅਤੇ ਕਿਹਾ ਕਿ ਮੈਂ ਖ਼ੁਦਾ ਹਾਂ, ਇਹ ਦੋ ਮੇਰੇ ਯਾਰ ਹਨ - ਇਕ ਮੁਹੰਮਦ ਹੈ, ਦੂਸਰਾ ਰਸੂਲ ਹੈ। ਗੱਲ ਕਿਸੇ ਦੇ ਸਮਝ ਵਿਚ ਨਾ ਆਈ ਅਤੇ ਨਾ ਹੀ ਕੋਈ ਬਾਦਸ਼ਾਹ ਦੀ ਹਾਜ਼ਰੀ ਵਿਚ ਉਨ੍ਹਾਂ ਨੂੰ ਮੰਦਾ ਕਹਿਣ ਲਈ ਤਿਆਰ ਸੀ। ਇਸ ਉਪਰੰਤ ਉਨ੍ਹਾਂ ਦੇ ਕਈ ਇਮਤਿਹਾਨ ਲਏ ਗਏ ਪਰ ਇਹੋ ਪਤਾ ਲੱਗਿਆ ਕਿ ਇਹ ਕੋਈ ਉਚ ਕੋਟੀ ਦਾ ਦਰਵੇਸ਼ ਸਾਂਈ ਹੈ। ਬਾਦਸ਼ਾਹ ਨੇ ਕਿਹਾ ਕਿ ਇਹ ਮੇਰੇ ਰਾਜ ਵਿਚ ਖੁਲ੍ਹਾ ਤੁਰਨ ਫਿਰਨਗੇ, ਕੋਈ ਇਨ੍ਹਾਂ ਨੂੰ ਰੋਕ-ਟੋਕ ਨਹੀਂ। ਚਾਹੇ ਇਹ ਮਸਜਿਦ ਵਿਚ ਰਹਿਣ, ਚਾਹੇ ਤਕੀਏ ਵਿਚ, ਚਾਹੇ ਮੰਦਰ ਵਿਚ, ਚਾਹੇ ਧਰਮਸ਼ਾਲਾ (ਗੁਰਦੁਆਰੇ) ਵਿਚ ਰਹਿਣ ਇਨ੍ਹਾਂ ਨੂੰ ਕੋਈ ਪ੍ਰੇਮੀ ਮੇਰੇ ਰਾਜ ਵਿਚ ਤੰਗ ਨਹੀਂ ਕਰੇਗਾ। ਆਪ ਜੀ ਇਸ ਤਰ੍ਹਾਂ ਨਾਲ ਸਾਰੇ ਅਰਬ ਦੇਸ਼ਾਂ ਵਿਚ ਘੁੰਮਦੇ-ਘੁੰਮਾਉਂਦੇ ਵਾਪਸ ਨੌਰੰਗਾਬਾਦ ਆ ਗਏ। ਉਸ ਸਮੇਂ ਉਥੇ ਮਹਾਰਾਜਾ ਪਟਿਆਲਾ ਨੇ ਆਪਣੇ ਰਾਜ ਮਹਿਲਾਂ ਵਿਚ ਦਰਸ਼ਨ ਦੇਣ ਲਈ ਬੇਨਤੀ ਕੀਤੀ। ਆਪ ਜੀ ਨੇ ਪ੍ਰਵਾਨ ਕਰ ਲਈ। ਕੁਝ ਸਮੇਂ ਪਿਛੋਂ ਆਪ ਜੀ ਰਾਜ ਮਹਿਲਾਂ ਵਿਚ ਪਹੁੰਚ ਗਏ, ਉਨ੍ਹਾਂ ਦਿਨਾਂ ਵਿਚ ਸਾਰੇ ਰਾਜ ਮਹਿਲਾਂ ਉਪਰ ਕਰਮਕਾਂਡੀ ਬ੍ਰਾਹਮਣਾਂ ਦਾ ਪੂਰੀ ਤਰ੍ਹਾਂ ਕਬਜ਼ਾ ਹੋਇਆ ਕਰਦਾ ਸੀ। ਗੁਰਮਤਿ ਦੀ ਥਾਂ ਮਨਮਤਿ ਦਾ ਪ੍ਰਭਾਵ ਜ਼ਿਆਦਾ ਹੋ ਰਿਹਾ ਸੀ। ਥਿਤ ਵਾਰ, ਜੋਤਸ਼ਾਂ ਨੂੰ ਪੂਰੀ ਤਰ੍ਹਾਂ ਮੰਨਿਆ ਜਾਂਦਾ ਸੀ। ਤੰਤਰ ਵਿਦਿਆ ਵਿਚ ਵਿਸ਼ਵਾਸ਼ ਆਮ ਹੀ ਵਰਤਾਰਾ ਸੀ। ਬਾਬਾ ਜੀ ਦੇ ਸਤਿ ਬਚਨਾਂ ਨਾਲ ਇਹ ਧੁੰਦ ਉਡਣ ਲੱਗੀ। ਬਾਣੀ ਦਾ ਪ੍ਰਕਾਸ਼ ਹੋਣ ਲੱਗਿਆ। ਆਪ ਜੀ ਹਰ ਰੋਜ਼ ਸੁਖਮਨੀ ਸਾਹਿਬ ਦੀ ਕਥਾ ਕਰਿਆ ਕਰਦੇ ਸਨ। ਇਕ ਦਿਨ ਆਪ ਜੀ ਇਸ ਸ਼ਬਦ ਦੀ ਕਥਾ ਕਰਦੇ ਸਨ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਅੰਗ - 275***

ਕਥਾ ਹੋਣ ਉਪਰੰਤ ਜੋ ਰਾਜ ਪੰਡਤ ਸੀ ਜਿਸ ਦੇ ਮਨ ਵਿਚ ਬਾਬਾ ਜੀ ਦੀ ਹੋਂਦ ਨੂੰ ਵੇਖ ਕੇ ਅਤੇ ਉਨ੍ਹਾਂ ਦੇ ਸਤਿਕਾਰ ਨੂੰ ਵੇਖ ਕੇ ਈਰਖਾ ਦੇ ਭਾਂਬੜ ਮਚ ਰਹੇ ਸਨ, ਉਹ ਸਦਾ ਹੀ ਇਹ ਚਾਹੁੰਦਾ ਸੀ ਕਿ ਮੈਂ ਕਿਸ ਤਰ੍ਹਾਂ ਨਾਲ ਇਨ੍ਹਾਂ ਮਹਾਂਪੁਰਸ਼ਾਂ ਨੂੰ ਰਾਜੇ ਅਤੇ ਸੰਗਤ ਦੀਆਂ ਨਜ਼ਰਾਂ ਵਿਚ ਨੀਚਾ ਦਿਖਾਵਾਂ। ਉਸ ਨੇ ਕਥਾ ਦੇ ਭੋਗ ਉਪਰੰਤ ਮਹਾਰਾਜ ਵਲ

ਵੇਖਦਿਆਂ ਆਗਿਆ ਮੰਗੀ ਕਿ ਹਜ਼ੂਰ! ਜੇ ਆਗਿਆ ਹੋਵੇ ਤਾਂ ਮੈਂ ਮਹਾਂਪੁਰਸ਼ਾਂ ਤੋਂ ਇਕ ਸ਼ੰਕੇ ਦੀ ਨਵਿਰਤੀ ਕਰਾ ਲਵਾਂ ਕਿਉਂਕਿ ਉਹ ਗੱਲ ਐਨੀ ਗਲਤ ਹੈ ਕਿ ਜੇ ਇਹ ਸ਼ੰਕਾ ਬਣਿਆ ਰਿਹਾ ਤਾਂ ਗੁਰਬਾਣੀ ਦੇ ਸਿਧਾਂਤ ਨੂੰ ਅਸੀਂ ਸ਼ੱਕ ਦੇ ਨਾਲ ਦੇਖਾਂਗੇ। ਇਨ੍ਹਾਂ ਨੇ ਫੁਰਮਾਇਆ ਹੈ -

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***

***ਅੰਗ - 275***

ਹਜ਼ੂਰ ਆਪ ਜਾਣਦੇ ਹੋ ਕਿ ਜ਼ਹਿਰ ਦਾ ਕੰਮ ਹੈ ਆਦਮੀ ਨੂੰ ਮਾਰ ਦੇਣਾ ਅਤੇ ਅੰਮ੍ਰਿਤ ਦਾ ਕੰਮ ਹੈ ਕਿ ਮਰਦੇ-ਮਰਦੇ ਬੰਦੇ ਨੂੰ ਜਿਉਂਦਾ ਕਰ ਦੇਣਾ। ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਇਹ ਅਤਿਕਥਨੀ ਦੇ ਰੂਪ ਵਿਚ ਕਵਿਤਾ ਦੇ ਬੰਦ ਬਣਾਉਣ ਵਾਸਤੇ ਲਿਖ ਦਿਤੇ ਹੋਣ। ਇਹ ਤਜਰਬੇ ਤੇ ਅਧਾਰਤ ਨਹੀਂ ਹੈ। ਮਹਾਰਾਜਾ ਪਟਿਆਲਾ ਨੇ ਆਗਿਆ ਦੇ ਦਿਤੀ ਕਿ ਅੱਜ ਤਾਂ ਸਮਾਂ ਜ਼ਿਆਦਾ ਹੋ ਗਿਆ ਹੈ ਕਲ੍ਹ ਨੂੰ ਮੈਂ ਫੇਰ ਕਥਾ ਸੁਣਨ ਆਵਾਂਗਾ। ਇਸ ਪ੍ਰਸ਼ਨ ਦਾ ਮੇਰੇ ਸਾਮ੍ਹਣੇ ਹੀ ਨਿਰਨਾ ਹੋਵੇਗਾ।

ਦੂਸਰੇ ਦਿਨ ਕਥਾ ਫੇਰ ਹੋਈ, ਰਾਜ ਪੰਡਤ ਖੜ੍ਹਾ ਹੋ ਗਿਆ। ਉਸ ਦੇ ਹੱਥ ਵਿਚ ਬਹੁਤ ਤੇਜ਼ ਜ਼ਹਿਰ ਦਾ ਕਟੋਰਾ ਭਰਿਆ ਹੋਇਆ ਸੀ। ਉਸ ਨੇ ਕਿਹਾ ਕਿ ਜ਼ਹਿਰ ਨੇ ਆਪਣਾ ਕੰਮ ਕਰਨਾ ਹੀ ਹੈ ਉਸ ਨੇ ਨਹੀਂ ਦੇਖਣਾ ਕਿ ਮੈਨੂੰ ਪੀਣ ਵਾਲਾ ਕੋਈ ਮਹਾਂਪੁਰਸ਼ ਹੈ ਜਾਂ ਪਾਪੀ ਹੈ। ਅੱਗ ਦਾ ਸੁਭਾਅ ਭਸਮ ਕਰ ਦੇਣਾ ਹੈ, ਉਸ ਨੇ ਨਹੀਂ ਦੇਖਣਾ ਕਿ ਮੈਂ ਮਹਾਂਪੁਰਸ਼ਾਂ ਨੂੰ ਜਾਲ ਰਹੀ ਹਾਂ ਜਾਂ ਪਾਪੀ ਦੇ ਸਰੀਰ ਨੂੰ ਜਾਲ ਰਹੀ ਹਾਂ। ਉਸ ਨੇ ਆਪਣਾ ਸੁਭਾਅ ਨਹੀਂ ਬਦਲਣਾ, ਗੁਰੂ ਸਾਹਿਬ ਦਾ ਇਹ ਕਹਿ ਦੇਣਾ ਅੰਮ੍ਰਿਤ ਤੇ ਬਿਖ ਇਕ ਹਨ, ਜੀਵਨ ਮੁਕਤ ਪੁਰਸ਼ ਲਈ, ਇਹ ਕੋਈ ਅਲੰਕਾਰਕ ਗੱਲ ਤਾਂ ਹੋ ਸਕਦੀ ਹੈ ਪਰ ਪ੍ਰਤੱਖ ਨਿਰਨੇ ਤੇ ਅਧਾਰਤ ਨਹੀਂ ਹੋ ਸਕਦੀ। ਸੰਤ ਜੀ ਨੇ ਆਪਣੀ ਕਥਾ ਵਿਚ ਇਹ ਗੱਲ ਕਹੀ ਸੀ ਕਿ ਜੀਵਨ ਮੁਕਤ ਪੁਰਸ਼ ਨੂੰ ਹਰਖ ਤੇ ਸੋਗ, ਮੇਲ ਤੇ ਵਿਛੋੜਾ, ਸੋਨਾ ਤੇ ਮਿੱਟੀ, ਅੰਮ੍ਰਿਤ ਤੇ ਜ਼ਹਿਰ, ਮਾਨ ਤੇ ਅਪਮਾਨ, ਰੰਕ ਤੇ ਰਾਜਾ ਇਕੋ ਹੀ ਨਜ਼ਰ ਆਇਆ ਕਰਦੇ ਹਨ। ਪਰ ਹਜ਼ੂਰ! ਜ਼ਹਿਰ ਤਾਂ ਜ਼ਹਿਰ ਹੀ ਹੈ ਹੋਰ ਗੱਲਾਂ ਹੋ ਸਕਦੀਆਂ ਹਨ ਪਰ ਜ਼ਹਿਰ ਦਾ ਤਾਂ ਸਰੀਰ ਉਪਰ ਪ੍ਰਤੱਖ ਅਸਰ ਹੋਣਾ ਹੀ ਹੈ। ਜੇ ਜ਼ਹਿਰ ਅੰਮ੍ਰਿਤ ਵਰਗਾ ਹੀ ਹੁੰਦਾ ਹੈ ਅਤੇ ਮਹਾਂਪੁਰਸ਼ ਇਸ ਗੱਲ ਤੇ ਨਿਸ਼ਚਾ ਰਖਦੇ ਹਨ ਤਾਂ ਇਹ ਮਹਾਂਪੁਰਸ਼ ਜ਼ਹਿਰ ਦਾ ਪਿਆਲਾ ਪੀ ਕੇ ਅਸਾਡਾ ਸ਼ੰਕਾ ਦੂਰ ਕਰਨ। ਉਸ ਵੇਲੇ ਮਹਾਂਪੁਰਸ਼ਾਂ ਨੇ ਇਸ ਰਾਜ ਪੰਡਤ ਦੀ ਮੂੜ੍ਹਤਾ ਨੂੰ ਵਿਚਾਰਦਿਆਂ ਹੋਇਆਂ ਫੁਰਮਾਨ ਕੀਤਾ ਕਿ ਭਾਈ! ਸੰਗਤ ਵਿਚ ਬੇਅੰਤ ਜੀਵਨ ਮੁਕਤ ਪੁਰਸ਼ ਬੈਠੇ ਹੋਇਆ ਕਰਦੇ ਹਨ। ਚਲੋ ਕਿਸੇ ਦਾ ਛੁਪਿਆ ਭੇਤ ਕਿਉਂ ਜ਼ਾਹਰ ਕਰਨਾ ਹੈ, ਇਸਦਾ ਨਿਰਣਾ ਅਸੀਂ ਆਪਣੇ ਸਰੀਰ ਉਪਰ ਹੀ ਕਰਕੇ ਦਿਖਾ ਦਿੰਦੇ ਹਾਂ। ਬਾਬਾ ਜੀ ਨੇ ਉਹ ਪਿਆਲਾ ਗਟਾ-ਗਟ ਪੀ ਲਿਆ ਤੇ ਹੱਥ ਸਾਫ ਕਰਕੇ ਅਗਲੀ ਪਉੜੀ ਦੀ ਵਿਆਖਿਆ ਸ਼ੁਰੂ ਕੀਤੀ -

***ਪਾਰਬ੍ਰਹਮ ਕੇ ਸਗਲੇ ਠਾਉ॥***
***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥***
***ਆਪੇ ਕਰਨ ਕਰਾਵਨ ਜੋਗੁ॥***
***ਪ੍ਰਭ ਭਾਵੈ ਸੋਈ ਫੁਨਿ ਹੋਗੁ॥***
***ਪਸਰਿਓ ਆਪਿ ਹੋਇ ਅਨਤ ਤਰੰਗ॥***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥***
***ਜੈਸੀ ਮਤਿ ਦੇਇ ਤੈਸਾ ਪਰਗਾਸ।।***
***ਪਾਰਬ੍ਰਹਮੁ ਕਰਤਾ ਅਬਿਨਾਸ।।    ਅੰਗ - 275***

ਆਪ ਕਥਾ ਕਰਦੇ ਗਏ। ਰਾਜ ਪੰਡਤ ਉਨ੍ਹਾਂ ਦੇ ਚਿਹਰੇ ਵਲ ਦੇਖਦਾ ਰਿਹਾ। ਆਪ ਦਾ ਨਾ ਬੋਲ ਹੀ ਫਟਿਆ ਅਤੇ ਨਾ ਹੀ ਕੋਈ ਐਸੀ ਨਿਸ਼ਾਨੀ ਪ੍ਰਗਟ ਹੋਈ ਕਿ ਜਿਸ ਨਾਲ ਪਤਾ ਲੱਗੇ ਹੁਣ ਜ਼ਹਿਰ ਦਾ ਅਸਰ ਸਰੀਰ ਉਪਰ ਹੋਣਾ ਸ਼ੁਰੂ ਹੋ ਗਿਆ ਹੈ। ਅਗਲੇ ਦਿਨ ਫੇਰ ਮਹਾਂਪੁਰਸ਼ ਆਏ। ਉਨ੍ਹਾਂ ਨੇ ਮਹਾਰਾਜੇ ਅਤੇ ਸੰਗਤ ਦੀ ਹਾਜ਼ਰੀ ਵਿਚ ਦੱਸਿਆ ਕਿ ਰਾਜ ਪੰਡਤ ਜੀ! ਤੁਸੀਂ ਕੋਰੇ ਪੰਡਤ ਹੋਂ ਅਤੇ ਤੁਹਾਨੂੰ ਪੰਡਤ ਦੀ ਉਪਾਧੀ ਪੰਡਤ ਦੇ ਘਰ ਪੈਦਾ ਹੋਣ ਕਰਕੇ ਪ੍ਰਾਪਤ ਹੋਈ ਹੈ ਪਰ ਤੁਸੀਂ ਅਸਲੀ ਪੰਡਤ ਨਹੀਂ ਹੋਂ, ਤੁਹਾਨੂੰ ਆਤਮਕ ਸੂਝ ਨਾ ਹੋਣ ਕਰਕੇ ਅਜਿਹੇ ਸ਼ੰਕੇ ਉਠਦੇ ਹਨ। ਵੇਦ ਪੜ੍ਹਨ ਦੇ ਨਾਲ ਮਨ ਦਾ ਹਨ੍ਹੇਰਾ ਦੂਰ ਨਹੀਂ ਹੋਇਆ ਕਰਦਾ। ਤੁਸੀਂ ਮਾਇਆ ਦੇ ਵਪਾਰੀ ਹੋਂ, ਤੁਸੀਂ ਤ੍ਰਿਸ਼ਨਾ ਦੀ ਭੁੱਖ ਵਿਚ ਭੁੱਖੇ ਰਹਿ ਕੇ ਗਵਾਰਾਂ ਵਾਂਗ ਆਪਣਾ ਜੀਵਨ ਬਰਬਾਦ ਕਰ ਰਹੇ ਹੋਂ। ਚਾਹੇ ਤੁਸੀਂ ਚਾਰੇ ਵੇਦ ਪੜ੍ਹੀ ਜਾਓ ਅਤੇ ਉਸ ਦੇ ਟੀਕੇ ਕਰੀ ਜਾਓ ਪਰ ਤਾਂ ਵੀ ਤਿੰਨਾਂ ਗੁਣਾਂ ਦੀ ਲੱਗੀ ਮੈਲ ਦੂਰ ਨਹੀਂ ਹੋ ਸਕਦੀ। ਤੁਸੀਂ ਦ੍ਵੈਤ ਵਿਚ ਭੁੱਲੇ ਹੋਏ ਹੋ। ਪੰਡਤ ਜੀ ਬਚਨ ਸੁਣ ਕੇ ਲੋਹੇ ਲਾਖੇ ਹੋ ਗਏ। ਅੱਜ ਪਹਿਲੀ ਵਾਰੀ ਸੁਣਿਆ ਸੀ ਕਿ ਕਿਸੇ ਨੇ ਰਾਜ ਪੰਡਤ ਦੀ ਅਵਸਥਾ ਤੋਂ ਪੜਦਾ ਚੁਕਿਆ ਹੋਵੇ। ਮਹਾਂਪੁਰਸ਼ਾਂ ਨੇ ਕਿਹਾ ਕਿ ਰਾਜ ਪੰਡਤ ਜੀ! ਕ੍ਰੋਧ ਛੱਡੋ ਅਤੇ ਤੁਸੀਂ ਆਪਣੇ ਮਨ ਦੀ ਖੋਜ ਕਰੋ। ਜਿਸ ਤਰ੍ਹਾਂ ਕਿ ਮੇਰੇ ਸਤਿਗੁਰੂ ਜੀ ਨੇ ਫੁਰਮਾਇਆ ਹੈ-

***ਮੁਖ ਤੇ ਪੜਤਾ ਟੀਕਾ ਸਹਿਤ॥***
***ਹਿਰਦੈ ਰਾਮੁ ਨਹੀ ਪੂਰਨ ਰਹਤ॥***
***ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥***
***ਅਪਨਾ ਕਹਿਆ ਆਪਿ ਨ ਕਮਾਵੈ।।***
***ਪੰਡਿਤ ਬੇਦੁ ਬੀਚਾਰਿ ਪੰਡਿਤ॥***
***ਮਨ ਕਾ ਕ੍ਰੋਧੁ ਨਿਵਾਰਿ ਪੰਡਿਤ॥***

*ਆਗੈ ਰਾਖਿਓ ਸਾਲਗਿਰਾਮੁ॥*
*ਮਨੁ ਕੀਨੋ ਦਹਦਿਸ ਬਿਸ੍ਰਾਮੁ॥*
*ਤਿਲਕੁ ਚਰਾਵੈ ਪਾਈ ਪਾਇ।।*
*ਲੋਕ ਪਚਾਰਾ ਅੰਧੁ ਕਮਾਇ॥*
*ਖਟੁ ਕਰਮਾ ਅਰੁ ਆਸਣੁ ਧੋਤੀ॥*
*ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥*
*ਮਾਲਾ ਫੇਰੈ ਮੰਗੈ ਬਿਭੂਤ।।*
*ਇਹ ਬਿਧਿ ਕੋਈ ਨ ਤਰਿਓ ਮੀਤ॥*
*ਅੰਗ - 887*

*ਪੰਡਿਤ ਮੈਲੁ ਨ ਚੁਕਈ*
*ਜੇ ਵੇਦ ਪੜੈ ਜੁਗ ਚਾਰਿ॥*
*ਤ੍ਰੈ ਗੁਣ ਮਾਇਆ ਮੂਲੁ ਹੈ*
*ਵਿਚਿ ਹਉਮੈ ਨਾਮੁ ਵਿਸਾਰਿ।।*
*ਪੰਡਿਤ ਭੂਲੇ ਦੂਜੇ ਲਾਗੇ*
*ਮਾਇਆ ਕੈ ਵਾਪਾਰਿ।।*
*ਅੰਤਰਿ ਤ੍ਰਿਸਨਾ ਭੁਖ ਹੈ*
*ਮੂਰਖ ਭੁਖਿਆ ਮੁਏ ਗਵਾਰ।।*
*ਸਤਿਗੁਰਿ ਸੇਵਿਐ ਸੁਖੁ ਪਾਇਆ*
*ਸਚੈ ਸਬਦਿ ਵੀਚਾਰਿ॥*
*ਅੰਦਰਹੁ ਤ੍ਰਿਸਨਾ ਭੁਖ ਗਈ*
*ਸਚੈ ਨਾਇ ਪਿਆਰਿ॥*
*ਨਾਨਕ ਨਾਮਿ ਰਤੇ ਸਹਜੇ ਰਜੇ*
*ਜਿਨਾ ਹਰਿ ਰਖਿਆ ਉਰਿ ਧਾਰਿ।।*
*ਅੰਗ - 647*

ਅਸੀਂ ਤਾਂ ਪੰਡਤ ਉਸ ਨੂੰ ਕਹਿੰਦੇ ਹਾਂ ਜੋ ਵਿਚਾਰ ਸੰਯੁਕਤ ਹੋਵੇ, ਜਿਸ ਦੇ ਅੰਦਰ ਇਹ ਪੂਰੀ ਤਰ੍ਹਾਂ ਨਾਲ ਦ੍ਰਿੜ੍ਹ ਹੋਵੇ ਕਿ -

*ਨਿਰਗੁਣੁ ਸਰਗੁਣੁ ਆਪੇ ਸੋਈ॥*
*ਤਤੁ ਪਛਾਣੈ ਸੋ ਪੰਡਿਤੁ ਹੋਈ।। ਅੰਗ - 128*

ਅਤੇ ਪੰਡਤ ਜੀ ਤੁਸੀਂ ਤਾਂ ਉਨ੍ਹਾਂ ਪੰਡਤਾਂ ਵਿਚੋਂ ਹੋ ਜਿਹੜੇ ਵਿਦਿਆ ਪੜ੍ਹ-ਪੜ੍ਹ ਕੇ ਉਚਾ ਕੂਕਦੇ ਹਨ। ਬ੍ਰਹਮ ਦੀ ਵਿਚਾਰ ਦੇ ਭੇਤ ਸੰਸਾਰ ਨੂੰ ਦਸਦੇ ਹਨ ਅਤੇ ਆਪ ਨਾ ਹੀ ਆਪਣੇ ਆਪੇ ਨੂੰ ਚੀਨਦੇ ਹਨ ਅਤੇ ਮਾਇਆ ਵਿਚ ਗੁਲਤਾਨ ਹਨ। ਉਨ੍ਹਾਂ ਨੂੰ ਕੀ ਆਖਿਆ ਜਾਵੇ ? ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਪੰਡਿਤੁ ਪੜਿ ਪੜਿ ਉਚਾ ਕੂਕਦਾ*
*ਮਾਇਆ ਮੋਹਿ ਪਿਆਰੁ॥*
*ਅੰਤਰਿ ਬ੍ਰਹਮੁ ਨ ਚੀਨਈ*
*ਮਨਿ ਮੂਰਖੁ ਗਾਵਾਰੁ॥*
*ਦੂਜੈ ਭਾਇ ਜਗਤੁ ਪਰਬੋਧਦਾ*
*ਨਾ ਬੂਝੈ ਬੀਚਾਰੁ॥*
*ਬਿਰਥਾ ਜਨਮੁ ਗਵਾਇਆ*
*ਮਰਿ ਜੰਮੈ ਵਾਰੋ ਵਾਰ॥ ਅੰਗ - 86*

ਜਿਹੜਾ ਪੰਡਤ ਗੁਰ ਸ਼ਬਦ ਦੀ ਕਮਾਈ ਕਰਦਾ ਹੈ ਉਸ ਉਪਰੋਂ ਤ੍ਰਿਗੁਣੀ ਮਾਇਆ ਉਤਰ ਜਾਇਆ ਕਰਦੀ ਹੈ-

*ਸੋ ਪੰਡਿਤੁ ਗੁਰ ਸਬਦੁ ਕਮਾਇ॥*
*ਤ੍ਰੈ ਗੁਣ ਕੀ ਓਸੁ ਉਤਰੀ ਮਾਇ।।*
*ਅੰਗ - 888*

ਸੋ ਪੰਡਤ ਉਹ ਹੈ -

*ਸੋ ਪੰਡਿਤੁ ਜੋ ਮਨੁ ਪਰਬੋਧੈ॥*
*ਰਾਮਨਾਮੁ ਆਤਮ ਮਹਿ ਸੋਧੈ॥*
*ਰਾਮਨਾਮ ਸਾਰੁ ਰਸੁ ਪੀਵੈ॥*
*ਉਸੁ ਪੰਡਿਤੁ ਕੈ ਉਪਦੇਸਿ ਜਗੁ ਜੀਵੈ॥*
*ਹਰਿ ਕੀ ਕਥਾ ਹਿਰਦੈ ਬਸਾਵੈ॥*
*ਸੋ ਪੰਡਿਤੁ ਫਿਰਿ ਜੋਨਿ ਨ ਆਵੈ॥*
*ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥*
*ਸੂਖਮ ਮਹਿ ਜਾਨੈ ਅਸਥੂਲੁ॥*
*ਚਹੁ ਵਰਨਾ ਕਉ ਦੇ ਉਪਦੇਸੁ॥*
*ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥*
*ਅੰਗ - 274*

ਸੋ ਜਿਸ ਦੇ ਹਰ ਵਕਤ ਪ੍ਰਭੂ ਹਿਰਦੇ ਵਿਚ ਸਮਾਇਆ ਰਹਿੰਦਾ ਹੈ ਅਤੇ ਜਿਸ ਨੇ ਅਗਿਆਨ ਦਾ ਹਨ੍ਹੇਰਾ ਦੂਰ ਕਰਕੇ ਗਿਆਨ ਦੇ ਪ੍ਰਕਾਸ਼ ਵਿਚ ਵਾਸਾ ਕਰ ਲਿਆ ਹੈ, ਉਸ ਨੂੰ ਗੁਰੂ ਸਾਹਿਬ ਪੰਡਤ ਦੀ ਉਪਾਧੀ ਦਿੰਦੇ ਹਨ-

*ਙੰਙੈ ਙਿਆਨੁ ਬੂਝੈ ਜੇ ਕੋਈ*
*ਪੜਿਆ ਪੰਡਿਤੁ ਸੋਈ॥*
*ਸਰਬ ਜੀਆ ਮਹਿ ਏਕੋ ਜਾਣੈ*
*ਤਾ ਹਉਮੈ ਕਹੈ ਨ ਕੋਈ।। ਅੰਗ- 432*

ਇਸ ਤਰ੍ਹਾਂ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਪ੍ਰਤੱਖ ਰੂਪ ਵਿਚ ਹੋਇਆ ਕਰਦੀ ਹੈ ਅਤੇ ਜੋ ਕੁਝ ਉਹ ਬਚਨ ਕਰਦੇ ਹਨ ਉਹ ਆਪਣੇ ਉਪਰ ਕਮਾਏ ਹੋਏ ਹੋਇਆ ਕਰਦੇ ਹਨ।

ਸੋ ਅੰਤ ਵਿਚ ਮੈਂ ਬੇਨਤੀ ਕਰਦਾ ਸੀ ਕਿ ਜਦੋਂ ਮਹਾਂਪੁਰਸ਼ ਨਾਮ ਵਿਚ ਲੀਨ ਹੋ ਜਾਂਦੇ ਹਨ ਤਾਂ ਉਨ੍ਹਾਂ ਦੀ ਹੋਂਦ ਸਦੀਵੀ ਤੌਰ ਤੇ ਖਤਮ ਹੋ ਕੇ ਪ੍ਰਭੂ ਰੂਪ ਹੋ ਜਾਇਆ ਕਰਦੀ ਹੈ। ਉਹ ਪ੍ਰਭੂ ਹੀ ਹੋਇਆ ਕਰਦੇ ਹਨ ਜਿਸ ਤਰ੍ਹਾਂ ਕਿ ਫੁਰਮਾਨ ਹੈ -

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਅੰਗ - 397*

'ਚਲਦਾ.............।'

# ਆਤਮ ਗਿਆਨ

*ਪ੍ਰਵਚਨ - ਸੰਤ ਬਾਬਾ ਵਰਿਆਮ ਸਿੰਘ ਜੀ*
*ਸੰਪਾਦਕ - ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-44)*

## 5. ਹਉਮੈ ਬੂਝੈ ਤਾ ਦਰੁ ਸੂਝੈ

ਸਤਿਸੰਗ ਦੀ ਮਹਿਮਾ ਬਹੁਤ ਵੱਡੀ ਹੈ, ਪੁੰਨ ਕਰਮਾਂ ਤੋਂ ਬਿਨਾਂ ਸਤਿਸੰਗ ਪ੍ਰਾਪਤ ਨਹੀਂ ਹੁੰਦਾ ਤੇ ਸਤਿਸੰਗ ਹੀ ਇਕ ਐਸੀ ਜਗ੍ਹਾ ਹੈ ਜਿਥੇ ਆ ਕੇ ਜੀਵ ਨੂੰ ਸੁਮੱਤ ਮਿਲਦੀ ਹੈ। ਉਹ ਇਹ ਹੈ ਕਿ ਇਥੇ ਆ ਕੇ ਸੋਝੀ ਮਿਲਦੀ ਹੈ ਕਿ ਮੇਰਾ ਸੰਸਾਰ ਤੇ ਆਉਣਾ ਕਿਉਂ ਹੋਇਆ? ਸਤਿਸੰਗ ਵਿਚ ਆ ਕੇ ਸਤਿਪੁਰਸ਼ਾਂ ਦੇ ਬਚਨ ਸਰਵਣ ਕਰਨ ਦਾ ਸੁਭਾਗ ਪ੍ਰਾਪਤ ਹੋ ਜਾਣਾ ਇਹ ਸਭ ਤੋਂ ਉਚਾ ਕਰਮ ਹੁੰਦਾ ਹੈ। ਸਤਿਸੰਗ ਵਿਚ ਹਰ ਇਕ ਨੂੰ ਦਾਖਲਾ ਨਹੀਂ ਮਿਲਦਾ, ਜਿਸ ਦੇ ਭਾਗਾਂ ਵਿਚ ਲਿਖਿਆ ਹੋਵੇ, ਕੇਵਲ ਓਹੀ ਆ ਸਕਦਾ ਹੈ।

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- ੬੪੨*

ਇਸ ਨਾਲ ਜੀਵ ਨੂੰ ਪਤਾ ਲਗਦਾ ਹੈ ਕਿ ਕਿਸ ਕਾਰਨ ਕਰਕੇ ਮੈਂ ਪ੍ਰਭੂ ਨਾਲੋਂ ਵਿਛੜ ਕੇ ਦੁਖੀ ਹੋ ਰਿਹਾ ਹਾਂ ਤੇ ਉਸ ਨਾਲ ਮੇਰਾ ਮਿਲਾਪ ਕਿਵੇਂ ਹੋਵੇਗਾ? ਇਥੇ ਆ ਕੇ ਸਾਰੇ ਗਾਉਂਦੇ ਵੀ ਹਨ, ਸੁਣਦੇ ਵੀ ਹਨ ਪਰ ਕਿਸੇ ਨੂੰ ਫਲ ਘੱਟ ਮਿਲਦਾ ਹੈ ਤੇ ਕਿਸੇ ਨੂੰ ਵੱਧ ਮਿਲਦਾ ਹੈ, ਕਈ ਐਸੇ ਵੀ ਹੁੰਦੇ ਹਨ ਜਿਹੜੇ ਖਾਲੀ ਰਹਿ ਜਾਂਦੇ ਹਨ। ਜਿਨ੍ਹਾਂ ਸਿੱਖ ਸੇਵਕਾਂ ਨੇ ਸਤਿਸੰਗ ਵਿਚ ਆ ਕੇ ਸਤਿਗੁਰੂ ਜੀ ਨੂੰ ਸ਼ਰਧਾ ਸਹਿਤ ਹਾਜ਼ਰਾ ਹਜ਼ੂਰ ਸਮਝ ਕੇ ਉਤਮ ਗੁਰਬਾਣੀ ਨੂੰ ਗਾਇਨ ਕੀਤਾ, ਸੁਣ ਕੇ ਪੂਰੀ ਤਰ੍ਹਾਂ ਆਗਿਆ ਤੇ ਬਚਨਾਂ ਨੂੰ ਸਤਿ ਕਰਕੇ ਹਿਰਦੇ ਵਿਚ ਧਾਰ ਲਿਆ, ਉਨ੍ਹਾਂ ਦਾ ਲੇਖੇ ਵਿਚ ਪੈ ਜਾਂਦਾ ਹੈ। ਜੇਕਰ ਅਸੀਂ ਗੁਰੂ ਮਹਾਰਾਜ ਜੀ ਦੇ ਇਨ੍ਹਾਂ ਬ੍ਰਹਮ ਵਾਕਾਂ ਤੇ ਨਿਸਚਾ ਕਰ ਲਈਏ ਤਾਂ ਸਾਡਾ ਉਧਾਰ ਹੋ ਸਕਦਾ ਹੈ। ਇਸ ਦਾ ਕਿੰਨਾ ਵੱਡਾ ਫਲ ਮਿਲਦਾ ਹੈ ਅਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*
*ਅੰਗ- ੬੬੯*

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਮਹਾਰਾਜ ਜੀ ਕਹਿੰਦੇ ਹਨ ਕਿ ਕੋਟਿਕ, ਜਿਸ ਦਾ ਮਤਲਬ ਹੈ ਕਰੋੜ, ਕਈ ਕਰੋੜ ਜੱਗਾਂ ਦਾ ਫਲ ਉਸ ਨੂੰ ਮਿਲਦਾ ਹੈ ਜੋ ਸਤਿਸੰਗ ਵਿਚ ਆ ਕੇ ਹਰੀ ਜਸ ਸੁਣਦੇ ਤੇ ਗਾਉਂਦੇ ਹਨ। ਇਸ ਨੂੰ ਗਹਿਰਾਈ ਨਾਲ ਵਿਚਾਰੀਏ ਤਾਂ ਪਤਾ ਲਗ ਜਾਂਦਾ ਹੈ ਕਿ ਜਿਵੇਂ ਕੋਈ ਮਨੁੱਖ ਪੈਦਾ ਹੁੰਦੀ ਸਾਰ ਹੀ ਜੱਗ ਕਰਨਾ ਸ਼ੁਰੂ ਕਰ ਦੇਵੇ ਭਾਵ ਉਸ ਦੇ ਨਮਿਤ ਮਾਂ ਬਾਪ ਜੱਗ ਕਰਨੇ ਸ਼ੁਰੂ ਕਰ ਦੇਣ ਜਦ ਤਕ ਉਹ ਸੁਰਤ ਨਹੀਂ ਸੰਭਾਲਦਾ। ਇਸ ਤਰ੍ਹਾਂ ਦੇ ਨਾਲ ਸੌ ਸਾਲ ਦੀ ਉਮਰ ਤਕ ਉਸ ਦੇ 36 ਹਜ਼ਾਰ 5 ਸੌ ਜੱਗ ਹੋ ਜਾਣਗੇ। ਹਜ਼ਾਰ ਸਾਲ ਦੀ ਉਮਰ ਵਾਲੇ ਦੇ 3 ਲੱਖ 60 ਹਜ਼ਾਰ, ਦਸ ਹਜ਼ਾਰ ਸਾਲ ਦੀ ਉਮਰ ਵਾਲੇ ਦੇ 3 ਕਰੋੜ 60 ਲੱਖ ਹਜ਼ਾਰ ਜੱਗ ਹੋ ਜਾਂਦੇ ਹਨ। ਐਨੀ ਲੰਮੀ ਉਮਰ ਤਾਂ ਕਿਸੇ ਨੂੰ ਮਿਲਦੀ ਨਹੀਂ ਤੇ ਨਾਹੀ ਇਤਨੀ ਉਮਰ ਵਾਲਾ ਬੰਦਾ ਅੱਜ ਤੱਕ ਦੁਨੀਆਂ ਤੇ ਆਇਆ ਹੈ ਜਿਸ ਨੇ ਐਨੇ ਪੁੰਨ ਕੀਤੇ ਹੋਣਗੇ। ਐਡੇ ਵੱਡੇ ਪੁੰਨ ਦਾ ਅੰਦਾਜ਼ਾ ਨਹੀਂ ਲਗ ਸਕਦਾ ਕਿਉਂਕਿ ਸਤਿਸੰਗ ਵਿਚ ਆ ਕੇ ਸਮਰੱਥ ਗੁਰੂ ਦਾ ਮਿਲਾਪ ਹੋ ਜਾਂਦਾ ਹੈ ਜੋ ਕਿ ਸਭ ਤੋਂ ਵੱਡੇ ਪੁੰਨ ਦਾ ਫਲ ਹੋਇਆ ਕਰਦਾ ਹੈ। ਮਹਾਰਾਜ ਜੀ ਕਹਿੰਦੇ ਪਿਆਰਿਓ! ਸਤਿਗੁਰੂ ਵਰਗਾ ਦਾਤਾ ਸੰਸਾਰ ਵਿਚ ਹੋਰ ਕੋਈ ਨਹੀਂ ਹੋਇਆ ਕਰਦਾ ਕਿਉਂਕਿ ਸਮਰੱਥ ਗੁਰੂ, ਪੂਰਨ ਸਤਿਗੁਰੂ ਹਉਮੈ ਦੇ ਬੰਧਨ ਕੱਟ ਕੇ ਜੀਵ ਨੂੰ ਪ੍ਰਮੇਸ਼ਰ ਨਾਲ ਮਿਲਾ ਦਿੰਦਾ ਹੈ।

*ਸਤਿਗੁਰ ਜੇਵਡੁ ਦਾਤਾ ਕੋ ਨਹੀ*
*ਸਭਿ ਸੁਣਿਅਹੁ ਲੋਕ ਸਬਾਇਆ ॥*
*ਸਤਿਗੁਰਿ ਮਿਲਿਐ ਸਚੁ ਪਾਇਆ*
*ਜਿਨ੍ਹੀ ਵਿਚਹੁ ਆਪੁ ਗਵਾਇਆ ॥*
*ਜਿਨਿ ਸਚੋ ਸਚੁ ਬੁਝਾਇਆ ॥* *ਅੰਗ- ੪੬੫*

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ ੩੪/੧*

ਜੀਵ ਪ੍ਰਮੇਸ਼ਰ ਨਾਲੋਂ ਵਿਛੜ ਕੇ ਅਰਬਾਂ ਖਰਬਾਂ ਸਾਲਾਂ ਤੋਂ ਦੁਖੀ ਹੋ ਰਿਹਾ ਹੈ ਤੇ ਇਤਨਾ ਭੁੱਲ ਚੁੱਕਿਆ ਹੈ ਕਿ ਇਸ ਨੂੰ ਇਹ ਵੀ ਨਹੀਂ ਪਤਾ ਕਿ ਮੈਂ ਕੌਣ ਹਾਂ ਤੇ ਕਿਥੋਂ ਆਇਆ ਹਾਂ? ਜੇਕਰ ਕੋਈ ਪੁੱਛੇ ਅਸੀਂ ਕਹਿ ਦੇਵਾਂਗੇ ਕਿ ਮੈਂ ਫਲਾਨਾ ਸਿੰਘ ਹਾਂ ਤੇ ਫਲਾਨੇ ਪਿੰਡ ਜਾਂ ਸ਼ਹਿਰ ਤੋਂ ਆਇਆ ਹਾਂ। ਮਾਇਆ ਦੇ ਅਸਰ ਕਰਕੇ ਆਪਣੇ ਆਪ ਦਾ ਗਿਆਨ ਭੁੱਲ ਗਿਆ ਕਿ ਮੈਂ ਕੌਣ ਹਾਂ, ਇਸ ਕਰਕੇ ਅਸੀਂ ਚੌਰਾਸੀ ਦੇ ਗੇੜੇ ਖਾਂਦੇ ਫਿਰਦੇ ਹਾਂ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*
*ਅੰਗ- ੯੯੯*

ਅਸੀਂ ਆਪਣੇ ਆਪ ਨੂੰ ਬਹੁਤ ਅਕਲਮੰਦ ਸਮਝਦੇ ਹਾਂ ਤੇ ਕਹਿੰਦੇ ਫਿਰਦੇ ਹਾਂ ਕਿ ਸਾਡੇ ਵਰਗਾ ਅਕਲਮੰਦ ਹੋਰ ਕੋਈ ਨਹੀਂ, ਵੱਡੇ-ਵੱਡੇ ਸਮਾਰੋਹ ਕਰਕੇ ਡਿਗਰੀਆਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ, ਸੰਸਾਰ ਭਰ ਵਿਚ ਫੋਟੋਆਂ ਟੈਲੀਵੀਜ਼ਨ ਉਤੇ ਦਿਖਾਈਆਂ ਜਾਂਦੀਆਂ ਹਨ। ਕਈ ਇਹ ਵੀ ਦਸਦੇ ਹਨ ਕਿ ਮੈਨੂੰ ਸਾਰਾ ਸੰਸਾਰ ਜਾਣਦਾ ਹੈ ਪਰ ਜੇ ਪੁੱਛੀਏ, ਪ੍ਰੇਮੀਆਂ! ਕੀ ਤੂੰ ਆਪਣੇ ਆਪ ਨੂੰ ਜਾਣਦਾ ਹੈਂ ਕਿ ਨਹੀਂ? ਸ਼ਾਇਦ ਵਿਰਲਾ ਹੀ ਕੋਈ ਨਿਕਲੇ ਜਿਹੜਾ ਇਹ ਦਸ ਸਕੇ ਕਿ ਮੈਂ ਕੌਣ ਹਾਂ। ਜੇ ਪੁੱਛੇ ਕਿ ਵਾਹਿਗੁਰੂ ਨੂੰ ਪਛਾਣਦਾ ਹੈਂ? ਕਹਿ ਦੇਣਗੇ ਕਿ ਸਾਰੇ ਵਾਹਿਗੁਰੂ ਹੈ ਪਰ ਹਉਮੈ ਤੇ ਅਭਿਮਾਨ ਵਿਚ ਆ ਕੇ ਕਹਿੰਦੇ ਹਨ ਕਿ ਵਾਹਿਗੁਰੂ ਇਕ ਹੈ, ਵਾਹਿਗੁਰੂ ਇਕ ਹੈ। ਇਹ ਰੱਟ ਤਾਂ ਸਾਰੇ ਲਗਾ ਰਹੇ ਹਨ ਪਰ ਮਹਾਰਾਜ ਜੀ ਕਹਿੰਦੇ ਹਨ ਜੇ ਸੱਚਮੁੱਚ ਇਮਾਨਦਾਰੀ ਨਾਲ ਆਪਣੀ ਪਰਖ ਕਰੀਏ ਅਤੇ ਅੰਦਰ ਝਾਤੀ ਮਾਰ ਕੇ ਦੇਖੀਏ ਫੇਰ ਤਾਂ ਦੁਬਿਧਾ ਖਤਮ ਹੋ ਜਾਂਦੀ ਹੈ।

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥*
*ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥*
*ਅੰਗ- ੯੩੦*

ਪਿਆਰਿਆ! ਜੇਕਰ ਇਹ ਗੱਲ ਸਮਝ ਵਿਚ ਆ ਗਈ, ਇਹ ਪਛਾਣ ਆ ਗਈ ਕਿ ਅੰਦਰ ਬਾਹਰ ਇਕੋ ਵਾਹਿਗੁਰੂ ਹੈ, ਫੇਰ ਹੌਕੇ ਹਾਵੇ ਤੇ ਚਿੰਤਾ ਕਿਹੜੀ ਗੱਲ ਦੀ, ਘਬਰਾਹਟ ਕਿਹੜੀ ਗੱਲ ਦੀ? ਚਿੰਤਾ ਤੇ ਘਬਰਾਹਟ ਤਾਂ ਉਤਨੀ ਦੇਰ ਸੀ ਜਦੋਂ ਤਕ ਜਾਣਿਆ ਨਹੀਂ ਸੀ। ਜਦੋਂ ਜਾਣ ਲਿਆ, ਪਛਾਣ ਲਿਆ ਫੇਰ ਕਿਹੜੀ ਘਬਰਾਹਟ, ਕੌਣ ਉਚਾ, ਕੌਣ ਨੀਵਾਂ, ਕਿਹੜਾ ਵਿਛੜਿਆ ਤੇ ਕਿਹੜਾ ਮਿਲਿਆ ਹੋਇਆ, ਇਹ ਸੰਸਾਰੀ ਗੱਲਾਂ ਤਾਂ ਖਤਮ ਹੋ ਜਾਂਦੀਆਂ ਹਨ। ਪਛਾਣ ਹੈ ਨਹੀਂ ਪਤਾ, ਗੱਲਾਂਬਾਤਾਂ ਬਥੇਰੀਆਂ ਹਨ। ਪਰ ਪ੍ਰੇਮੀਆਂ! ਪਛਾਣ ਤਾਂ ਸਹੀ, ਤੂੰ ਕਹਿੰਦਾ ਸੀ ਮੈਂ ਫਲਾਣਾ ਸਿੰਘ ਹਾਂ, ਇਸ ਸਰੀਰ ਵਿਚ ਕਿਹੜੀ-ਕਿਹੜੀ ਚੀਜ਼ ਹੈ, ਇਕੱਲੀ-ਇਕੱਲੀ ਕਰਕੇ ਦੇਖ ਲੈ, ਫੇਰ ਪਤਾ ਲੱਗ ਜਾਵੇਗਾ।

ਸਵਾਮੀ ਰਾਮ ਤੀਰਥ ਜੀ ਉੱਚ ਕੋਟੀ ਦੇ ਸੰਤ ਸਨ, ਉਨ੍ਹਾਂ ਇਕ ਵੇਰਾਂ ਕੈਲੀਫੋਰਨੀਆਂ ਅਮਰੀਕਾ ਵਿਚ ਜਾ ਕੇ ਲੈਕਚਰ ਦਿਤਾ। ਇਕ ਅਮਰੀਕਨ ਪ੍ਰੇਮੀ ਲੈਕਚਰ ਤੋਂ ਬੜਾ ਪ੍ਰਭਾਵਿਤ ਹੋਇਆ ਅਤੇ ਉਸ ਨੇ ਸਵਾਮੀ ਜੀ ਨੂੰ ਆਪਣੇ ਘਰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਕਹਿਣ ਲੱਗੇ ਆਪਣਾ ਅਡਰੈਸ (ਪਤਾ) ਸਹੀ ਲਿਖ ਕੇ ਦੇ ਦਿਓ, ਉਸ ਨੇ ਚੰਗੀ ਤਰ੍ਹਾਂ ਸੋਧ ਕੇ ਲਿਖ ਦਿਤਾ ਪਰ ਸਵਾਮੀ ਜੀ ਗਏ ਨਹੀਂ। ਉਸ ਨੇ ਦੂਜੇ ਦਿਨ ਆ ਕੇ ਕਿਹਾ ਕਿ ਮੈਂ ਇੰਤਜ਼ਾਰ ਕਰਦਾ ਰਿਹਾ, ਤੁਸੀਂ ਆਏ ਨਹੀਂ। ਸਵਾਮੀ ਜੀ ਕਹਿੰਦੇ, ਤੇਰਾ ਐਡਰੇਸ ਗਲਤ ਸੀ। ਦੂਜੇ ਦਿਨ ਨਕਸ਼ਾ ਬਣਾ ਕੇ ਦੇ ਗਿਆ ਪਰ ਉਹ ਫੇਰ ਨਾ ਗਏ। ਤੀਜੇ ਦਿਨ ਫੇਰ ਆਇਆ, ਉਨ੍ਹਾਂ ਫੇਰ ਇਹੋ ਕਿਹਾ ਕਿ ਤੇਰਾ ਐਡਰੇਸ ਗਲਤ ਹੈ। ਕਹਿਣ ਲੱਗੇ ਤੂੰ ਕੌਣ ਹੈਂ? ਉਸ ਨੇ ਆਪਣਾ ਨਾਮ ਤੇ ਅਹੁਦਾ ਦਸ ਦਿਤਾ। ਕਹਿੰਦੇ ਆਪਾਂ ਵਿਚਾਰ ਕਰ ਲਈਏ ਕਿ ਪੈਰ ਦੇ ਅਗੂੰਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਤੂੰ ਆਪਣੇ ਸਰੀਰ ਨੂੰ ਮੈਂ ਆਖਦਾ ਹੈਂ ਤੇ ਥੋੜ੍ਹੀ ਦੇਰ ਵਾਸਤੇ ਮੰਨ ਲੈਂਦੇ ਹਾਂ। ਕਹਿੰਦੇ ਜੇਕਰ ਤੇਰੇ ਸਰੀਰ ਦੀਆਂ ਦੋਵੇਂ ਲੱਤਾਂ ਤੇ ਦੋਵੇਂ ਬਾਹਵਾਂ ਲਾਹ ਕੇ, ਸਿਰ ਲਾਹ ਕੇ ਇਧਰ ਰੱਖ ਦੇਈਏ, ਫੇਰ ਤੂੰ ਕੀ ਕਹੇਂਗਾ। ਕਹਿੰਦਾ ਔਹ ਮੇਰੀਆਂ ਲੱਤਾਂ ਹਨ, ਔਹ ਮੇਰੀਆਂ ਬਾਹਵਾਂ ਹਨ, ਔਹ ਮੇਰਾ ਸਿਰ ਹੈ ਤੇ ਆਹ ਮੇਰਾ ਧੜ ਹੈ। ਕਹਿੰਦੇ ਫਿਰ ਤੂੰ ਕੌਣ ਹੋਇਆ? ਤੂੰ ਸਰੀਰ ਨਹੀਂ, ਤੂੰ ਇਸ ਸਰੀਰ ਵਿਚ ਰਹਿਣ ਵਾਲਾ ਹੈਂ। ਉਸ ਦੇ ਗੱਲ ਸਮਝ ਆ ਗਈ ਚਰਨਾਂ ਤੇ ਢਹਿ ਪਿਆ। ਕਹਿੰਦਾ ਕਿ ਤੁਸੀਂ ਮੈਨੂੰ ਹਨ੍ਹੇਰੇ ਵਿਚੋਂ ਕੱਢ ਲਿਆ ਤੇ ਕਿਰਪਾ ਕਰਕੇ ਮੈਨੂੰ ਦੱਸੋ ਕਿ ਮੈਂ ਕੌਣ ਹਾਂ। ਇਹ ਗੱਲ ਐਨੀ ਸੌਖੀ ਨਹੀਂ ਜਾਣੀ ਜਾਂਦੀ। ਇਸ ਦੇ ਲਈ ਸਾਧਨ ਕਰਨੇ ਪੈਂਦੇ ਹਨ ਤੇ ਸਮਰੱਥ ਗੁਰੂ ਕੋਲ ਆ ਕੇ ਆਪਣਾ ਆਪ ਵੇਚਣਾ ਪੈਂਦਾ ਹੈ। ਜਦ ਤੱਕ ਆਪਣਾ ਆਪ ਨਹੀਂ ਵੇਚਦਾ, ਕੰਮ ਨਹੀਂ ਬਣਦਾ ਕਿਉਂਕਿ ਗੁਰੂ ਮਹਾਰਾਜ ਜੀ ਦਾ ਐਸਾ ਹੀ ਫੁਰਮਾਨ ਹੈ -

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥* *ਅੰਗ - ੨੮੬*

ਜਿਸ ਦਿਨ ਮਨ ਗੁਰੂ ਨੂੰ ਸੌਂਪ ਦੇਵੇਗਾ, ਫੇਰ ਹਉਮੈ ਦੂਰ ਹੋ ਜਾਵੇਗੀ। ਕਿਉਂਕਿ ਇਸ ਦੇ ਅੰਦਰ ਜਿਹੜੀ ਮੈਂ ਹੈ, ਉਸ ਨੂੰ ਹਉਮੈ ਆਖਦੇ ਹਨ ਤੇ ਹਉਮੈ ਕਰਕੇ ਹੀ ਪ੍ਰਮੇਸ਼ਰ ਤੋਂ ਵਿਛੁੜਿਆ ਹੋਇਆ ਹੈ।

'ਚਲਦਾ..............।'

# ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ

*ਸੰਤ ਬਾਬਾ ਹਰਪਾਲ ਸਿੰਘ ਜੀ*

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥*
*ਅੰਗ - ੧੩੭੭*

*ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥ ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ ॥*
*ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥*
*ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ ॥ ੧ ॥ ਰਹਾਉ॥*
*ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥*
*ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ*
*ਜਿਨ ਹਰਿ ਨਾਮੁ ਰਿਦੈ ਪਰੋਈ ॥ ਅੰਗ- ੬੧੯*

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ- ੯੫*
*ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥*
*ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥*
*ਅੰਗ - ੧੩੬੯*
*ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥*
*ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥*
*ਅੰਗ - ੧੩੭੫*

*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥*
*ਅੰਗ - ੧੩੬੯*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ। ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਹੋਈ। ਭਾਗਾਂ ਵਾਲੇ ਹਨ ਜਿਹੜੇ ਸਤਿਸੰਗ ਮੰਡਲ ਦੇ ਵਿਚ ਪਹੁੰਚੇ ਨੇ। ਥੋੜ੍ਹਾ ਜਿਹਾ ਸਮਾਂ ਵੀ ਜੇ ਸਤਿਸੰਗ ਦੇ ਵਿਚ ਲਗ ਜਾਵੇ - 'ਕਬੀਰ ਏਕ ਘੜੀ' ਕਿੰਨੀ ਕੁ ਹੁੰਦੀ ਹੈ, ਸਾਢੇ ਚੌਵੀ ਮਿੰਟ ਦੀ। ਉਸ ਤੋਂ ਵੀ ਅੱਧੀ, ਉਸ ਤੋਂ ਵੀ ਅੱਧੀ, ਕਹਿੰਦੇ ਥੋੜ੍ਹਾ ਜਿਹਾ, 'ਏਕ ਚਿਤ ਜਿਹ ਇਕ ਛਿਨ ਧਿਆਇਓ' ਕਾਲ ਫਾਸ ਕੇ ਬੀਚ ਨ ਆਇਓ।' ਸਤਿਸੰਗ ਕਿਸਨੂੰ ਕਿਹਾ ਹੈ? ਸਤਿਸੰਗਤ ਉਹ ਹੈ ਜਿਥੇ ਅੰਦਰਲੀ ਅਵਸਥਾ, ਭੇਤ ਦੀ ਗੱਲ ਖੁਲ੍ਹ ਜਾਵੇ-

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ- ੨੯੩*

ਨਾਮ ਦੇ ਸਹਾਰੇ ਹੀ ਸਭ ਕੁਛ ਚਲ ਰਿਹਾ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ- ੨੮੪*

ਇਸ ਕਰਕੇ ਨਾਮ ਨਾਲ ਜੁੜਨਾ, ਨਾਮ ਸਾਡੇ ਸਾਰਿਆਂ ਦੇ ਅੰਦਰ ਹੈ, ਉਸ ਦੇ ਵਿਚ ਅਸਥਿਤੀ ਹੋ ਜਾਣੀ, ਇਹ ਸਤਿਸੰਗ ਦੇ ਵਿਚੋਂ ਪ੍ਰਾਪਤੀ ਹੋ ਜਾਂਦੀ ਹੈ। ਹੁਣ ਇਥੇ ਕਿੰਨਾ ਤੁਸੀਂ ਸੁਣ ਰਹੇ ਸੀ ਕਿ ਤਿੰਨ ਵਾਰੀ ਅੱਜ ਇਥੇ ਟੈਂਟ ਲੱਗੇ, ਹਨ੍ਹੇਰੀ ਵੀ ਆਈ, ਬਾਰਿਸ਼ ਵੀ ਆਈ। ਪਰ ਦ੍ਰਿੜ੍ਹ ਇਰਾਦਾ ਹੈ, ਕਿਉਂਕਿ -

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥*
*ਅੰਗ- ੭੫੭*

ਇਹ ਇਰਾਦੇ ਦੀ ਬਾਤ ਹੈ। ਜੇ ਸਤਿਸੰਗ ਮਿਲ ਜਾਵੇ ਤਾਂ ਇਹ ਬਹੁਤ ਚੰਗੇ ਭਾਗਾਂ ਦੀ ਨਿਸ਼ਾਨੀ ਹੈ।

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨*

ਮਾਨੁਖ ਤਨ ਦੀ ਪ੍ਰਾਪਤੀ ਹੀ ਇਸ ਵਾਸਤੇ ਹੋਈ ਹੈ ਕਿ ਅਸੀਂ ਸੇਵਾ ਕਰੀਏ, ਸਿਮਰਨ ਕਰੀਏ। ਸਾਢੇ ਤਿੰਨ ਸੌ ਸਾਲ ਇਸ ਇਲਾਕੇ ਦੇ ਵਿਚ ਕਿੰਨੀ ਸੋਹਣੀ ਇਹ ਅਨੰਦਪੁਰੀ, ਅਨੰਦਾਂ ਦੀ ਪੁਰੀ ਸ੍ਰੀ ਅਨੰਦਪੁਰ ਸਾਹਿਬ 350 ਸਾਲ ਪੂਰੇ ਹੋ ਗਏ ਨੇ। ਕਿੱਡੇ ਇਥੇ ਭਾਗ ਲੱਗੇ। ਇਹ ਇਲਾਕਾ ਹੀ ਕਿੰਨਾ ਸੋਹਣਾ, ਪਵਿੱਤਰ ਹੈ।

ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਤਿਲਕ ਜੰਞੂ ਦੀ ਰਾਖੀ ਵਾਸਤੇ ਇਸੇ ਅਨੰਦਪੁਰ ਸਾਹਿਬ ਤੋਂ ਗੁਰੂ ਪਾਤਸ਼ਾਹ ਜੀ ਨੇ ਚਾਲੇ ਪਾਏ। ਨੌਂ ਸਾਲ ਦੀ ਉਦੋਂ ਉਮਰ ਸੀ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੀ, ਜਿਨ੍ਹਾਂ ਨੇ ਆਪ ਆਪਣੇ ਪਿਤਾ ਨੂੰ ਇਥੋਂ ਹੀ ਭੇਜਿਆ। ਕਿਉਂਕਿ 1665 ਈਸਵੀ ਦੇ ਵਿਚ 19 ਜੂਨ ਨੂੰ ਧੰਨ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਨੇ ਇਸ ਦਾ ਸ਼ਿਲਾਨਿਆਸ ਰੱਖਿਆ ਸੀ। ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਜਦੋਂ ਗੋਬਿੰਦ ਰਾਏ ਦੇ ਰੂਪ ਅਨੰਦਪੁਰ ਸਾਹਿਬ ਆਏ ਉਸ ਸਮੇਂ ਆਪ ਜੀ ਨੇ ਅਨੰਦ ਸਾਹਿਬ ਜੀ ਦਾ ਪਾਠ ਪੜ੍ਹਿਆ ਤੇ ਇਹਦਾ ਨਾਮ ਅਨੰਦਪੁਰ ਸਾਹਿਬ ਪੈ ਗਿਆ। ਕਿੰਨਾ ਸੁਹਾਵਣਾ ਇਲਾਕਾ ਹੈ।

ਸਤਿਸੰਗ ਦਾ ਮਹਾਤਮ ਬਹੁਤ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਕਰੋੜਾਂ ਜਗਾਂ ਦਾ ਫਲ ਹੈ। ਇਸ ਗੱਲ 'ਤੇ ਦੋ ਮਹਾਂਪੁਰਸ਼ਾਂ ਦਾ ਆਪਸੀ ਸੰਵਾਦ ਚਲਦੈ। ਇਕ ਵਾਦ ਹੈ, ਇਕ ਵਿਵਾਦ ਹੈ। ਸੰਬਾਦ 'ਚ ਕੋਈ ਗੱਲ ਸਾਮ੍ਹਣੇ ਨਿਕਲਦੀ ਹੈ। ਹੁਣ ਉਹ ਮਹਾਂਪੁਰਸ਼ ਜੋ ਵਿਸ਼ਵਾਮਿੱਤਰ ਜੀ ਸਨ, ਉਨ੍ਹਾਂ ਦਾ ਬਹੁਤ ਤਪ ਸੀ। ਉਹ ਕਹਿੰਦੇ ਤਪ ਵੱਡਾ ਹੈ। ਵਸ਼ਿਸਟ ਜੀ ਕਹਿੰਦੇ ਨਹੀਂ, ਸਤਿਸੰਗ ਵੱਡਾ ਹੈ। ਹੁਣ ਦੋਨਾਂ ਦਾ ਆਪਸੀ ਸੰਵਾਦ ਚਲ ਰਿਹਾ ਹੈ। ਚਲਦੇ-ਚਲਦੇ ਕਹਿੰਦੇ ਪਤਾ ਕਰਨ ਚਲਦੇ ਹਾਂ। ਤਿੰਨੋ

ਦੇਵਤੇ ਸ਼ਿਵ ਜੀ, ਬ੍ਰਹਮਾ, ਵਿਸ਼ਨੂੰ ਜੀ ਉਨ੍ਹਾਂ ਕੋਲ ਜਾਂਦੇ ਨੇ ਤੇ ਸਵਾਲ ਕਰਦੇ ਨੇ ਕਿ ਸਤਿਸੰਗ ਦਾ ਮਹਾਤਮ ਜ਼ਿਆਦਾ ਹੈ ਕਿ ਕੀਤੇ ਹੋਏ ਤਪਾਂ ਦਾ ਫਲ ਜ਼ਿਆਦਾ ਹੈ। ਸਤਿਸੰਗ ਦਾ ਮਹਾਤਮ ਦੱਸਣਾ ਕੋਈ ਸੌਖਾ ਨਹੀਂ-

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ - ੭੨*

ਸਤਿਸੰਗ ਦੇ ਵਿਚ ਨਾਮ ਦੀ ਵਿਆਖਿਆ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ- ੮੧*

ਅੱਜ ਇਹ ਸਵਾਲ ਪੈਦਾ ਹੋ ਗਿਆ। ਜਦੋਂ ਇਹ ਵੀ ਨਾ ਦਸ ਸਕੇ ਤਾਂ ਇਨ੍ਹਾਂ ਨੇ ਕਿਹਾ ਕਿ ਆਪਾਂ ਸਾਰੇ ਸ਼ੇਸ਼ਨਾਗ ਜੀ ਕੋਲੋਂ ਪੁਛਦੇ ਹਾਂ। ਜਿਹੜੇ ਰੋਜ਼ 2000 ਨਾਮ ਪ੍ਰਮੇਸ਼ਰ ਦਾ ਨਿੱਤ ਨਵਾਂ ਉਚਾਰਨ ਕਰਦੇ ਨੇ। ਉਨ੍ਹਾਂ ਕੋਲ ਜਾਂਦੇ ਹਨ ਤਾਂ ਇਹ ਸਵਾਲ ਰੱਖਿਆ। ਤਾਂ ਉਨ੍ਹਾਂ ਨੇ ਕਿਹਾ ਕਿ ਮੈਨੂੰ ਤਾਂ ਵਿਹਲ ਨਹੀਂ। ਕਿਉਂਕਿ ਜਿਹੜਾ ਹੈ -

*ਧੌਲੁ ਧਰਮੁ ਦਇਆ ਕਾ ਪੂਤੁ ॥*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥* *ਅੰਗ- ੩*

ਇਹ ਜਿਹੜਾ ਧਰਮ ਦਾ ਬਲਦ ਹੈ ਇਹਦੇ ਸਹਾਰੇ ਧਰਤੀ ਖੜ੍ਹੀ ਹੈ। ਮੈਂ 2000 ਨਾਮ ਉਚਾਰਨ ਕਰਦਾ ਹਾਂ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ- ੨੮੪*

ਇਸ ਕਰਕੇ ਸਵਾਲ ਦੇ ਜਵਾਬ ਵਾਸਤੇ ਤਪ ਫਲ ਦਿਓ ਕਿਉਂਕਿ ਏਧਰੋਂ ਮੈਂ ਹਟਣਾ ਹੈ, ਧਰਤੀਆਂ ਡੋਲ੍ਹਣ ਲਗ ਜਾਣਗੀਆਂ।

ਸੌ ਸਾਲ, ਹਜ਼ਾਰ ਸਾਲ ਦਾ ਤਪ ਵੀ ਦੇ ਦਿਤਾ। ਧਰਤੀਆਂ ਡੋਲ੍ਹਣ ਤੋਂ ਨਾ ਰੁਕੀਆਂ। ਫੇਰ ਵਸਿਸ਼ਟ ਜੀ ਇਕ ਘੜੀ ਸਤਿਸੰਗ ਦਾ ਫਲ ਦਿੰਦੇ ਹਨ। ਤਾਂ ਧਰਤੀਆਂ ਰੁਕ ਗਈਆਂ। ਕਿਉਂਕਿ ਸਤਿਸੰਗ 'ਚ ਨਾਮ ਦੀ ਵਿਚਾਰ ਹੁੰਦੀ ਹੈ। ਹੁਣ ਉਸ ਸਮੇਂ ਸਾਰੇ ਕਹਿਣ ਲੱਗੇ ਕਿ ਹੁਣ ਤਾਂ ਨਤੀਜਾ ਸਾਮ੍ਹਣੇ ਆਪੇ ਹੀ ਆ ਗਿਆ ਕਿ ਜਿਹੜੀਆਂ ਤਪ ਨਾਲ ਧਰਤੀਆਂ ਡੋਲ੍ਹਣ ਤੋਂ ਨਹੀਂ ਹਟੀਆਂ। ਸਤਿਸੰਗ ਦੇ ਨਾਲ ਉਹ ਸਥਿਰ ਹੋ ਗਈਆਂ। ਇਸ ਕਰਕੇ ਸਤਿਸੰਗ ਦਾ ਮਹਾਤਮ ਵੱਡਾ ਦਸਿਆ ਹੈ ਕਲਜੁਗ ਦੇ ਵਿਚ। ਬਾਕੀ ਕਰਮ ਧਰਮ ਐਨੇ ਫਲਦਾਇਕ ਨਹੀਂ, ਜਿੰਨਾਂ ਕਿ ਸਤਿਸੰਗ ਦਾ ਮਹਾਤਮ ਦਸਿਆ ਹੈ।

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮ ਸਾਧੇ ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ ॥ ੧ ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਅੰਗ- ੬੪੧*

ਕਰਮ ਧਰਮਾਂ ਦਾ ਇਹ ਨਹੀਂ ਕਿ ਫਲ ਨਹੀਂ ਹੈ। ਕਲਜੁਗ ਦਾ ਸਮਾਂ ਇਹਦੇ ਵਿਚ ਇਹ ਕਰਕੇ ਬੰਦਾ ਅਹੰਭਾਵ 'ਚ ਆ ਕੇ ਕਹਿੰਦਾ ਕਿ ਮੈਂ ਆਹ ਕੀਤਾ, ਮੈਂ ਉਹ ਕੀਤਾ। ਇਸ ਕਰਕੇ -

*ਜਬ ਲਗੁ ਮੇਰੀ ਮੇਰੀ ਕਰੈ ॥*
*ਤਬ ਲਗੁ ਕਾਜੁ ਏਕੁ ਨਹੀ ਸਰੈ ॥*
*ਜਬ ਮੇਰੀ ਮੇਰੀ ਮਿਟਿ ਜਾਇ ॥*
*ਤਬ ਪ੍ਰਭ ਕਾਜੁ ਸਵਾਰਹਿ ਆਇ ॥* *ਅੰਗ- ੧੧੬੧*

ਇਸ ਕਰਕੇ -

*ਮੋਨਿ ਭਇਓ ਕਰਪਾਤੀ ਰਹਿਓ*
*ਨਗਨ ਫਿਰਿਓ ਬਨ ਮਾਹੀ ॥*
*ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥*
*ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥*
*ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥ ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥*
*ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥*
*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ ॥* *ਅੰਗ- ੬੪੨*

ਇਹ ਸਾਰੇ ਕਰਮ ਕਰਕੇ ਵੀ ਇਨਸਾਨ ਦਾ ਛੁਟਕਾਰਾ ਨਹੀਂ ਕਿਉਂਕਿ ਅਸਲ ਤਾਂ ਛੁਟਕਾਰਾ ਨਾਮ ਦੇ ਵਿਚ ਅਸਥਿਤ ਹੋ ਕੇ ਹੈ। ਬਾਕੀ ਤਾਂ ਜੋ ਵੀ ਦਿਸਦਾ ਹੈ -

*ਜੋਗ ਸਿਧ ਆਸਣ ਚਉਰਾਸੀਹ*
*ਏ ਭੀ ਕਰਿ ਕਰਿ ਰਹਿਆ ॥*
*ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ ॥ ੬ ॥*
*ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥*
*ਅੰਗ - ੬੪੨*

ਇਨ੍ਹਾਂ ਸਾਰਿਆਂ 'ਚੋਂ ਸਭ ਤੋਂ ਸ੍ਰੇਸ਼ਟ ਕਰਮ ਹੈ ਜੋ ਆਪਾਂ ਕਰ ਰਹੇ ਹਾਂ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ - ੬੪੨*

ਜਦੋਂ ਜ਼ਿੰਦਗੀ ਦੇ ਵਿਚ ਸੰਚਿਤ ਕਰਮ ਫਲ ਦੇਣ ਵਾਸਤੇ ਤਿਆਰ ਹੁੰਦੇ ਹਨ ਫੇਰ ਕਿਤੇ ਜਾ ਕੇ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ। ਕੁਸੰਗ ਤਾਂ ਹਰ ਜਗ੍ਹਾ ਹੀ ਹੈ। ਪਰ ਇਹ ਜਿਹੜਾ ਸਤਿਸੰਗ ਹੈ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥* *ਅੰਗ- ੯੫*

ਕਲਜੁਗ ਦਾ ਸਮਾਂ ਹੈ। ਜੇ ਮਹਾਤਮ ਹੈ ਤਾਂ ਇਹ ਸਤਿਸੰਗ ਨੂੰ ਹੈ -

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ- ੧੦੭੬*

ਇਹਦੇ ਵਿਚ ਸ਼ਰਤ ਰੱਖ ਦਿਤੀ ਕਿ ਕਿਵੇਂ ਇਹ ਫਲਦਾਇਕ ਹੋਣਾ ਹੈ। ਜਦੋਂ ਪੂਰੀ ਇਕਾਗਰਤਾ ਦੇ ਨਾਲ-

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥ ਅੰਗ- ੨੯੫*

ਇਸ ਤਰ੍ਹਾਂ ਦੇ ਨਾਲ ਇਹ ਜਾ ਕੇ ਪੂਰਾ ਫਲ ਦਿੰਦਾ ਹੈ। 'ਸਾਵਧਾਨ ਏਕਾਗਰ ਚੀਤ।' ਮਿਲਟਰੀ 'ਚ ਜਿਵੇਂ ਸਾਵਧਾਨ ਕਹਿਣ ਨਾਲ ਹੀ 90 ਡਿਗਰੀ 'ਤੇ ਸਾਰੇ ਖੜ੍ਹੇ ਹੋ ਜਾਂਦੇ ਨੇ। ਇਥੇ ਸਰੀਰ ਦੀ ਜਿਹੜੀ ਅਵਸਥਾ ਹੈ, ਸਮ, ਦਮ, ਯਮ, ਨਿਯਮ ਤੋਂ ਬਾਅਦ ਆਸਣ ਹੈ। ਆਸਣ ਤੋਂ ਬਾਅਦ ਪ੍ਰਾਣਾਯਾਮ ਹੈ। ਪ੍ਰਤਿਹਾਰ ਹੈ, ਇਹ ਨਿਧਿਆਸਣ ਹੈ ਇਹ ਬਹਿਰੰਗ ਸਾਧਨ ਹਨ। ਅਸਲ ਅੰਦਰਲੀ ਜਿਹੜੀ ਚਿੱਤ ਦੀ ਇਕਾਗਰਤਾ ਹੈ, ਉਹ ਧਾਰਨਾ ਧਿਆਨ ਤੇ ਸਮਾਧੀ ਜਦੋਂ ਇਨ੍ਹਾਂ ਅਵਸਥਾਵਾਂ 'ਚ ਜਾ ਕੇ ਪਤਾ ਲਗ ਜਾਂਦਾ ਹੈ। ਉਹ ਕਿਵੇਂ ਹੋਣਾ ਹੈ? ਕਿਉਂਕਿ ਸਤਿਸੰਗ ਦੇ ਵਿਚ ਅਸੀਂ ਸਾਰੇ ਇਕੱਠੇ ਹੋ ਕੇ ਜਦੋਂ ਬੈਠਦੇ ਹਾਂ, ਇਕ ਮਾਹੌਲ ਸਿਰਜ ਜਾਂਦਾ ਹੈ, ਐਸੀ ਲਹਿਰ (vibration) ਹੁੰਦੀ ਹੈ। ਇਸ ਸਜੇ ਦਰਬਾਰ ਦੇ ਵਿਚ ਉਹ ਸਾਰੀਆਂ ਰੂਹਾਂ ਆ ਜਾਂਦੀਆਂ ਨੇ -

*ਹਰਿ ਕੀ ਕਥਾ ਹੋਤ ਹੈ ਜਹਾਂ, ਗੰਗਾ ਭੀ ਚਲ ਆਵਤ ਤਹਾਂ।*

ਉਥੇ ਸਾਰੇ ਆ ਕੇ ਨਿਵਾਸ ਰਖਦੇ ਨੇ। ਇਸ ਕਰਕੇ ਇਹਦਾ ਫਲ ਐਨਾ ਜ਼ਿਆਦਾ ਹੈ ਕਿ ਕਹਿਣ ਤੇ ਸੁਣਨ ਤੋਂ ਬਾਹਰ ਦੀ ਗੱਲ ਹੈ। ਸਤਿਸੰਗ ਦੇ ਵਿਚ ਆ ਕੇ ਨਮਸ਼ਕਾਰ ਕਰਦੇ ਹਾਂ। ਨਮਸ਼ਕਾਰ ਕਰਕੇ ਜਦੋਂ ਅਸੀਂ ਸਤਿਗੁਰ ਦੇ ਚਰਨਾਂ 'ਤੇ ਝੁਕਦੇ ਹਾਂ। ਕਿਉਂਕਿ ਝੁਕ ਜਾਣਾ ਇਕ ਬਹੁਤ ਵੱਡੀ ਅਵਸਥਾ ਹੁੰਦੀ ਹੈ। ਐਵੇਂ ਨਹੀਂ ਕੋਈ ਝੁਕ ਸਕਦਾ। ਇਕ ਤਾਂ ਹੋਰ ਤਰ੍ਹਾਂ ਦਾ ਝੁਕਣਾ ਹੈ -

*ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥*
*ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥*
*ਅੰਗ - ੪੭੦*

ਉਹ ਜਿਹੜਾ ਝੁਕਣਾ ਹੁੰਦਾ ਹੈ, ਉਹ ਨਿਮਰਤਾ ਦੀ ਨਿਸ਼ਾਨੀ ਹੈ। ਆਪਾਂ ਨਮਸ਼ਕਾਰ ਕਰਦੇ ਹਾਂ, ਧੂੜ ਮਸਤਕ ਦੇ ਨਾਲ ਲਗ ਜਾਂਦੀ ਹੈ। ਉਹ ਕੀ ਕਰਦੀ ਹੈ? ਉਸ ਦੇ ਨਾਲ ਸਾਡੇ ਜਿਹੜੇ ਮਾੜੇ ਲੇਖ ਹਨ, ਉਹ ਮਿਟ ਜਾਂਦੇ ਨੇ। ਜਿਵੇਂ ਕਾਗਜ਼ 'ਤੇ ਮੋਹਰ ਲਗਦੀ ਹੈ, ਪਹਿਲਾਂ ਵੇਖਣ 'ਚ ਤਾਂ ਉਹਦੇ ਅੱਖਰ ਪੁੱਠੇ ਨੇ, ਪਰ ਜਦੋਂ ਸਿਆਹੀ ਲਗ ਟੱਚ ਕਰਦੀ ਹੈ ਕਾਗਜ਼ ਨਾਲ, ਉਹੀ ਅੱਖਰ ਸਿੱਧੇ ਹੋ ਜਾਂਦੇ ਨੇ। ਸਤਿਸੰਗ ਦੇ ਵਿਚ, ਸਤਿਗੁਰ ਦੇ ਚਰਨਾਂ 'ਤੇ ਆ ਕੇ ਮਸਤਕ ਲਗਦਾ ਹੈ, ਉਸ ਦੇ ਨਾਲ ਜਿਹੜੇ ਸਾਡੇ ਪੁੱਠੇ ਲੇਖ ਨੇ ਸਿੱਧੇ ਹੋ ਜਾਂਦੇ ਨੇ। ਜੇ ਸਤਿਸੰਗ ਨਹੀਂ ਕਰਦੇ ਤਾਂ ਫੇਰ ਧਿਰਕਾਰ ਪੈਂਦੀ ਹੈ। ਕਿੰਨੀ ਧਿਰਕਾਰ ਹੈ? ਇਸ ਤਰ੍ਹਾਂ ਦੇ ਨਾਲ ਪਾਤਸ਼ਾਹ ਕਹਿੰਦੇ ਜੇ ਇਹ ਝੁਕਦਾ ਨਹੀਂ ਇਥੇ ਆ ਕੇ ਤਾਂ ਉਹ ਕਾਹਦੇ ਵਾਸਤੇ। ਉਹ ਤਾਂ ਕਹਿੰਦੇ, ਧਿਰਕਾਰ ਹੈ।

*ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥*
*ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥ ਅੰਗ- ੧੩੮੧*

ਇਕ ਪਾਸੇ ਗੁਰਬਾਣੀ ਕਹਿ ਰਹੀ ਹੈ ਕਿ ਪਿਆਰਿਆ! ਜੇ ਤੇਰਾ ਸੀਸ ਗੁਰੂ ਦੇ ਚਰਨਾਂ 'ਤੇ ਨਹੀਂ ਝੁਕਦਾ। ਉਹ ਸੀਸ ਫੇਰ ਕਿਸ ਕੰਮ ਦਾ ਜੇ ਗੁਰੂ ਦੇ ਚਰਨਾਂ 'ਤੇ ਆ ਕੇ ਝੁਕਣਾ ਹੀ ਨਹੀਂ। ਬਾਬਾ ਫਰੀਦ ਜੀ ਕਹਿੰਦੇ ਨੇ ਉਸ ਸੀਸ ਨੂੰ ਤਾਂ ਚੁਲ੍ਹੇ ਦੇ ਵਿਚ ਬਾਲ ਦੇਵੇ।

*ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥*
*ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥*
*ਅੰਗ - ੧੩੮੧*

ਉਜੂ ਕਹਿੰਦੇ ਨੇ ਪੰਜ ਇਸ਼ਨਾਨਾ ਕਰਕੇ। ਗੁਰਬਾਣੀ ਸਰਬ ਸਾਂਝੀ ਹੈ, ਉਹਦੇ ਵਿਚ ਮੁਸਲਮਾਨ ਵੀਰਾਂ ਨੂੰ ਕਹਿੰਦੀ ਹੈ -

*ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥*
*ਕਬ ਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥*
*ਅੰਗ- ੧੩੮੧*

ਸਰਬ ਸਾਂਝੀ ਗੁਰਬਾਣੀ, ਸਾਰਿਆਂ ਨੂੰ ਇਹ ਉਪਦੇਸ਼ ਸਰਬ ਸਾਂਝਾ ਬਖਸ਼ਿਸ਼ ਕਰਦੀ ਹੈ ਕਿ ਇਹ ਕਿਸ ਕੰਮ ਵਾਸਤੇ ਹੈ। ਜੇ ਸੀਸ ਇਥੇ ਆ ਕੇ ਝੁਕਦਾ ਨਹੀਂ, ਕਿਉਂਕਿ ਸਾਰੇ ਸਰੀਰਕ ਅੰਗਾਂ ਦੀ ਸਫਲਤਾ, ਉਸ ਆਸ਼ੇ ਵਿਚ ਹੈ ਜਿਸ ਲਈ ਸਰੀਰ ਮਿਲਿਆ ਹੈ -

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥ ਅੰਗ- ੧੧੫੯*

ਹੁਣ ਅੱਗੇ ਅੱਖਾਂ ਦੀ ਬਾਤ ਆਉਂਦੀ ਹੈ, ਉਹਦੇ ਵਿਚ ਕੀ ਕਹਿੰਦੇ ਨੇ -

*ਧ੍ਰਿਗੁ ਲੋਇਣ ਗੁਰ ਦਰਸ ਵਿਣੁ ਵੇਖੈ ਪਰ ਤਰਣੀ।*
*ਭਾਈ ਗੁਰਦਾਸ ਜੀ, ਵਾਰ ੨੭/੧੦*

ਗੁਰੂ ਦੇ, ਸੰਗਤਾਂ ਦੇ ਦਰਸ਼ਨਾਂ ਤੋਂ ਬਗੈਰ, ਉਨ੍ਹਾਂ ਦੇ ਪਿਆਰਿਆਂ ਦੇ ਬਗੈਰ ਅੱਖਾਂ ਪਰਾਏ ਤਨ 'ਤੇ ਜਾ ਕੇ ਰੁਕਦੀਆਂ ਨੇ। ਜੇ ਇਹ ਦ੍ਰਿਸ਼ਟੀ ਪਰਾਏ ਰੂਪ 'ਤੇ, ਪਰਾਏ ਧਨ 'ਤੇ, ਪਰਾਏ ਤਨ 'ਤੇ ਜਾ ਕੇ ਟਿਕਦੀ ਹੈ, ਧਿਰਕਾਰ ਹੈ। ਫੇਰ ਇਹਦੀ ਮਨੋਬਿਰਤੀ ਕਿਹੋ ਜਿਹੀ ਹੋਵੇਗੀ? ਵਾਸ਼ਨਾਵਾਂ ਆਉਣਗੀਆਂ।

*ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥*
*ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥*
*ਅੰਗ- ੧੨੮੮*

ਕਿਉਂਕਿ ਇਹ ਸਬੰਧ ਹੈ ਸਰੀਰ ਦਾ, ਮਨ ਪ੍ਰੇਰਿਤ ਕਰਦਾ ਹੈ। ਮਨ ਸਦਾ ਹੀ ਚੰਚਲ ਹੈ, ਮਨ ਟਿਕਦਾ ਨਹੀਂ। ਜਿਹੜੇ ਸਾਧਨ ਸੰਪੰਨ ਹਨ, ਜਿਹੜੇ ਨਾਮ ਜਪਦੇ ਹਨ ਗੁਰਮੁਖ ਪਿਆਰੇ ਉਨ੍ਹਾਂ ਦੇ ਦੀਦਾਰ ਹੋਣ।

*ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ*

*ਆਵੇ।*

*ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥*

*ਅੰਗ- ੧੩੬੨*

ਸੋ ਇਨ੍ਹਾਂ ਅੱਖਾਂ ਨਾਲ ਉਨ੍ਹਾਂ ਦੇ ਦੀਦਾਰ ਕਰਨ ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਨਾਮ ਚਿੱਤ ਆਉਂਦਾ ਹੈ। ਜਿਹੜੇ ਨਾਮ ਜਪਣ ਵਾਲੇ ਹਨ ਉਨ੍ਹਾਂ ਦੇ ਦੀਦਾਰ ਤਾਂ ਐਸੀ ਬਖਸ਼ਿਸ਼ ਕਰ ਦਿੰਦੇ ਨੇ। ਗੁਰੂ ਦੇ ਦਰਸ ਤੋਂ ਬਿਨਾਂ, ਸੰਗਤਾਂ ਦੇ ਦਰਸ਼ਨਾਂ ਤੋਂ ਬਿਨਾਂ ਜੋ ਅੱਖਾਂ ਨੇ ਉਨ੍ਹਾਂ ਨੂੰ ਧਿਰਕਾਰ ਪੈਂਦੀ ਹੈ।

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ- ੩੧੫*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ- ੪੬੪*

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*

*ਅੰਗ- ੫੨੦*

ਅੱਗੇ ਫੇਰ ਕੰਨਾਂ ਦੇ ਬਾਬਤ ਆਉਂਦਾ ਹੈ -

*ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।*

*ਭਾਈ ਗੁਰਦਾਸ ਜੀ, ਵਾਰ ੨੭/੧੦*

ਕੰਨਾਂ ਦਾ ਕੰਮ ਹੈ ਸੁਣਨਾ।

*ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥*

*ਅੰਗ - ੧੩੬੨*

ਕੰਨਾਂ ਨੂੰ ਕੀ ਕਰੇ ਫੇਰ? ਅੰਦਰਲਾ ਨਾਦ ਸੁਣਨਾ ਚਾਹੀਦਾ ਹੈ, ਪਰ ਬਾਹਰੋਂ ਕਚ ਪਿੱਚ ਸੁਣਦਾ ਹੈ। ਇਹਨਾਂ ਨੂੰ ਧਿਰਕਾਰ ਹੈ। ਕਿਉਂਕਿ ਸੁਰਤ ਦਾ ਕੰਮ ਹੈ ਸੁਣਨਾ। ਜਿਧਰੋਂ ਸ਼ਬਦ ਦੀ ਆਵਾਜ਼ ਆਏਗੀ, ਉਸ ਪਾਸੇ ਵਲ ਨੂੰ ਜਾਏਗੀ। ਸੁਰਤ ਮਾਰੀ ਗਈ। ਸੁਰਤ ਦਾ ਕੰਮ ਸੀ ਸ਼ਬਦ ਨੂੰ ਸੁਣਨਾ। ਇਹ ਸੁਰਤਿ ਤੇ ਸਬਦਿ ਦਾ ਮਾਰਗ ਹੈ। ਸਵਾਸ ਚਲਦੇ ਨੇ ਸਵਾਸ 'ਤੇ ਮੰਤਰ ਆਉਂਦਾ ਹੈ। ਇਹਦੀ ਮਦਦ ਦੇ ਨਾਲ ਸੁਰਤ ਉੱਚੀ ਉਠਦੀ ਹੈ, ਜਿਧਰੋਂ ਸ਼ਬਦ ਦੀ ਧੁਨਕਾਰ, ਆਵਾਜ਼ ਆਉਂਦੀ ਹੈ, ਉਸ ਪਾਸੇ ਵਲ ਨੂੰ ਜਾਂਦੀ ਹੈ। ਅੱਖਾਂ ਨਾਲ ਟੈਲੀਵੀਜ਼ਨ 'ਤੇ ਦੇਖਦੇ ਹਾਂ ਐਸੇ ਦ੍ਰਿਸ਼, ਜਿਨ੍ਹਾਂ ਦੇ ਨਾਲ ਸਾਡੇ ਉਪਰ 84% ਅਸਰ, ਦੇਖਣ ਨਾਲ ਹੋ ਜਾਂਦਾ ਹੈ। 14% ਸੁਣਨ ਨਾਲ ਹੁੰਦਾ ਹੈ। 1% ਸਪਰਸ਼ ਨਾਲ, 1% ਨਾਸਕਾ ਸੁਗੰਧ ਨਾਲ।

ਅੱਖਾਂ ਗੁਰੂ ਦੇ ਦੀਦਾਰ ਕਰਨ, ਗੁਰੂ ਦੇ ਪਿਆਰਿਆਂ ਦੇ ਦੀਦਾਰ ਕਰਨ, ਨਾਮ ਚਿੱਤ ਆਏਗਾ। ਕੰਨ ਬਾਣੀ ਸੁਣਨ। ਅੱਖਾਂ ਨਾਲ ਬਾਹਰ ਦੀ ਦੁਨੀਆਂ ਦੇਖਦਾ, ਕਿਉਂਕਿ ਅੱਖਾਂ ਤਾਂ ਕਦੇ ਰੱਜਦੀਆਂ ਹੀ ਨਹੀਂ, ਜ਼ੋਰ ਲਾ ਲਓ।

ਇਸੇ ਕਰਕੇ ਕਿਹਾ ਹੈ ਇਹ ਕੰਨ ਜਿਹੜੇ ਧਿਰਕਾਰ ਨੇ, ਕਿਉਂਕਿ ਇਹ ਉਪਦੇਸ਼ ਨੂੰ ਸੁਣਦੇ ਨਹੀਂ।

ਅੱਜ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦਰਬਾਰ ਸਜਿਆ ਹੋਇਆ ਹੈ। ਆਵਾਜ਼ ਦਿੰਦੇ ਨੇ ਜਲ। ਸੇਵਾਦਾਰ ਕੋਈ ਨੇੜੇ ਨਹੀਂ ਸੀ। ਸੰਗਤ 'ਚ ਇਕ ਪ੍ਰੇਮੀ ਉਠਿਆ, ਬੜਾ ਅਮੀਰ ਘਰਾਣੇ ਦਾ ਬੱਚਾ, ਦੌੜ ਕੇ ਜਲ ਲੈ ਕੇ ਆਉਂਦਾ ਹੈ। ਸਤਿਗੁਰ ਜੀ ਉਸ ਦੇ ਹੱਥ ਤੋਂ ਜਲ ਫੜਦੇ ਨੇ, ਤੇ ਪਿੱਛੇ ਨੂੰ ਡੋਲ੍ਹ ਦਿੰਦੇ ਨੇ। ਸਾਰੇ ਹੈਰਾਨ ਨੇ ਕਿ ਪਾਤਸ਼ਾਹ ਨੇ ਆਵਾਜ਼ ਵੀ ਦਿਤੀ ਜਲ ਲਈ, ਬੱਚਾ ਜਲ ਲੈ ਕੇ ਵੀ ਆਇਆ, ਗੁਰੂ ਪਾਤਸ਼ਾਹ ਜੀ ਨੇ ਕਿਉਂ ਪ੍ਰਵਾਨ ਨਾ ਕੀਤਾ? ਸੰਗਤ 'ਚ ਜਗਿਆਸਾ ਹੁੰਦੀ ਹੈ। ਕਿਉਂਕਿ ਸੰਗਤਾਂ ਦਾ ਧਿਆਨ ਹੀ ਗੁਰੂ ਵਲ ਹੁੰਦਾ ਹੈ। ਕਿਉਂਕਿ ਪਿਆਰ ਵਾਲੇ ਗੁਰੂ ਦੀ ਹਰ ਅਦਾ ਵਲ ਵੇਖਦੇ ਨੇ।

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਅੰਗ- ੮੬੪*

ਹੁਣ ਸੰਗਤਾਂ ਦਾ ਧਿਆਨ ਗੁਰੂ ਵਲ ਹੈ। ਧਿਆਨ ਤਿੰਨ ਪ੍ਰਕਾਰ ਦਾ ਹੁੰਦਾ ਹੈ, ਪ੍ਰਤੀਕ ਧਿਆਨ, ਸੰਪਤ ਧਿਆਨ, ਅਹੰਗ੍ਰਹਿ ਧਿਆਨ। ਪ੍ਰਤੀਕ ਸਾਮ੍ਹਣੇ ਹੈ। ਜਦੋਂ ਉਹਦੇ ਦੀਦਾਰ ਹੋ ਜਾਣ ਹੋਰ ਕਿੱਡੀ ਫੇਰ ਬਖਸ਼ਿਸ਼ ਹੋ ਜਾਂਦੀ ਹੈ। ਫੇਰ ਹੈ ਸੰਪਤ ਧਿਆਨ, ਜਿਹਦਾ ਧਿਆਨ ਧਰੋ ਉਹਦਾ ਰੂਪ ਬਣ ਜਾਂਦੇ ਨੇ। 'ਗੁਰ ਮੂਰਤਿ ਗੁਰ ਸਬਦੁ ਹੈ' ਅੰਦਰ ਸਬਦਿ ਦੀ ਧੁਨਕਾਰ ਹੈ ਉਹ ਸੁਣਨੀ ਹੈ, ਉਹਨੂੰ ਕਹਿੰਦੇ ਨੇ ਅਹੰਗ੍ਰਹਿ ਧਿਆਨ।

ਹੁਣ ਸੰਗਤਾਂ ਦਾ ਧਿਆਨ ਚਲਾ ਗਿਆ ਤੇ ਗੁਰੂ ਪਾਤਸ਼ਾਹ ਜੀ ਨੇ ਜਲ ਮੰਗਾਇਆ ਵੀ ਤੇ ਫੇਰ ਡੋਲ੍ਹ ਵੀ ਦਿਤਾ। ਪੁਛਿਆ ਪਾਤਸ਼ਾਹ ਜੀ! ਜਗਿਆਸਾ ਜਾਗੀ ਕਿ ਇਹਦੇ ਵਿਚ ਕੀ ਭੇਤ ਹੈ ਕਿਉਂਕਿ ਗੁਰੂ ਦੀ ਹਰ ਅਦਾ ਤੋਂ ਸਿਖਿਆ ਮਿਲਦੀ ਹੈ। ਗੁਰੂ ਦੇ ਸਾਰੇ ਬਚਨ ਤਾਰ ਦਿੰਦੇ ਨੇ। ਪਿਆਰ ਦੀਆਂ ਮਿਸਾਲਾਂ ਦਿਤੀਆਂ ਨੇ -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

*ਭਾਈ ਗੁਰਦਾਸ ਜੀ, ਵਾਰ ੨੭/੪*

ਐਸੀਆਂ ਮਿਸਾਲਾਂ ਦਿਤੀਆਂ ਨੇ, ਚੰਦ ਨਾਲ, ਸੂਰਜ ਨਾਲ ਇਨ੍ਹਾਂ ਪੰਛੀਆਂ ਦਾ ਪਿਆਰ ਹੈ। ਚਕੋਰ ਦਾ ਚੰਦਰਮਾ ਨਾਲ, ਚਕਵੀ ਦਾ ਸੂਰਜ ਨਾਲ ਪਿਆਰ ਹੈ। ਉਹ ਇਕ ਟਕ ਇਕ ਪਾਸੇ ਵਲ ਨੂੰ ਇਹ ਪੰਛੀ ਵੇਖਦੇ ਨੇ ਇਨ੍ਹਾਂ ਨੂੰ ਕਿ ਕਿਤੇ ਨਜ਼ਰ ਤੋਂ ਓਹਲੇ ਨਾ ਹੋ ਜਾਣ। ਇਹ ਪ੍ਰੀਤ ਤਾਂ ਇਕ ਅੰਗੀ ਹੈ। ਚਕਵੀ ਸੂਰਜ ਨੂੰ

ਪਿਆਰ ਕਰਦੀ ਹੈ ਪਰ ਸੂਰਜ ਨੂੰ ਪਤਾ ਹੀ ਨਹੀਂ, ਚੰਦਰਮਾ ਨੂੰ ਚਕੋਰ ਪਿਆਰ ਕਰਦੀ ਹੈ ਉਹਨੂੰ ਉਸਦਾ ਨਹੀਂ ਪਤਾ। ਪਰ ਗੁਰੂ ਦਾ ਪਿਆਰ ਤਾਂ ਦੋ ਅੰਗੀ ਹੈ।

ਕਮਲ ਫੁੱਲ ਦਾ ਪਾਣੀ ਨਾਲ ਪਿਆਰ ਹੈ, ਮਿਲਾਪ ਨਾਲ ਖਿੜ ਜਾਂਦਾ ਹੈ, ਪਾਣੀ ਨਾ ਮਿਲੇ ਮੁਰਝਾ ਜਾਂਦਾ ਹੈ। ਅੱਗੇ ਹੋਰ ਮਿਸਾਲ ਭਾਈ ਗੁਰਦਾਸ ਜੀ ਦਿੰਦੇ ਨੇ ਕਿ ਪਤੀ ਪਤਨੀ ਦਾ ਪਿਆਰ ਤੇ ਦੂਜੇ ਪਾਸੇ ਮਾਂ-ਪੁੱਤ ਦਾ ਪਿਆਰ। ਪਰ ਇਹ ਪਿਆਰ ਹਨ ਮੋਹ ਦੇ। ਪਿਆਰ ਤਾਂ ਪੀਰ ਤੇ ਮੁਰੀਦਾ ਦਾ ਹੁੰਦਾ ਹੈ। ਉਹ ਹੈ ਅਸਲੀ ਪਿਆਰ। ਦੂਜੇ ਪਿਆਰ ਤਾਂ ਮੋਹ ਦੇ ਹਨ।

ਹੁਣ ਪਿਆਰ 'ਚ ਸੰਗਤ ਪੁੱਛਦੀ ਹੈ ਕਿ ਪਾਤਸ਼ਾਹ ਜੀ! ਇਹਦੇ ਵਿਚ ਕੀ ਭੇਤ ਹੈ।

ਕਹਿੰਦੇ, ਤੁਹਾਡੇ 'ਚੋਂ ਕੋਈ ਹੈ ਐਸਾ ਜਿਹੜਾ ਕਿਸੇ ਮੁਰਦੇ ਨੂੰ ਛੋਹਿਆ ਹੋਇਆ ਜਲ ਛਕ ਲਵੇ।

ਕਹਿੰਦੇ, ਨਹੀਂ ਪਾਤਸ਼ਾਹ! ਮੁਰਦੇ ਨਾਲ ਛੋਹਿਆ ਜਲ ਕੌਣ ਛਕਦੈ।

ਮੁਰਦੇ ਦੇ ਨਾਲ ਛੋਹ ਕੇ ਜੇ ਆਓ ਸ਼ਮਸ਼ਾਨ ਘਾਟ ਤੋਂ ਤਾਂ ਆ ਕੇ ਇਸ਼ਨਾਨ ਕਰਨ ਤੋਂ ਬਾਅਦ ਕੁਛ ਛਕਦੇ ਹਾਂ। ਇਹ ਤਾਂ ਨਹੀਂ ਹੋ ਸਕਦਾ। ਕਹਿੰਦੇ, ਤੁਹਾਨੂੰ ਇਹ ਭੁੱਲ ਗਿਆ -

*ਵਿਣੁ ਸੇਵਾ ਧ੍ਰਿਗ ਹਥ ਪੈਰੁ ਹੋਰ ਨਿਹਫਲ ਕਰਣੀ।*
*ਭਾਈ ਗੁਰਦਾਸ ਜੀ, ਵਾਰ ੨੭/੧੦*

ਕਹਿੰਦੇ ਇਹ ਤਾਂ ਇਨ੍ਹਾਂ ਸਾਰੇ ਅੰਗਾਂ ਨੂੰ ਧਿਰਕਾਰ ਪੈਂਦੀ ਹੈ। ਇਹ ਮੁਰਦੇ ਸਮਾਨ ਹਨ, ਜੇ ਕਦੇ ਸੰਗਤ ਵਲ ਚਰਨ ਚੱਲ ਕੇ ਨਹੀਂ ਆਉਂਦੇ ਤੇ ਹੱਥ ਕਦੇ ਸੰਗਤਾਂ ਦੀ ਸੇਵਾ 'ਚ ਸਫਲੇ ਨਹੀਂ ਹੁੰਦੇ ਤਾਂ ਕਹਿੰਦੇ ਧਿਰਕਾਰ ਹੈ।

*ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ।*
*ਭਾਈ ਗੁਰਦਾਸ ਜੀ, ਵਾਰ ੨੭/੧੦*

ਜੇ ਸੁਖ ਹੈ ਤਾਂ ਸਤਿਗੁਰ ਦੀ ਚਰਨ ਸ਼ਰਨ 'ਚ ਹੈ। ਸੇਵਾ ਦੇ ਹੱਥ ਪੈਰ ਸਫਲੇ ਹੁੰਦੇ ਹਨ, ਸਰੀਰ ਸਫਲ ਹੁੰਦਾ ਹੈ, ਸੇਵਾ ਦੇ ਰਾਹੀਂ ਮਿਲਿਆ ਹੋਇਆ ਲੰਗਰ ਪ੍ਰਸ਼ਾਦ ਦਾ ਰੂਪ ਬਣ ਜਾਂਦਾ ਹੈ।

*ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥*
*ਅੰਗ- ੪੭੨*

ਕਿਉਂਕਿ ਇਹ ਕਿਵੇਂ ਪਵਿੱਤਰ ਹੋਣਾ ਹੈ -

*ਦਾਣਾ ਪਾਣੀ ਗੁਰੂ ਦਾ,*
*ਟਹਲ ਭਾਵਨੀ ਸਿੰਘਾਂ ਸੇਵਕਾਂ ਦੀ।*

ਰਸਨਾ ਕਿਵੇਂ ਪਵਿੱਤਰ ਹੋਵੇ, ਇਹ ਧ੍ਰਿਗ ਹੈ ਜਿਹਵਾ ਜੇ ਪ੍ਰਮੇਸ਼ਰ ਦਾ ਨਾਮ ਨਹੀਂ ਜਪਦੀ -

*ਰੇ ਜਿਹਬਾ ਕਰਉ ਸਤ ਖੰਡ ॥*
*ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥* *ਅੰਗ- ੧੧੯੩*

*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥*
*ਅੰਗ- ੧੩੬੨*

ਫੇਰ ਇਹ ਕਿਸ ਵਾਸਤੇ ਹੈ? ਨਾਮ ਜਪਣਾ ਤੇ ਪ੍ਰਸ਼ਾਦ ਛਕਣਾ ਇਨ੍ਹਾਂ ਦਾ ਦੋਹਾਂ ਦਾ ਆਪਸੀ ਸਬੰਧ ਹੈ। 'ਜੈਸਾ ਅੰਨੁ ਤੈਸਾ ਮਨ।'

*ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥*
*ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥*
*ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥*
*ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥*
*ਅੰਗ- ੪੭੨*

ਜਿਹਬਾ ਕਿਵੇਂ ਪਵਿੱਤਰ ਹੋ ਸਕਦੀ ਹੈ -

*ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥*
*ਅੰਗ- ੮੧੧*

ਪਰ ਇਹ ਜੀਭ ਕਚ-ਪਿੱਚ ਬੋਲਦੀ ਰਹਿੰਦੀ ਹੈ, ਈਰਖਾ, ਨਿੰਦਿਆ, ਚੁਗਲੀ ਦੀਆਂ ਗੱਲਾਂ ਬਾਤਾਂ ਕਰਦੀ ਰਹਿੰਦੀ ਹੈ। ਰਸਨਾ ਰਸ ਨਾਲ ਨਹੀਂ ਭਰਦੀ। ਪ੍ਰਸ਼ਾਦੇ ਪਕਾਉਣਾ ਜਾਂ ਵਰਤਾਉਣ ਵੇਲੇ ਸਤਿਨਾਮੁ ਵਾਹਿਗੁਰੂ ਦਾ ਜਾਪ ਹੁੰਦਾ ਹੈ। ਉਹਦੇ ਨਾਲ ਪ੍ਰਸ਼ਾਦਾ ਪਵਿੱਤਰ ਹੋ ਜਾਂਦਾ ਹੈ, ਜਿਹੜੇ ਦੋਸ਼ ਨੇ ਸਾਰੇ ਦੂਰ ਹੋ ਜਾਂਦੇ ਨੇ। ਚਲੋ ਜੇ ਜ਼ਿਆਦਾ ਨਹੀਂ ਤਾਂ 10 ਪਾਠ ਮੂਲਮੰਤਰ ਦੇ ਕਰ ਲਓ। ਅੰਨ, ਜਲ ਸਾਰਾ ਦੋਸ਼ ਮੁਕਤ ਹੋ ਜਾਏਗਾ। ਪਰ ਇਕ ਹੀ ਕਰ ਲਓ, ਮੂਲਮੰਤ੍ਰ ਨਹੀਂ ਗੁਰਮੰਤ੍ਰ ਹੀ ਕਰ ਲਓ। ਕੋਈ ਨਾ ਕੋਈ ਮੰਤਰ ਜਿਹੜਾ ਤੁਹਾਨੂੰ ਮਿਲਿਆ ਹੈ ਗੁਰੂ ਤੋਂ, ਉਹਦੀ ਵਰਤੋਂ ਕਰੋ। ਚਾਬੀ ਮਿਲੀ ਹੈ। ਵੈਸੇ ਬਜਰ ਕਪਾਟ ਖੁਲ੍ਹਦੇ ਨਹੀਂ, ਚਾਬੀ ਲੈ ਕੇ ਰੱਖ ਗੁਰੂ ਤੋਂ ਮੰਤਰ ਲੈ ਲਿਆ। ਇਨ੍ਹਾਂ ਇੰਦ੍ਰਿਆਂ ਤੋਂ ਕੰਮ ਨਾ ਲਿਆ, ਇਹ ਬਾਹਰ ਵਲ ਨੂੰ ਦੌੜਦੇ ਨੇ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ- ੯੫੪*

ਇਸ ਤਰ੍ਹਾਂ ਗੁਰੂ ਪਾਤਸ਼ਾਹ ਜੀ ਕਹਿਣ ਲੱਗੇ, ਪਿਆਰਿਓ! ਜਦੋਂ ਤੁਸੀਂ ਮੁਰਦੇ ਨਾਲ ਛੋਹਿਆ ਜਲ ਨਹੀਂ ਛਕ ਸਕਦੇ ਤਾਂ ਇਹ ਬੱਚਾ ਜਿਹੜਾ ਜਲ ਲਿਆਇਆ ਸੀ। ਮੈਂ ਇਹਨੂੰ ਪੁੱਛਿਆ ਕਿ ਬੇਟਾ! ਤੂੰ ਕਦੇ ਸੇਵਾ ਕੀਤੀ ਹੈ ਸੰਗਤਾਂ ਦੀ ਇਨ੍ਹਾਂ ਹੱਥਾਂ ਨਾਲ।

ਕਹਿੰਦਾ, ਨਹੀਂ ਮਹਾਰਾਜ? ਸਾਡੇ ਤਾਂ ਘਰ 'ਚ ਵੀ ਨੌਕਰ ਚਾਕਰ ਨੇ, ਸਾਰਾ ਕੰਮ ਕਰਦੇ ਨੇ, ਕਦੇ ਲੋੜ ਹੀ ਨਹੀਂ ਪਈ। ਆਹ ਮੈਂ ਪਹਿਲੀ ਵਾਰ ਆਪ ਨੂੰ ਜਲ ਲੈ ਕੇ ਆਇਆਂ।

ਕਹਿੰਦੇ, ਪਿਆਰਿਆਂ! ਇਹ ਸਰੀਰ ਤਾਂ ਧ੍ਰਿਗੁ ਹੈ ਬਿਨਾਂ ਸੇਵਾ ਤੋਂ। ਇਸ ਕਰਕੇ ਉਹ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ- ੨੫੩*

*(ਬਾਕੀ ਪੰਨਾ 63'ਤੇ)*

# ਨੂਰਾਨੀ ਮਿਲਾਪ

*(ਡਾ.) ਭਾਈ ਸੁਖਵਿੰਦਰ ਸਿੰਘ*

**(ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 2019 ਵਿਚ 550 ਸਾਲਾ ਪ੍ਰਕਾਸ਼ ਸਤਾਬਦੀ ਨੂੰ ਸਮਰਪਿਤ)**

***ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥***
***ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥***

**'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ'** ਜਦੋਂ ਤੋਂ ਸ੍ਰਿਸ਼ਟੀ ਹੋਂਦ ਵਿਚ ਆਈ, ਅਨੇਕਾਂ ਪ੍ਰਕਾਰ ਦੀਆਂ ਜੂਨੀਆਂ ਵੀ ਹੋਂਦ ਵਿਚ ਆਈਆਂ। ਇਨ੍ਹਾਂ ਦੀ 84 ਲੱਖ ਗਿਣਤੀ ਦਸੀ ਜਾਂਦੀ ਹੈ। ਗੁਰਬਾਣੀ ਅਨੁਸਾਰ ਤਮਾਮ ਜੂਨੀਆਂ ਵਿਚੋਂ ਮਨੁੱਖਾ ਦੇਹੀ ਸਭ ਤੋਂ ਸ੍ਰੇਸ਼ਟ ਤੇ ਅਨਮੋਲ ਹੈ। ਕਈ ਜੁਗਾਂ ਦੇ ਲੰਮੇ ਜਨਮ ਮਰਨ ਦੇ ਗੇੜ ਤੋਂ ਬਾਅਦ ਇਹ ਪ੍ਰਾਪਤ ਹੁੰਦੀ ਹੈ।

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥* *ਅੰਗ- ੧੭੬*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- ੬੩੧*

*ਲਖ ਚਉਰਾਸੀਹ ਜੋਨਿ ਸਬਾਈ ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ ॥* *ਅੰਗ- ੧੦੭੫*

ਇਕ ਨਹੀਂ ਅਨੇਕਾਂ ਪ੍ਰਮਾਣ ਇਸ ਪ੍ਰਥਾਇ ਗੁਰਬਾਣੀ ਵਿਚ ਪ੍ਰਾਪਤ ਹਨ ਜੋ ਜੀਵ ਦੇ ਘੁੰਮਣ ਘੇਰੀਆਂ ਵਾਲੇ ਸਫਰ ਦੀ ਨਿਸ਼ਾਨ ਦੇਹੀ ਕਰ ਰਹੇ ਹਨ। ਮਾਤ ਲੋਕ 'ਤੇ ਜਨਮ ਲੈਣ ਤੋਂ ਬਾਅਦ ਇਸ ਮਨੁੱਖ ਦਾ ਦੂਜੇ ਮਨੁੱਖਾਂ ਨਾਲ ਮੇਲ ਜੋਲ ਤੇ ਮਿਲਾਪ ਹੋਣਾ ਸੁਭਾਵਿਕ ਹੈ।

ਇਨ੍ਹਾਂ ਮੇਲ ਜੋਲ ਤੇ ਮਿਲਾਪ ਵਾਲੇ ਸਬੰਧਾਂ ਤੋਂ ਬਾਅਦ ਮਨੁੱਖ ਦਾ ਇਕ ਦੂਜੇ ਤੋਂ ਪ੍ਰਭਾਵਿਤ ਹੋਣਾ ਵੀ ਲਾਜ਼ਮੀ ਹੈ। ਇਕ ਦੂਜੇ ਦਾ ਅਸਰ/ਪ੍ਰਭਾਵ ਕਬੂਲਣਾ ਇਸਦੇ ਸੁਭਾਅ ਦਾ ਹਿੱਸਾ ਹੈ। ਜਦੋਂ ਅਸੀਂ ਜੁਗਾਂ-ਜੁਗਾਂ ਦੇ ਮਨੁੱਖੀ ਇਤਿਹਾਸ ਦੀ ਨਜ਼ਰਸਾਨੀ ਕਰੀਏ ਤਾਂ ਪਤਾ ਲਗਦਾ ਹੈ ਕਿ ਕਿਵੇਂ-ਕਿਵੇਂ ਰੂਹਾਨੀ ਮਿਲਾਪ ਹੋਏ ਤੇ ਉਨ੍ਹਾਂ ਮਿਲਾਪ ਦੇ ਪਲਾਂ ਤੋਂ ਬਾਅਦ ਜੋ ਵਿਸਮਾਦੀ ਹੋ ਕੇ ਵਾਪਰਿਆ, ਉਸਦਾ ਅੰਦਾਜ਼ਾ ਲਾਉਣਾ ਉਸ ਸਮੇਂ ਮੁਸ਼ਕਿਲ ਹੋ ਜਾਂਦਾ ਹੈ। ਪਰ ਸਮਾਂ ਆਉਣ ਤੇ ਉਹ ਮਿਲਾਪ ਵੱਡੇ ਸਿਧਾਂਤ ਬਣ ਕੇ ਕੇਵਲ ਇਕ ਲਈ ਹੀ ਨਹੀਂ ਸਗੋਂ ਤਮਾਮ ਲੋਕਾਈ ਲਈ ਰਾਹ ਦਸੇਰਾ ਬਣ ਗਏ ਹਨ। ਕਿਸੇ ਵਿਦਵਾਨ ਦਾ ਕਥਨ ਹੈ ਕਿ 'ਬੈਠੀਐ ਪਾਸ ਬਡਨ ਕੇ ਹੋਤ ਬੜਨ ਸਿਉ ਮੇਲ, ਸਭੀ ਜਾਨਤ ਕਿ ਬੜਤ ਹੈ ਬਿਰਖ ਬਰਾਬਰ ਵੇਲ।' ਵੱਡਿਆਂ ਕੋਲ ਬੈਠ ਕੇ ਉਨ੍ਹਾਂ ਦੀ ਸੋਹਬਤ ਵਿਚ ਜਾ ਕੇ ਆਪ ਵੀ ਵੱਡੇ ਹੋ ਜਾਈਦਾ ਹੈ। ਇਥੇ ਵੱਡੇ ਦਾ ਭਾਵ ਅਮੀਰੀ, ਮਾਣ ਪ੍ਰਤਿਸ਼ਠਾ ਜਾਂ ਕੱਦ ਕਾਠ ਕਰਕੇ ਨਹੀਂ ਸਗੋਂ ਰੱਬ ਦੇ ਪਿਆਰ ਕਰਕੇ ਹੈ।

ਜੁਗਾਂ-ਜੁਗਾਂ ਤੋਂ ਮਾਤ ਲੋਕ ਤੇ ਦੁਨੀਆਂ ਦਾ ਉਧਾਰ ਕਰਨ ਵਾਸਤੇ ਪ੍ਰਮੇਸ਼ਰ ਨੇ ਪੀਰ-ਪੈਗੰਬਰ, ਔਲੀਏ ਅਵਤਾਰ, ਰਿਸ਼ੀ-ਮੁਨੀ ਆਦਿਕ ਬਖਸ਼ੀਆਂ ਰੂਹਾਂ ਨੂੰ ਭੇਜਿਆ। ਆਪਣੇ-ਆਪਣੇ ਸਮੇਂ ਵਿਚ ਉਹ ਰਾਹ ਦਸੇਰਾ ਬਣੇ। ਦੁਨਿਆਵੀ ਬੰਦੇ ਨੂੰ ਵੀ ਜਦੋਂ ਕੋਈ ਦੂਜਾ ਮਨੁੱਖ ਮਿਲਦਾ ਹੈ ਤਾਂ ਉਸ ਦਾ ਅਸਰ ਜ਼ਰੂਰ ਕਬੂਲਦਾ ਹੈ। ਪਰ ਜਦੋਂ ਆਪ ਪ੍ਰਮੇਸ਼ਰ ਵਲੋਂ ਭੇਜੀਆਂ ਬਖਸ਼ੀਆਂ ਰੂਹਾਂ ਨਾਲ ਮਿਲਾਪ ਹੁੰਦਾ ਹੈ ਤਾਂ ਫਿਰ ਉਨ੍ਹਾਂ ਦੀ ਮਿਲਣੀ ਦਾ ਪ੍ਰਭਾਵ/ਅਸਰ ਵਿਸਮਾਦੀ ਹੋ ਨਿਬੜਦਾ ਹੈ। ਇਹ ਮਿਲਾਪ ਕੇਵਲ ਇਕ ਸਖਸ਼ੀਅਤ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ ਸਗੋਂ ਸਦੀਵੀ ਸਮੇਂ ਲਈ ਆਉਣ ਵਾਲੀਆਂ ਨਸਲਾਂ ਲਈ ਪ੍ਰਕਾਸ਼ਮਈ ਹੋ ਜਾਂਦਾ ਹੈ।

ਲੰਘ ਚੁੱਕੇ ਸਮੇਂ ਦੀ ਨਜ਼ਰਸਾਨੀ ਕਰਨ ਤੇ ਇਹ ਅਹਿਸਾਸ ਉਤਪੰਨ ਹੋਇਆ ਕਿ ਇਹ ਕਿਹੋ ਜਿਹੇ ਮਿਲਾਪ ਸਨ, ਕਿਹੋ ਜਿਹੀਆਂ ਮਿਲਣੀਆਂ ਸਨ ਜੋ ਕਿ ਸਦੀਵੀ ਤੌਰ ਤੇ ਸਾਡੇ ਲਈ ਚਾਨਣਮਈ ਹੋ ਗਈਆਂ ਹਨ। ਕਿੰਨੀਆਂ ਮਿਲਣੀਆਂ ਇਤਿਹਾਸ ਦੇ ਅੰਦਰ ਛੁਪ ਕੇ ਇਸ ਤਰ੍ਹਾਂ ਬੈਠੀਆਂ ਹਨ ਜਿਵੇਂ ਸਮੁੰਦਰ ਵਿਚ ਮੋਤੀ। ਗਹਿਰੀ ਚੁੱਭੀ ਲਾ ਕੇ ਮੋਤੀਆਂ ਦੀ ਪ੍ਰਾਪਤੀ ਹੁੰਦੀ ਹੈ। ਇਸ ਅਹਿਸਾਸ ਨਾਲ 'ਨੂਰਾਨੀ ਮਿਲਾਪ' ਸਿਰਲੇਖ ਹੇਠ ਨਵਾਂ ਸੰਕਲਪ ਆਪ ਜੀ ਨਾਲ ਸਾਂਝਾ ਕਰਨ ਜਾ ਰਹੇ ਹਾਂ। ਸਮੇਂ-ਸਮੇਂ ਸਿਰ, ਕਿਸ-ਕਿਸ ਦੀ ਮਿਲਣੀ ਹੋਈ ਤੇ ਉਸ ਦੇ ਉਸ ਸਖਸ਼ੀਅਤ ਉਤੇ ਤੇ ਚੌਗਿਰਦੇ ਤੇ ਕੀ ਪ੍ਰਭਾਵ ਪਏ, ਅਸੀਂ ਇਸ ਨੂੰ ਲੰਮੇ ਸਮੇਂ ਤਕ ਵਿਚਾਰਦੇ ਰਹਾਂਗੇ। ਇਨ੍ਹਾਂ ਵਿਸਮਾਦੀ, ਅਨੋਖੀਆਂ ਤੇ ਇਲਾਹੀ ਕਮਾਲ ਮਿਲਣੀਆਂ ਦੀ ਸ਼ੁਰੂਆਤ ਅਸੀਂ ਆਪ ਪ੍ਰਮੇਸ਼ਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਸ਼ੁਰੂ ਕਰਨ ਜਾ ਰਹੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸ ਗੁਰੂ

ਸਾਹਿਬਾਨ ਤੇ ਉਨ੍ਹਾਂ ਤੋਂ ਬਾਅਦ ਸਿੱਖ ਇਤਿਹਾਸ ਵਿਚ ਆਏ ਵਿਸ਼ੇਸ਼ ਰੱਬੀ ਪਿਆਰ ਵਾਲੇ ਰੰਗ ਰਤੜਿਆਂ ਦਾ ਜ਼ਿਕਰ ਗੁਰੂ ਬਖਸ਼ਿਸ਼ ਸਦਕਾ ਕੀਤਾ ਜਾਵੇਗਾ। ਇਹ ਮਿਲਣੀਆਂ ਦਿਸਣ ਵਿਚ ਬਾਹਰਮੁੱਖੀ ਨਜ਼ਰ ਆਉਂਦੀਆਂ ਹਨ ਪਰ ਅਸਲ ਵਿਚ ਬਾਹਰੀ ਨਾਲੋਂ ਜ਼ਿਆਦਾ ਅੰਤਰਮੁਖੀ ਸਨ। ਥੋੜ੍ਹੀ ਦੇਰ ਦੇ ਮਿਲਾਪ ਸਦੀਵੀ ਹੋ ਨਿਬੜੇ। ***'ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥' (ਅੰਗ-791)*** ਇਹ ਅੰਤਰ ਆਤਮੇ ਮਿਲਾਪ ਹਨ। ***'ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ'*** ਦੀ ਰੂਪਮਾਨਤਾ ਪ੍ਰਤੱਖ ਹੁੰਦੀ ਹੈ। ਅਸਲੀ ਤੇ ਸਦੀਵੀ ਮਿਲਾਪ ਅੰਤਰ ਆਤਮੇ ਦਾ ਹੈ। ਬਾਹਰੀ ਮਿਲਾਪ ਦਾ ਵਿਛੋੜਾ ਹੁੰਦਾ ਪਰ ਅੰਦਰੂਨੀ ਮਿਲਾਪ ਸਦੀਵੀ ਹੈ, ਨਾ ਵਿਛੜਨ ਵਾਲਾ ਹੈ। ਦੇਹਾਂ ਦਾ ਵਿਛੋੜਾ ਹੈ ਪਰ ਸ਼ਬਦ ਦਾ ਕਦੇ ਵਿਛੋੜਾ ਨਹੀਂ ਪੈ ਸਕਦਾ। ਸ਼ਬਦ ਦਾ ਮਿਲਾਪ ਹੀ ਆਤਮਿਕ ਮਿਲਾਪ ਦੀ ਪੂਰਨਤਾ ਹੈ। ***'ਸਬਦ ਮਿਲਾਵਾ ਹੋਤਿ ਹੈ ਦੇਹ ਮਿਲਾਵਾ ਨਾਹਿ'*** ਪਰ ਇਥੇ ਇਹ ਵੀ ਅਵਸਥਾ ਭੇਦ ਕਰਕੇ ਵਰਨਣਯੋਗ ਹੋਵੇਗਾ ਕਿ ਜੋ ਬਖਸ਼ਿਸ਼ਾਂ ਦਰਸ਼ਨਾਂ ਰਾਹੀਂ ਹੋਈਆਂ, ਉਹ ਵੀ ਸਾਡੇ ਸਾਮ੍ਹਣੇ ਸਿੱਖ ਇਤਿਹਾਸ ਵਿਚ ਪ੍ਰਤੱਖ ਹਨ। ***'ਦਰਸਨੁ ਦੇਖਿ ਜੀਵਾ ਗੁਰ ਤੇਰਾ ॥ ' 'ਦਰਸਨ ਪਿਆਸੀ ਦਿਨਸੁ ਰਾਤਿ...।' 'ਮੇਰਾ ਮਨ ਲੋਚੈ ਗੁਰ ਦਰਸਨ ਤਾਈ'*** ਇਤਿਆਦਿਕ ਅਨੇਕਾਂ ਗੁਰਬਾਣੀ ਦੇ ਪ੍ਰਮਾਣ ਜਗਿਆਸੂ ਦੀ ਅਵਸਥਾ ਨੂੰ ਉਜਾਗਰ ਕਰ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਸਦਕਾ ਅਤੇ ਆਪ ਜੀ ਸਮੂੰਹ ਪਾਠਕ ਜਨਾਂ ਅਤੇ ਸੰਗਤ ਦੀ ਅਸੀਸ ਸਦਕਾ ਇਹ ਸੰਭਵ ਹੋ ਸਕੇਗਾ। ਸੋ ਆਪ ਜੀ ਆਪਣੀ ਅਸੀਸ ਬਖਸ਼ੋ ਤੇ ਇਸ ਵਿਚਾਰ ਨੂੰ ਅੱਗੇ ਵਧਾਉਣ ਲਈ ਬਲ ਬੁਧਿ ਬਖਸ਼ੋ ਜੀ।

## ਨੂਰਾਨੀ ਮਿਲਾਪ - 1

### ਡਿੱਠੇ-ਅਣਡਿੱਠੇ ਦਾ ਮਿਲਾਪ

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ'*
*(ਭਾਈ ਗੁਰਦਾਸ ਜੀ)*

**ਕੁਦਰਤ ਦਾ ਕਾਦਰ ਨਾਲ ਮਿਲਾਪ ਦੀ ਤਾਂਘ-**

***'ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ'*** (ਅੰਗ-791) ਅਨੁਸਾਰ ਸਾਕਾਰ ਪ੍ਰਮੇਸ਼ਰ ਸਤਿਗੁਰ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਜੋ ਰਾਇ ਭੋਇ ਦੀ ਤਲਵੰਡੀ ਦਾ ਵਾਤਾਵਰਣ ਤੇ ਚੌਗਿਰਦਾ ਸੀ, ਉਸ 'ਤੇ ਜੋ ਸਤਿਗੁਰਾਂ ਦੇ ਪ੍ਰਕਾਸ਼ ਹੋਣ ਦਾ ਪ੍ਰਭਾਵ ਪਿਆ, ਉਹ ਵੀ ਅਨੋਖਾ ਤੇ ਵਿਸਮਾਦੀ ਹੈ। ਜੀਵ ਨਿਰਜੀਵ, ਡਿੱਠੇ-ਅਣਡਿੱਠੇ ਨੇ ਸਤਿਗੁਰਾਂ ਦੇ ਆਉਣ ਤੋਂ ਪਹਿਲਾਂ ਹੀ ਕਿਸੇ ਵਿਸਮਾਦੀ ਅਨੰਦ ਨੂੰ ਮਾਣਨਾ ਸ਼ੁਰੂ ਕਰ ਦਿਤਾ ਸੀ।

ਸੂਰਜ ਪ੍ਰਕਾਸ਼ ਅਨੁਸਾਰ ਤੇਜ ਪ੍ਰਭਾਵ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਪ੍ਰਗਟ ਹੋਏ ਤਾਂ ਬਾਲ ਅਵਸਥਾ ਦਾ ਸੂਰਜ ਉਨ੍ਹਾ ਨੂੰ ਲੈਣ ਆਇਆ। ਸੰਤ ਤੇ ਕੰਵਲ ਵੇਖ ਕੇ ਖਿੜ ਗਏ। ਰਿਸ਼ੀਆਂ-ਮੁਨੀਆਂ-ਜੋਗੀਆਂ ਨੂੰ ਸਮਾਧੀ ਵਿਚੋਂ ਅਨੰਦ ਆਉਣਾ ਸ਼ੁਰੂ ਹੋ ਗਿਆ। ਰਾਵੀ ਨਦੀ ਦੀਆਂ ਰੰਗੀਨ ਲਹਿਰਾਂ ਉਛਾਲੇ ਮਾਰ ਰਹੀਆਂ ਹਨ। ਚਨਾਬ ਨਦੀ ਸੋਭਾ ਪਾ ਰਹੀ ਹੈ, ਇਕ ਉਸਦੀਆਂ ਲਹਿਰਾਂ ਇਕ ਕਲਾਮਈ ਰੂਪ ਵਿਚ ਉਪਰ ਉਠ ਰਹੀਆਂ ਹਨ। ਹਵਾ ਸੁੰਦਰ ਚੌਰ ਕਰ ਰਹੀ ਹੈ। ਇੰਦ੍ਰ ਦੇਵਤਾ ਨੇ ਵਰਖਾ ਰਾਹੀਂ ਸੇਵਾ ਕਰਨ ਦਾ ਸੁਭਾਗ ਸਮਝਿਆ। ਠੰਡੀ-ਠੰਡੀ ਸਾਫ ਹਵਾ ਮਾਨੋ ਨਵਾਂ ਜੀਵਨ ਬਖਸ਼ ਰਹੀ ਹੈ। ਸਾਰੀ ਬਨਸਪਤੀ ਹਰੀ-ਭਰੀ ਹੋ ਕੇ ਮੌਲ ਰਹੀ ਹੈ। ਸੁੱਕੇ ਦਰਖਤ ਹਰੇ ਹੋਣੇ ਸ਼ੁਰੂ ਹੋ ਗਏ। ਕਰੂੰਬਲਾਂ ਫੁੱਟ ਰਹੀਆਂ ਹਨ। ਤਲਵੰਡੀ ਦੇ ਅੰਦਰ ਚਾਅ ਹੈ, ਖੁਸ਼ੀਆਂ ਹਨ। ਗਲੀਆਂ ਬਜ਼ਾਰਾਂ ਵਿਚ ਗਹਿਮਾ ਗਹਿਮੀ ਹੈ। ਸਾਰੇ ਮਨੁੱਖ ਜਨ ਖੁਸ਼ੀਆਂ ਵਿਚ ਖਿੜ ਰਹੇ ਹਨ। ਰੋਗੀਆਂ ਦੇ ਰੋਗ ਟੁਟਣੇ ਸ਼ੁਰੂ ਹੋ ਗਏ ਹਨ। ਮਾਨੋ ਸਾਰਾ ਵਾਤਾਵਰਣ ਚੌਗਿਰਦਾ ਸ਼ਾਂਤਮਈ, ਅਨੰਦਮਈ, ਖੁਸ਼ੀਆਂ ਖੇੜਿਆਂ ਵਾਲਾ ਪ੍ਰਤੀਤ ਹੋ ਰਿਹਾ ਸੀ। ਅਸਲ ਵਿਚ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਨੇ ਆਪ ਪ੍ਰਕਾਸ਼ਮਈ ਹੋ ਕੇ ਦਰਸ਼ਨ ਦੇ ਕੇ ਨਿਹਾਲ ਕਰਨਾ ਹੈ।

ਸਤਿਗੁਰਾਂ ਦੇ ਆਗਮਨ ਵਿਚ ਸਾਰੀ ਕੁਦਰਤ/ ਕਾਇਨਾਤ ਸੇਵਾ ਕਰਦੀ ਨਜ਼ਰ ਆ ਰਹੀ ਹੈ। ਤਲਵੰਡੀ ਵਿਚ ਰਹਿਣ ਵਾਲੇ ਸਾਰੇ ਵਰਗਾਂ ਦੇ ਲੋਕ ਪ੍ਰਸਪਰ ਪਿਆਰ ਨਾਲ ਰਹਿ ਰਹੇ ਹਨ। ਵੱਡੇ-ਛੋਟੇ, ਅਮੀਰ-ਗਰੀਬ, ਰਾਜਾ-ਪਰਜਾ, ਅਹਿਲਕਾਰ-ਵਜ਼ੀਰ ਮਾਨੋ ਸਾਰੇ ਇਕ ਦੂਜੇ ਨੂੰ ਆਪਣਾ ਸਮਝ ਕੇ ਪਿਆਰ ਕਰ ਰਹੇ ਹਨ। ਅਜੇ ਭਾਵੇਂ ਕਿਸੇ ਨੂੰ ਕੁਝ ਵੀ ਨਹੀਂ ਪਤਾ ਕਿ ਕੁਝ ਸਮੇਂ ਤੱਕ ਕੀ ਬਖਸ਼ਿਸ਼ ਹੋਣੀ ਹੈ? ਪਰ ਉਸ ਦੇ ਪ੍ਰਕਾਸ਼ ਦੀਆਂ ਕਿਰਨਾਂ ਇਨ੍ਹਾਂ ਕੋਲ ਪਹੁੰਚ ਗਈਆਂ ਹਨ। ਉਸ ਦੇ ਪ੍ਰਕਾਸ਼ ਨੇ ਸਮੂੰਹ ਚੌਗਿਰਦੇ ਨੂੰ ਰੁਸ਼ਨਾ ਦਿਤਾ। ਜੀਵ-ਨਿਰਜੀਵ, ਡਿੱਠੇ-ਅਣਡਿੱਠੇ ਤੇ ਕਿਰਨਾਂ ਦਾ ਪ੍ਰਭਾਵ ਪਿਆ। ਉਨ੍ਹਾਂ ਵਿਚ ਨਵਾਂ ਜੀਵਨ, ਨਵੀਂ ਰੌ ਰੁਕਮਣੀ ਸ਼ੁਰੂ ਹੋਈ। ਭਾਵੇ ਕਾਦਰ ਕੁਦਰਤ ਵਿਚ ਹੀ ਵਸਿਆ ਹੋਇਆ ਹੈ ਪਰ ਫਿਰ ਵੀ ਕੁਦਰਤ ਨੂੰ ਕਾਦਰ ਨਾਲ ਮਿਲਾਣ ਦੀ ਤਾਂਘ ਹੈ ਜੋ ਕਿ ਅਨੋਖੀ ਤੇ ਵਿਸਮਾਦੀ ਇੱਛਾ ਹੈ। ਸ਼ਾਲਾ! ਸਾਨੂੰ ਵੀ ਉਸ ਇਲਾਹੀ ਨਾਦ ਦਾ ਪ੍ਰਕਾਸ਼ ਪ੍ਰਾਪਤ ਹੋਵੇ ਤੇ ਸਾਡੀ ਜ਼ਿੰਦਗੀ ਵੀ ਰੁਸ਼ਨਾਅ ਜਾਏ।

*ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥*
*ਹਉ ਬਲਿਹਾਰੀ ਸਤਿਗੁਰ ਚਰਣਾ ॥* *ਅੰਗ- ੫੯੨*

# 1699 ਦੀ ਵਿਸਾਖੀ

### ਪੂਰੀ ਹੋਈ ਕਰਾਮਾਤਿ

### ਆਪਿ ਸਿਰਜਣਹਾਰੈ ਧਾਰਿਆ॥

*ਡਾ. ਜਗਜੀਤ ਸਿੰਘ*

ਪਿਛੋਕੜ: ਭਾਰਤੀ ਸਮਾਜ ਸ੍ਵੈ ਮਾਨ ਅਤੇ ਅਣਖ ਵਰਗਾ ਅਨਮੁੱਲਾ ਗੁਣ ਆਪਣੇ ਵਿਚੋਂ ਗੁਆ ਕੇ ਢਹਿੰਦੀਆਂ ਕਲਾਂ ਵਿਚ ਸਹਿਕ ਰਿਹਾ ਸੀ। ਇਤਿਹਾਸਕਾਰਾਂ ਦਾ ਮਤ ਹੈ ਕਿ ਇਹ ਪਤਨ ਅਚਾਨਕ ਸ਼ੁਰੂ ਨਹੀਂ ਹੋਇਆ। ਇਹ ਸਾਰੀ ਗਿਰਾਵਟ ਵਿਦੇਸ਼ੀਆਂ ਦੇ ਸਿਰ ਤੇ ਨਹੀਂ ਮੜ੍ਹੀ ਜਾ ਸਕਦੀ। ਇਸ ਦਾ ਸਬੰਧ ਰਾਜਾ ਹਰਸ਼ ਵਰਧਨ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਜਾਤ ਪਾਤ ਦੇ ਬੰਧਨਾਂ ਵਿਚ ਕੱਟੜਤਾ, ਪ੍ਰਸਪਰ ਮੇਲ ਜੋਲ ਦੀ ਅਣਹੋਂਦ ਤੇ ਅੰਧ ਵਿਸ਼ਵਾਸ਼ ਦਾ ਪਸਾਰਾ, ਕਰਮ-ਕਾਂਡਾਂ ਦਾ ਕਰੜਾ ਜਾਲ ਜੋ ਪ੍ਰੋਹਤ ਸ਼੍ਰੇਣੀ ਨੇ ਪਸਾਰਿਆ ਸੀ, ਉਸ ਨਾਲ ਭਾਰਤ ਦੀ ਵਸੋਂ ਬਿਲਕੁਲ ਨਿਮਾਣੀ ਨਿਤਾਣੀ ਹੋ ਚੁੱਕੀ ਸੀ। ਰਹਿੰਦੀ ਕਸਰ ਇਸਲਾਮੀ ਰਾਜਿਆਂ ਨੇ ਪੂਰੀ ਕਰ ਦਿਤੀ। ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਇਹ ਹਾਲਤ ਸੀ -

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*

*ਅੰਗ - ੧੪੫*

ਹਿੰਦੂ ਸਮਾਜ ਵਿਚ ਜਾਤ ਪਾਤ, ਊਚ ਨੀਚ, ਛੂਤ-ਅਛੂਤ ਦੇ ਬਹੁਤ ਹੀ ਵਖੇਵੇਂ ਪਏ ਹੋਏ ਸਨ। ਲੋਕ ਟੂਣਿਆਂ ਵਾਲਿਆਂ ਕੋਲ ਜਾ ਕੇ ਉਨ੍ਹਾਂ ਤੋਂ ਸ਼ਗਨ-ਅਪਸ਼ਗਨ ਪੁਛਦੇ ਅਤੇ ਟੂਣੇ-ਟਾਮਣ ਕਰਕੇ ਸੁਖ ਦੀ ਆਸ ਰਖਦੇ ਸਨ। ਇਉਂ ਪ੍ਰਤੀਤ ਦਿੰਦਾ ਸੀ ਜਿਵੇਂ ਹਿੰਦੂ ਸਮਾਜ ਦੇ ਵਿਸ਼ਾਲ ਸਰੀਰ ਵਿਚ ਬੇਅੰਤ ਬਿਮਾਰੀਆਂ ਪੈਦਾ ਹੋ ਗਈਆਂ ਹੋਣ ਅਤੇ ਸਰੀਰ ਦਾ ਲਹੂ ਰੁਕ-ਰੁਕ ਕੇ ਚਲ ਰਿਹਾ ਹੋਵੇ। ਇਕ ਤਰ੍ਹਾਂ ਨਾਲ ਇਹ ਸਮਾਜ ਜ਼ਮੀਨ ਉਤੇ ਲੰਮਾ ਹੀ ਪੈ ਗਿਆ ਸੀ, ਕੋਈ ਸੰਘਰਸ਼ ਇਨ੍ਹਾਂ ਦੇ ਮਨ ਵਿਚ ਨਹੀਂ ਉਪਜਦਾ ਸੀ। ਸ੍ਵੈਮਾਨ ਪੂਰੀ ਤਰ੍ਹਾਂ ਨਾਲ ਖਤਮ ਹੋ ਚੁੱਕਿਆ ਸੀ। ਇਨ੍ਹਾਂ ਦੀ ਸਹਾਇਤਾ ਕਰਨ ਵਾਲਾ ਈਸ਼ਵਰ, ਦੇਵੀ ਦੇਵਤਿਆਂ ਦੇ ਰੂਪ ਵਿਚ ਵੰਡਿਆ ਜਾ ਚੁਕਿਆ ਸੀ। ਇਨ੍ਹਾਂ ਨੇ ਉਨ੍ਹਾਂ ਦੇ ਬੁੱਤ ਬਣਾ ਕੇ ਉਨ੍ਹਾਂ ਤੋਂ ਹੀ ਆਪਣੀ ਕਲਿਆਣ ਦੀ ਮੰਗ ਕੀਤੀ। ਅਗਿਆਨ ਦਾ ਹਨ੍ਹੇਰਾ ਛਾ ਚੁਕਿਆ ਸੀ। ਇਤਿਹਾਸਕਾਰਾਂ ਨੇ ਹਿੰਦੂ ਸਮਾਜ ਦਾ ਨਕਸ਼ਾ ਖਿਚਦਿਆਂ ਅੰਕਿਤ ਕੀਤਾ ਕਿ ਹਿੰਦੂ ਸਮਾਜ ਪੂਰੀ ਤਰ੍ਹਾਂ ਨਾਲ ਢਹਿੰਦੀਆਂ ਕਲਾਂ ਵਿਚ ਗਰਕ ਹੋ ਚੁਕਿਆ ਸੀ। ਖਾਣ-ਪੀਣ, ਪਹਿਨਣ, ਫਸਲਾਂ ਬੀਜਣ, ਫਸਲਾਂ ਕੱਟਣ, ਵਿਆਹ ਸ਼ਾਦੀਆਂ ਦੀਆਂ ਥਿਤਾਂ, ਵਾਰਾਂ ਪੁੱਛਣ ਅਤੇ ਹਰ ਕੰਮ ਜੋਤਸ਼ੀਆਂ ਤੋਂ ਪੁੱਛ ਕੇ ਕਰਨ ਦਾ ਰਿਵਾਜ ਸੀ। ਜਦੋਂ ਪਤੀ ਮਰ ਜਾਂਦਾ ਸੀ ਤਾਂ ਇਸਤ੍ਰੀ ਨੂੰ ਸਤੀ ਹੋਣਾ ਪੈਂਦਾ ਸੀ। ਵਿਧਵਾ ਦੀ ਹਾਲਤ ਬਹੁਤ ਹੀ ਮੰਦੀ ਹੋਇਆ ਕਰਦੀ ਸੀ। ਉਹ ਸਾਰੀ ਜ਼ਿੰਦਗੀ ਦੁਖਾਂ ਵਿਚ ਲੰਘਾਉਂਦੀ ਸੀ। ਇਸਤ੍ਰੀਆਂ ਦਾ ਇਸ ਤਰ੍ਹਾਂ ਅੱਗ ਵਿਚ ਜਲਣਾ ਉਨ੍ਹਾਂ ਦੇ ਪਾਪ ਕਾਰਨ ਦਸਿਆ ਜਾਂਦਾ ਸੀ।

ਅਜਿਹੀ ਹਾਲਤ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਸਤਿ ਦਾ ਪ੍ਰਕਾਸ਼ ਸੰਸਾਰ ਵਿਚ ਕਰਕੇ ਹਨ੍ਹੇਰਾ ਦੂਰ ਕੀਤਾ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਅਨੇਕਾਂ ਕਸ਼ਟ ਆਪਣੇ ਸਰੀਰ ਉਪਰ ਸਹਿ ਕੇ ਸਿਰਮੌਰ ਸ਼ਹੀਦੀ ਦੇ ਕੇ ਜ਼ੁਲਮ ਅੱਗੇ ਡੱਟ ਜਾਣ ਦਾ ਉਤਸ਼ਾਹ ਪ੍ਰਗਟਾਇਆ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਨਵੀ ਸੁਤੰਤਰਤਾ ਅਤੇ ਤਿਲਕ ਜੰਞੂ ਦੀ ਰਾਖੀ ਵਾਸਤੇ ਆਪਣਾ ਬਲੀਦਾਨ ਦਿੱਲੀ ਵਿਚ ਦਿਤਾ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਸ ਸਮੇਂ ਸੱਤ ਅੱਠ ਸੌ ਸਾਲ ਤੋਂ ਨਿਘਰਦੀ ਹਾਲਤ ਨੂੰ ਦੇਖ ਕੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਅਤੇ ਮਨੁੱਖਾਂ ਵਿਚ ਪਏ ਹੋਏ ਅਨੇਕ ਔਗੁਣਾਂ ਨੂੰ ਦੂਰ ਕਰਨ ਲਈ ਬੇਅੰਤ ਉਪਰਾਲੇ ਕੀਤੇ। ਕਈ ਜੁੱਧ ਅਨੁਆਈ ਰਾਜਿਆਂ ਦੇ ਨਾਲ ਲੜਨੇ ਪਏ ਪਰ ਸਦਾ ਹੀ ਸਤਿ ਦੀ ਜਿੱਤ ਹੋਈ ਅਤੇ ਝੂਠ ਦੀ ਹਾਰ ਹੁੰਦੀ ਰਹੀ। ਇਸ ਸਮੇਂ ਲੋੜ ਸੀ ਕਿ ਇਕ ਅਜਿਹਾ ਸੰਗਠਨ ਸਦੀਵੀ ਰਹਿਣ ਵਾਲਾ ਕਾਇਮ ਕੀਤਾ ਜਾਵੇ ਜਿਸ ਵਿਚ ਸੰਤਾਂ ਦੇ ਪੂਰੇ ਗੁਣ ਹੋਣ, ਜਿਸ ਦੀ ਦ੍ਰਿਸ਼ਟੀ ਵਿਚ, ਸਾਰੇ ਪਸਾਰੇ ਵਿਚ ਇਕੋ ਵਾਹਿਗੁਰੂ ਦੀ ਜੋਤ ਪਸਰੀ ਹੋਈ ਦ੍ਰਿਸ਼ਟਮਾਨ ਹੋਵੇ ਅਤੇ ਉਹ ਸਾਰੇ ਸੰਸਾਰ ਦੇ ਦੁੱਖਾਂ ਨੂੰ ਦੂਰ ਕਰਨ ਦੀ ਲੋਚਾ ਰਖਦਾ ਹੋਵੇ ਅਤੇ ਉਸ ਦਾ ਨਿਸ਼ਚਾ ਹੋਵੇ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ - ੨੭੨*

ਆਤਮ ਰਸ ਦਾ ਪੂਰੀ ਤਰ੍ਹਾਂ ਨਾਲ ਜਾਣੂੰ ਹੋਵੇ ਅਤੇ ਜਾਗਤ ਜੋਤ ਦਾ ਪੁਜਾਰੀ ਹੋ ਕੇ ਸਾਰੇ ਕਰਮਾਂ ਕਾਂਡਾਂ, ਵਹਿਮਾਂ, ਤੀਰਥਾਂ, ਬਰਤਾਂ, ਮੜ੍ਹੀਆਂ, ਮਸਾਣੀਆਂ ਦੇ ਅਸਰਾਂ ਤੋਂ ਪੂਰੀ ਤਰ੍ਹਾਂ ਨਿਰਲੇਪ ਹੋਵੇ ਅਤੇ ਸਾਰੇ ਵਿਸ਼ਵ ਵਿਚ ਇਕੋ ਪਸਰੀ ਹੋਈ ਜੋਤ ਦਾ ਪੁਜਾਰੀ ਹੋਵੇ -

*ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤ ਹੈ।*
*ਨਾ ਘਾਟ ਹੈ ਨਾ ਬਾਢ ਹੈ ਨਾ ਬਾਢ ਘਾਟ ਹੋਤ ਹੈ।*

*ਅਕਾਲ ਉਸਤਤਿ*

ਸੰਸਾਰ ਵਿਚ ਇਕ ਅਜਿਹਾ ਆਦਰਸ਼ ਲਿਆਂਦਾ ਜਾਵੇ ਜੋ ਹਰ ਪ੍ਰਾਣੀ ਵਿਚ ਰੂਪਮਾਨ ਹੋ ਕੇ ਇਸ ਸੰਸਾਰ ਵਿਚ ਸੁੱਖ ਅਤੇ ਗਿਆਨ ਦਾ ਪ੍ਰਕਾਸ਼ ਕਰਦਾ ਰਹੇ ਅਤੇ ਜੀਵਨ ਵਿਚ ਦਇਆ, ਖਿਮਾ, ਧੀਰਜ, ਅਹਿੰਸਾ, ਸੰਤੋਖ, ਸੌਚ, ਸ਼ੀਲ, ਸੇਵਾ, ਦਾਨ ਅਤੇ ਮਿੱਠ ਬੋਲਾ, ਦੂਰਦਰਸ਼ੀ ਅਤੇ ਸਰਬ ਸਾਂਝ ਰੱਖਣ ਵਾਲਾ, ਅਨਿਆਂ ਨੂੰ ਦੂਰ ਕਰਾਉਣ ਦੀ ਸਮਰੱਥਾ ਵਾਲਾ, ਵੰਡ ਕੇ ਖਾਣ ਵਾਲਾ, ਧਰਮ ਦੀ ਕਮਾਈ ਕਰਨ ਵਾਲਾ ਅਤੇ ਸਦਾ ਹੀ ਪ੍ਰਮੇਸ਼ਰ ਦੀ ਯਾਦ ਵਿਚ ਪਰੋਤਾ ਸੰਸਾਰ ਵਿਚ ਵਿਚਰਨ ਵਾਲਾ ਹੋਵੇ ਜਿਸ ਦੀ ਵਰਤੋਂ ਸੰਸਾਰ ਵਿਚ ਬੈਰਾਗ ਵਾਲੀ ਹੋਵੇ ਅਤੇ ਮੁਖ ਕਰਮ ਪ੍ਰਭੀ ਦੀ ਪਿਆਰ ਭਰੀ ਭਗਤੀ ਵਾਲਾ ਹੋਵੇ।ਨਿਸ਼ਚਾ ਪੂਰਨ ਗਿਆਨ ਵਾਲਾ ਹੋਵੇ ਅਤੇ ਅਜਿਹਾ ਆਦਰਸ਼ ਨਾ ਕਿਸੇ ਨੂੰ ਦੁਖ ਦੇਵੇ ਅਤੇ ਨਾ ਹੀ ਕਿਸੇ ਨੂੰ ਦੁਖ ਦੇਣ ਦੇਵੇ, ਭੈ ਤੋਂ ਪੂਰੀ ਤਰ੍ਹਾਂ ਰਹਿਤ ਹੋਵੇ, ਆਪਣੇ ਸ਼ੁਭ ਕਰਤਵ ਦੀ ਪਾਲਣਾ ਕਰਦਿਆਂ ਹੋਇਆਂ ਨਾ ਹੀ ਕਿਸੇ ਤੋਂ ਡਰਦਾ ਹੋਵੇ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੋਵੇ, ਜਿਸ ਦੇ ਨੇਤਰਾਂ ਵਿਚ ਅਗਿਆਨ ਦੇ ਹਨ੍ਹੇਰੇ ਦਾ ਨਾਸ਼ ਹੋ ਚੁਕਿਆ ਹੋਵੇ ਅਤੇ ਸਾਰੇ ਸੰਸਾਰ ਨੂੰ ਪ੍ਰਭੂ ਰੂਪ ਕਰਕੇ ਵੇਖਣ ਵਾਲਾ ਹੋਵੇ, ਸਰੀਰਕ ਤੰਦਰੁਸਤੀ ਵਿਚ ਪੂਰਨ ਹੋਵੇ, ਜਨਤਾ ਦੇ ਦੁਖ ਦੂਰ ਕਰਨ ਲਈ ਸਦਾ ਹੀ ਤਤਪਰ ਹੋਵੇ, ਸਮਾਜ ਦੀਆਂ ਬੁਰਿਆਈਆਂ ਨੂੰ ਦੂਰ ਕਰਨ ਲਈ ਸਦਾ ਹੀ ਯਤਨਸ਼ੀਲ ਹੋਵੇ, ਸਾਰੇ ਸੰਸਾਰ ਦੇ ਧਾਰਮਿਕ ਨਿਸ਼ਚਿਆਂ ਦਾ ਸਤਿਕਾਰ ਕਰਨ ਵਾਲਾ ਹੋਵੇ, ਅਜਿਹਾ ਖਾਲਸਾ ਪੁਰਸ਼ ਸੰਸਾਰ ਵਿਚ ਪ੍ਰਗਟ ਕਰਨਾ ਬਹੁਤ ਹੀ ਜ਼ਰੂਰੀ ਸਮਝਿਆ ਗਿਆ।

ਇਸ ਆਸ਼ੇ ਨੂੰ ਮੁੱਖ ਰੱਖ ਕੇ ਸੰਨ 1699 ਦੀ ਵਿਸਾਖੀ ਵਾਲਾ ਦਿਨ ਚੁਣਿਆ ਗਿਆ। ਇਹ ਵਿਸਾਖੀ ਦਾ ਦਿਨ ਸਿੱਖ ਇਤਿਹਾਸ ਵਿਚ ਬੜੀ ਮਹੱਤਤਾ ਰਖਦਾ ਹੈ। ਵਿਸਾਖੀ ਵਾਲੇ ਦਿਨ ਹੀ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦੇ ਉਧਾਰ ਲਈ ਆਪਣੀ ਯਾਤਰਾ ਸ਼ੁਰੂ ਕੀਤੀ। ਪਹਿਲੀ ਵਿਸਾਖੀ ਨੂੰ ਹੀ ਗੋਇੰਦਵਾਲ ਸਾਹਿਬ ਬਉਲੀ ਦਾ ਕੜ ਟੁੱਟਿਆ ਸੀ ਅਤੇ ਜਲ ਬਉਲੀ ਵਿਚ ਭਰਿਆ ਸੀ। ਵਿਸਾਖੀ ਵਾਲੇ ਦਿਨ ਹੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੋਤੀ ਜੋਤ ਸਮਾਏ ਸਨ, ਵਿਸਾਖੀ ਵਾਲੇ ਦਿਨ ਨੂੰ ਹੀ ਗੁਰੂ ਦਸ਼ਮੇਸ਼ ਪਿਤਾ ਨੇ ਖਾਲਸੇ ਦੀ ਹੋਂਦ ਕਾਇਮ ਕਰਨ ਲਈ ਚੁਣਿਆ। ਉਸ ਦਿਨ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਮਹਾਰਾਜ ਜੀ ਨੇ ਲਿਸ਼ਕਾਰੇ ਮਾਰਦੀ ਸ੍ਰੀ ਸਾਹਿਬ ਹੱਥ ਵਿਚ ਲੈ ਕੇ ਉਚੀ ਅਵਾਜ਼ ਵਿਚ ਫੁਰਮਾਨ ਕੀਤਾ ਕਿ ਮਨੁੱਖਤਾ ਦੀ ਅਜ਼ਾਦੀ ਦੇ ਯੱਗ ਵਿਚ ਬਲੀ ਦੇਣ ਲਈ ਮੈਨੂੰ ਆਪਣੇ ਮਹਾਨ ਪਿਆਰੇ ਇਕ ਸਿੱਖ ਦੇ ਸੀਸ ਦੀ ਲੋੜ ਹੈ। ਉਹ ਮੇਰੇ ਪਾਸ ਆਵੇ ਅਤੇ ਆਪਣਾ ਸੀਸ ਅਰਪਣ ਕਰੇ। ਭਾਈ ਦਇਆ ਰਾਮ ਜੀ ਲਹੌਰ ਵਾਸੀ ਜੋ ਸਦਾ ਹੀ ਗੁਰੂ ਦਸ਼ਮੇਸ਼ ਜੀ ਦੇ ਪ੍ਰੇਮ ਵਿਚ ਲੀਨ ਰਹਿੰਦੇ ਸਨ, ਆਪਣਾ ਸੀਸ ਅਰਪਣ ਕਰਨ ਲਈ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ। ਬੇਨਤੀ ਕੀਤੀ ਕਿ ਪਾਤਸ਼ਾਹ! ਮੇਰੇ ਵਿਚ ਤਾਂ ਕੁਝ ਵੀ ਮੇਰਾ ਆਪਣਾ ਨਹੀਂ, ਇਹ ਮੇਰਾ ਸਰੀਰ, ਮੇਰਾ ਮਨ, ਮੇਰੀ ਬੁੱਧੀ, ਮੇਰੀ ਹੰਗਤਾ ਕੇਵਲ ਕਹਿਣ ਮਾਤਰ ਹੀ ਹਨ ਪਰ ਇਹ ਸਾਰੀਆਂ ਤੇਰੇ ਚਰਨਾਂ ਵਿਚ ਪਹਿਲਾਂ ਤੋਂ ਹੀ ਭੇਟ ਕਰਕੇ ਮੈਂ ਆਪਣੀ ਹੋਂਦ ਤੁਹਾਡੀ ਹੋਂਦ ਵਿਚ ਰਲਾਈ ਹੋਈ ਹੈ। ਸੋ ਇਹ ਆਪ ਆਪਣੀ ਅਮਾਨਤ ਸਮਝ ਕੇ, ਜਿਵੇਂ ਆਪ ਦਾ ਭਾਣਾ ਹੈ, ਵਰਤੋਂ ਕਰੋ ਜੀ।

ਗੁਰੂ ਮਹਾਰਾਜ ਜੀ ਨੇ ਉਸ ਦੀ ਬਾਂਹ ਫੜੀ ਤੰਬੂ ਵਿਚ ਲੈ ਗਏ ਅਤੇ ਸੀਸ ਤਨ ਤੋਂ ਜੁਦਾ ਕਰ ਦਿਤਾ।ਇਕ ਸੀਸ ਦੀ ਹੋਰ ਮੰਗ ਕੀਤੀ ਗਈ। ਫੇਰ ਕੜਕਵੀਂ ਆਵਾਜ਼ ਵਿਚ ਫੁਰਮਾਨ ਕੀਤਾ ਕਿ ਇਕ ਹੋਰ ਸੀਸ ਦੀ ਸਾਨੂੰ ਲੋੜ ਹੈ। ਭਾਈ ਧਰਮ ਚੰਦ ਦਿੱਲੀ ਦਾ ਵਾਸੀ, ਆ ਹਾਜ਼ਰ ਹੋਇਆ ਅਤੇ ਫੁਰਮਾਨ ਕੀਤਾ, ਸਾਹਿਬ ਜੀ! ਤੁਸੀਂ ਆਪਣੀ ਅਮਾਨਤ ਅੰਗੀਕਾਰ ਕਰੋ। ਤੀਜੀ ਮੰਗ ਉਪਰ ਹਿੰਮਤ ਚੰਦ, ਚੌਥੀ ਮੰਗ ਤੇ ਮੋਹਕਮ ਚੰਦ, ਪੰਜਵੀਂ ਤੇ ਸਾਹਿਬ ਚੰਦ ਹਾਜ਼ਰ ਹੋਏ। ਪੰਜ ਸੀਸ ਪ੍ਰਵਾਨ ਕਰਨ ਮਗਰੋਂ ਆਪ ਨੇ ਛੇਵੇਂ ਦੀ ਮੰਗ ਨਹੀਂ ਕੀਤੀ। ਆਪ ਬਹੁਤ ਹੀ ਪ੍ਰਸੰਨ ਹੋਏ ਅਤੇ ਆਪ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆਂ ਫੁਰਮਾਨ ਕੀਤਾ ਕਿ ਗੁਰੂ ਨਾਨਕ ਪਾਤਸ਼ਾਹ ਸਮੇਂ ਸਿੱਖੀ ਦੇ ਇਮਤਿਹਾਨ ਵਿਚੋਂ ਕੇਵਲ ਭਾਈ ਲਹਿਣਾ ਪ੍ਰਵਾਨ ਹੋ ਕੇ ਗੁਰੂ ਅੰਗਦ ਦੇ ਰੂਪ ਵਿਚ ਪ੍ਰਗਟ ਹੋਏ, ਇਸ ਸਮੇਂ ਮਹਾਨ ਭਿਆਨਕ ਕਸਵੱਟੀ ਵਿਚ ਪੰਜ ਪਿਆਰੇ ਸਿੱਖ ਪ੍ਰਵਾਨ ਹੋਏ ਹਨ।

ਗੁਰੂ ਮਹਾਰਾਜ ਜੀ ਨੇ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਆਪਣੇ ਹਸਤ ਕਮਲਾਂ ਰਾਹੀਂ ਆਪ ਛਕਾਇਆ, ਮੂਲਮੰਤ੍ਰ ਤੇ ਗੁਰਮੰਤ੍ਰ ਦੀ ਦਾਤ ਬਖਸ਼ੀ, ਦਸਮ ਦੁਆਰ ਤੀਕਰ ਸ਼ਬਦ ਸੁਰਤ ਮਾਰਗ ਰਾਹੀਂ ਪੁਜਣ ਦੇ ਅੰਦਰਲੇ ਸਾਰੇ ਭੇਤ, ਬ੍ਰਹਮਗਿਆਨ ਦੇ ਭੰਡਾਰੇ ਬਖਸ਼ ਕੇ ਮਨੁੱਖ ਤੋਂ ਪ੍ਰਭੂ ਹੀ ਬਣਾ ਦਿਤੇ। ਗੁਰਬਾਣੀ ਦਾ ਫੁਰਮਾਨ ਹੈ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ– ੨੭੩*

ਸੋ ਗੁਰੂ ਮਹਾਰਾਜ ਜੀ ਨੇ ਭਾਈ ਦਇਆ ਚੰਦ ਲਹੌਰ ਦੇ ਖਤ੍ਰੀ ਨੂੰ ਭਾਈ ਦਇਆ ਸਿੰਘ ਬਣਾਇਆ ਅਤੇ ਧਰਮ ਚੰਦ ਜੋ ਦਿੱਲੀ ਵਾਸੀ ਜੋ ਜਾਤ ਦੇ ਜੱਟ ਸਨ, ਨੂੰ ਭਾਈ ਧਰਮ ਸਿੰਘ ਬਣਾਇਆ; ਹਿੰਮਤ ਚੰਦ, ਜੋ ਜਗਨਨਾਥ ਪੁਰੀ ਉੜੀਸਾ ਤੋਂ ਜੋ ਇਕ ਹਜ਼ਾਰ ਮੀਲ ਦੀ ਦੂਰੀ ਤੋਂ ਚੱਲ ਕੇ ਆਏ ਸਨ, ਨੂੰ ਭਾਈ ਹਿੰਮਤ ਸਿੰਘ ਜੀ; ਭਾਈ ਮੋਹਕਮ ਚੰਦ, ਗੁਜਰਾਤ ਕਾਠੀਆਵਾੜ, ਜੋ 1100 ਮੀਲ ਤੋਂ ਚੱਲ ਕੇ ਆਏ ਸਨ, ਨੂੰ ਭਾਈ ਮੋਹਕਮ ਸਿੰਘ ਜੀ

ਅਤੇ ਸਾਹਿਬ ਚੰਦ ਮੈਸੂਰ ਜੋ 1000 ਮੀਲ ਦਾ ਪੈਂਡਾ ਕੱਟ ਕੇ ਆਏ ਸਨ, ਨੂੰ ਭਾਈ ਸਾਹਿਬ ਸਿੰਘ ਬਣਾ ਦਿਤਾ ਅਤੇ ਆਪਣੇ ਵਿਚ ਅਭੇਦ ਕਰਕੇ ਫੁਰਮਾਨ ਕੀਤਾ ਕਿ ਮੇਰੇ ਖਾਲਸੇ ਨੂੰ ਮੇਰਾ ਹੀ ਰੂਪ ਜਾਣਨਾ, ਇਹ ਪੰਜੇ ਮੇਰਾ ਹੀ ਰੂਪ ਹਨ ਅਤੇ ਫੁਰਮਾਨ ਕੀਤਾ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥* *ਸਰਬ ਲੋਹ ਗ੍ਰੰਥ 'ਚੋਂ*

ਉਸ ਤੋਂ ਪਿਛੋਂ ਆਪ ਜੀ ਨੇ ਇਨ੍ਹਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਮੰਗੀ ਅਤੇ ਆਪ ਗੋਬਿੰਦ ਰਾਏ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਪ੍ਰਗਟ ਹੋਏ। ਸੰਸਾਰ ਦੇ ਕੁਲ ਧਰਮਾਂ ਦੇ ਇਤਿਹਾਸ ਵਿਚ ਐਸਾ ਪਹਿਲੀ ਵਾਰ ਵਾਪਰਿਆ ਜਦੋਂ ਇਕ ਗੁਰੂ ਨੇ ਆਪਣੇ ਸ਼ਿਸ਼ਾਂ, ਸਿੱਖਾਂ ਤੋਂ ਅੰਮ੍ਰਿਤ ਦੀ ਦਾਤ ਲਈ ਅਤੇ ਸਿੱਖ ਤੋਂ ਸਿੰਘ ਸਜੇ। ਆਪ ਸਰਬ ਸਮਰੱਥ ਸਨ। ਇਸ ਬਚਿਤ੍ਰ ਨਾਟਕ ਬਾਰੇ ਉਸ ਸਮੇਂ ਦੇ ਭਾਈ ਗੁਰਦਾਸ ਜੀ ਦੂਜੇ ਨੇ ਆਪਣੀ ਵਾਰ ਵਿਚ ਲਿਖਿਆ ਹੈ ਕਿ ਗੁਰੂ ਮਹਾਰਾਜ ਆਪ ਹੀ ਗੁਰੂ ਅਤੇ ਗੁਰ ਚੇਲੇ ਦਾ ਰੂਪ ਧਾਰਨ ਕੀਤਾ -

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਭਾਈ ਗੁਰਦਾਸ ਜੀ, ਵਾਰ ੪੧/੧*

ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਤੁਸੀਂ ਅੱਜ ਤੋਂ ਖਾਲਸਾ ਰੂਪ ਹੋ ਕੇ ਮੇਰੇ ਰੂਪ ਵਿਚ ਅਭੇਦ ਹੋ ਗਏ ਹੋ, ਮੈਂ ਤੁਹਾਡੇ ਵਿਚ ਹਾਂ ਅਤੇ ਤੁਸੀਂ ਮੇਰੇ ਵਿਚ ਹੋਂ। ਉਸ ਵੇਲੇ ਬਾਣੀ ਪੜ੍ਹਨ, ਰਹਿਤ-ਬਹਿਤ ਦੀ ਸਿਖਿਆ ਦੇ ਕੇ ਫੁਰਮਾਨ ਕੀਤਾ -

*ਰਹਿਤ ਪਿਆਰੀ ਮੁਝ ਕਉ, ਸਿਖ ਪਿਆਰਾ ਨਾਹਿ।*
*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਅਤੇ ਫੇਰ ਕਿਹਾ -

*ਰਹਿਣੀ ਰਹੈ ਸੋਈ ਸਿਖ ਮੇਰਾ।*
*ਓਹੁ ਠਾਕੁਰੁ ਮੈ ਉਸ ਕਾ ਚੇਰਾ।*
*ਰਹਿਤ ਬਿਨਾਂ ਨਹਿ ਸਿਖ ਕਹਾਵੈ।*
*ਰਹਿਤਬਿਨਾਂ ਦਰ ਚੋਟਾਂ ਖਾਵੈ।*
*ਰਹਿਤ ਬਿਨ ਸੁਖ ਕਬਹੁੰ ਨ ਲਹੇ।*
*ਤਾਂ ਤੇ ਰਹਿਤ ਸੁ ਦ੍ਰਿੜ ਕਰ ਰਹੈ।*
*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਮੈਂ ਖਾਲਸਾ ਆਦਰਸ਼ ਨੂੰ ਦੁਨੀਆਂ ਵਿਚ ਪ੍ਰਵਿਰਤ ਕਰਨ ਵਾਸਤੇ ਹੀ ਸੰਸਾਰ ਵਿਚ ਵਿਚਰਨ ਆਇਆ ਹਾਂ। ਅੱਜ ਇਸ ਆਦਰਸ਼ ਨੂੰ ਸਾਰੇ ਸੰਸਾਰ ਦੇ ਸੁਖਾਂ ਲਈ ਅਤੇ ਪੂਰਨ ਗਿਆਨ ਦੀ ਦਾਤ ਵੰਡਣ ਲਈ ਤੁਹਾਨੂੰ ਮੈਂ ਆਪਣਾ ਰੂਪ ਬਣਾਇਆ ਹੈ। ਤੁਸੀਂ ਪੂਰਨ ਸਤਿਗੁਰੂ ਦਾ ਕੰਮ, ਨਾਮ ਦੀ ਅਤੇ ਗਿਆਨ ਦੀ ਦਾਤ ਦੇਣ ਦੀ ਸਮਰੱਥਾ ਰਖਦੇ ਹੋਂ ਅਤੇ ਫੁਰਮਾਨ ਕੀਤਾ -

*ਖ਼ਾਲਸਾ ਮੇਰੋ ਸ੍ਵਜਨ ਪ੍ਰਵਾਰਾ॥*
*ਖ਼ਾਲਸਾ ਮੇਰੋ ਕਰਤ ਉਧਾਰਾ॥*
*ਖ਼ਾਲਸਾ ਮੇਰੋ ਪਿੰਡ ਪਰਾਨ॥*
*ਖ਼ਾਲਸਾ ਮੇਰੀ ਜਾਨ ਕੀ ਜਾਨ॥*
*ਮਾਨ ਮਹਤ ਮੇਰੀ ਖ਼ਾਲਸਾ ਸਹੀ॥*
*ਖ਼ਾਲਸਾ ਮੇਰੋ ਸ੍ਵਾਰਥ ਸਹੀ॥*
*ਖ਼ਾਲਸਾ ਮੇਰੋ ਕਰੇ ਨਿਰਬਾਹ॥*
*ਖ਼ਾਲਸਾ ਮੇਰੋ ਦੇਹ ਅਰ ਸਾਹ॥*
*ਖ਼ਾਲਸਾ ਮੇਰੋ ਧਰਮ ਅਰ ਕਰਮ॥*
*ਖ਼ਾਲਸਾ ਮੇਰੋ ਭੇਦ ਨਿਜ ਮਰਮ॥*
*ਖ਼ਾਲਸਾ ਮੇਰੋ ਸਤਿਗੁਰ ਪੂਰਾ॥*
*ਖ਼ਾਲਸਾ ਮੇਰੋ ਸੱਜਨ ਸੂਰਾ॥*
*ਖ਼ਾਲਸਾ ਮੇਰੋ ਬੁਧ ਅਰ ਗਿਆਨ॥*
*ਖ਼ਾਲਸੇ ਕਾ ਹੋ ਧਰੋ ਧਿਆਨ॥*
*ਉਪਮਾ ਖ਼ਾਲਸੇ ਜਾਤ ਨ ਕਹੀ॥*
*ਜਿਹਵਾ ਏਕ ਪਾਰ ਨਹਿ ਲਹੀ॥*
*ਸੇਸ ਰਸਨ ਸਾਰਦ ਸੀ ਬੁੱਧ॥*
*ਤਦਪ ਨ ਉਪਮਾ ਬਰਨਤ ਸੁਧ॥*
*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥* *ਸਰਬ ਲੋਹ ਗ੍ਰੰਥ*

ਉਸ ਵੇਲੇ ਆਪ ਨੇ ਫੁਰਮਾਨ ਕੀਤਾ ਕਿ ਅਕਾਲ ਪੁਰਖ ਤੋਂ ਬਗੈਰ ਹੋਰ ਕਿਸੇ ਨੂੰ ਵੀ ਨਿਗ੍ਹਾ ਥੱਲੇ ਨਹੀਂ ਲਿਆਉਣਾ -

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਇਸ ਤਰ੍ਹਾਂ ਆਪ ਨੇ ਇਕ ਨਵਾਂ ਆਦਰਸ਼ ਸੰਸਾਰ ਨੂੰ ਸਦਾ ਸੁੱਖ ਦੇਣ ਲਈ ਖਾਲਸੇ ਦੇ ਰੂਪ ਵਿਚ ਪ੍ਰਗਟ ਕੀਤਾ ਜੋ ਭਰਮ ਤੇ ਭੇਖ ਤੋਂ ਨਿਆਰਾ ਹੈ ਜਿਸ ਦਾ ਜੀਵਨ ਸੰਸਾਰ ਤੋਂ ਨਿਰਲੇਪ ਤੇ ਨਿਆਰਾ ਹੋਣ ਕਰਕੇ ਗੁਰੂ ਮਹਾਰਾਜ ਨੇ ਆਪਣਾ ਪੂਰਨ ਰੂਪ ਅਤੇ ਪੂਰਨ

ਰੂਹਾਨੀ ਸਤਾ ਇਸ ਵਿਚ ਭਰੀ ਅਤੇ ਫੁਰਮਾਨ ਕੀਤਾ ਕਿ ਜਦੋਂ ਤਕ ਖਾਲਸਾ ਇਸ ਆਦਰਸ਼ ਤੇ ਕਾਇਮ ਰਹੇਗਾ, ਉਸ ਸਮੇਂ ਤਕ ਮੈਂ ਇਸ ਨੂੰ ਆਪਣਾ ਪੂਰਨ ਤੇਜ ਪ੍ਰਦਾਨ ਕਰਦਾ ਰਹਾਂਗਾ। ਜਦੋਂ ਇਹ ਭਰਮਾਂ ਭੇਖਾਂ ਵਿਚ ਪੈ ਜਾਵੇਗਾ ਅਤੇ ਨਿਆਰਾਪਣ ਛੱਡ ਦੇਵੇਗਾ, ਮੁੜ ਕਰਮ ਕਾਂਡ ਵਿਚ ਪ੍ਰਵਿਰਤ ਹੋ ਕੇ ਵੱਡੇ-ਛੋਟੇ ਦੀ ਦ੍ਰਿਸ਼ਟੀ ਧਾਰਨ ਕਰ ਲਵੇਗਾ, ਜਾਤ ਪਾਤ ਦੇ ਬੰਧਨਾਂ ਵਿਚ ਫਸ ਜਾਵੇਗਾ ਅਤੇ ਆਪਣੇ ਆਦਰਸ਼ ਤੋਂ ਹੀਣ ਹੋ ਕੇ ਆਪਣੇ ਹਿਤਾਂ ਲਈ ਇਸ ਮਹਾਨ ਆਦਰਸ਼ ਦਾ ਤਿਆਗ ਕਰ ਦੇਵੇਗਾ ਤਾਂ ਉਸ ਸਮੇਂ ਮੈਂ ਇਸ ਦਾ ਤੇਜ ਖੋਹ ਲਵਾਂਗਾ -

*ਖ਼ਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥*
*ਜਬ ਲਗ ਖ਼ਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥* *ਸਰਬ ਲੋਹ ਗ੍ਰੰਥ*

ਉਸ ਵੇਲੇ ਸੰਗਤ ਨੂੰ ਸੰਬੋਧਨ ਕਰਦਿਆਂ ਆਪ ਨੇ ਕਿਹਾ ਕਿ ਗੁਰੂ ਖ਼ਾਲਸਾ ਜੀ! ਖਾਲਸਾ ਦੀ ਪਦਵੀ ਮਹਾਨ ਹੈ ਕਿਉਂਕਿ ਇਹ ਆਪਣੀ ਪੂਰਨ ਰੂਪ ਵਿਚ ਹੰਗਤਾ ਛੱਡ ਕੇ ਗੁਰੂ ਵਿਚ ਲੀਨ ਹੋਇਆ ਹੈ। ਆਤਮ ਰਸੀਆ ਹੋ ਕੇ ਸੰਸਾਰ ਵਿਚ ਵਿਚਰੇਗਾ। ਇਸ ਦੀ ਪਦਵੀ ਵਾਹਿਗੁਰੂ ਅਤੇ ਗੁਰੂ ਦੀ ਪਦਵੀ ਦੇ ਬਰਾਬਰ ਹੋਵੇਗੀ।

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*ਸਰਬ ਲੋਹ ਗ੍ਰੰਥ*

ਇਸ ਵਿਸਾਖੀ ਦੇ ਦਿਨ ਖਾਲਸਾ ਦੀ ਸਿਰਜਨਾ ਨਾਲ ਭਾਰਤ ਦਾ ਅੰਧਕਾਰਮਈ ਇਤਿਹਾਸ ਬਦਲ ਗਿਆ। ਅੱਜ ਹਜ਼ਾਰਾਂ ਸਾਲ ਲੰਘਣ ਤੋਂ ਪਿਛੋਂ ਇਕ ਪੂਰਨ ਮਨੁੱਖ ਸੰਸਾਰ ਦੇ ਰੰਗ ਮੰਚ ਵਿਚ ਪ੍ਰਗਟ ਹੋਇਆ ਜਿਸ ਨੂੰ ਖਾਲਸਾ ਕਹਿ ਕੇ ਸਤਿਕਾਰਿਆ ਗਿਆ। ਅੱਜ ਇਕ ਪੂਰਨ ਮਨੁੱਖ ਦੀ ਸਿਰਜਨਾ ਕੀਤੀ ਗਈ। ਖਾਲਸਾ ਪ੍ਰਗਟ ਹੋਣ ਤੋਂ ਪਹਿਲਾਂ ਮਨੁੱਖਤਾ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਹੋਇਆ ਸੀ, ਉਪਦੇਸ਼ ਦੇਣ ਦਾ ਕੰਮ ਬ੍ਰਾਹਮਣ ਵਰਗ ਪਾਸ ਸੀ। ਬ੍ਰਾਹਮਣ ਦਾ ਕੰਮ ਦਾਨ ਦੇਣਾ, ਦਾਨ ਲੈਣਾ, ਜਗ ਕਰਨਾ, ਜਗ ਕਰਾਉਣਾ, ਅਧਿਆਤਮਕ ਵਿਦਿਆ ਪੜ੍ਹਨੀ ਤੇ ਪੜ੍ਹਾਉਣੀ; ਇਹ ਛੇ ਕਰਮ ਹੋਇਆ ਕਰਦੇ ਹਨ। ਖਤਰੀ ਦਾ ਕੰਮ ਸਰੀਰ ਨੂੰ ਨਰੋਆ ਰੱਖਣਾ, ਤਪ ਦੇ ਬਲ ਕਰਕੇ ਅਸਤਰ ਪ੍ਰਾਪਤ ਕਰਨੇ ਜਿਹੜੇ ਕਿ ਬਹੁਤ ਸ਼ਕਤੀਸ਼ਾਲੀ ਹੋਇਆ ਕਰਦੇ ਹਨ ਜਿਵੇਂ ਕਿ ਬਜਰ ਅਸਤਰ, ਇੰਦਰ ਅਸਤਰ, ਬ੍ਰਹਮ ਅਸਤਰ, ਅਗਨ ਅਸਤਰ, ਵਰੁਣ ਅਸਤਰ ਅਤੇ ਇਸ ਤਰ੍ਹਾਂ ਦੇ ਅਨੇਕ ਅਸਤਰ ਮੰਤ੍ਰ ਬਲ ਨਾਲ ਪ੍ਰਾਪਤ ਕੀਤੇ ਜਾਇਆ ਕਰਦੇ ਸਨ। ਇਨ੍ਹਾਂ ਅਸਤਰਾਂ ਦੀ ਅਲੌਕਿਕ ਸ਼ਕਤੀ ਹੋਇਆ ਕਰਦੀ ਸੀ। ਅੱਜਕਲ੍ਹ ਦੇ ਐਟਮ ਬੰਬਾਂ ਵਾਂਗੂੰ ਇਸ ਇਕੋ ਅਸਤਰ ਦਸ-ਦਸ ਹਜ਼ਾਰ ਬੰਦੇ ਨੂੰ ਧਰਤੀ ਤੇ ਸੁਲਾ ਦਿਆ ਕਰਦਾ ਸੀ, ਇਕੋ ਅਸਤਰ ਹਜ਼ਾਰਾਂ ਬਾਣਾਂ ਵਿਚ ਚਲ ਕੇ ਹਜ਼ਾਰਾਂ ਹੀ ਬੰਦਿਆਂ ਦੇ ਲੱਗਿਆ ਕਰਦਾ ਸੀ। ਇਹ ਭਾਰਤ ਦੀ ਪ੍ਰਾਚੀਨ ਵਿਦਿਆ ਸੀ ਜੋ ਹੌਲੀ-ਹੌਲੀ ਅਲੋਪ ਹੋ ਗਈ ਅਤੇ ਇਨ੍ਹਾਂ ਅਸਤਰਾਂ ਦੀ ਥਾਂ ਅੱਜਕਲ੍ਹ ਦੀ ਸਾਇੰਸ ਨੇ ਸ਼ਕਤੀਸ਼ਾਲ ਗੋਲੇ-ਗੋਲੀਆਂ, ਬੰਬ, ਐਟਮ ਬੰਬ ਮੈਦਾਨੇ ਜੰਗ ਨੂੰ ਭੈ ਭੀਤ ਕਰਨ ਵਾਸਤੇ ਹੋਂਦ ਵਿਚ ਲਿਆਂਦੇ। ਖਤਰੀ ਜ਼ਮੀਨ ਦਾ ਮਾਲਕ ਹੋਇਆ ਕਰਦਾ ਸੀ ਅਤੇ ਹੇਠਲੇ ਵਰਗ ਉਸਦੀ ਜ਼ਮੀਨ ਵਿਚੋਂ ਅੰਨ ਪ੍ਰਾਪਤ ਕਰਕੇ ਉਸ ਨੂੰ ਕਿਸੇ ਖਾਸ ਅਨੁਪਾਤ ਮੁਤਾਬਿਕ ਦਿਆ ਕਰਦੇ ਸਨ। ਖਤਰੀ ਦਾ ਧਰਮ ਦੇਸ਼ ਅਤੇ ਆਪਣੇ ਰਾਜ ਦੀ ਰਾਖੀ ਕਰਦਿਆਂ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਦੇਣ ਵਿਚ ਪਵਿੱਤਰ ਸਮਝਿਆ ਜਾਇਆ ਕਰਦਾ ਸੀ। ਉਸ ਨੂੰ ਜੰਗ ਵਿਚ ਸ਼ਹੀਦ ਹੋਣ ਕਾਰਨ ਉਚੇ ਸਵਰਗਾਂ ਦੀ ਪ੍ਰਾਪਤੀ ਹੋਣੀ ਮੰਨੀ ਜਾਇਆ ਕਰਦੀ ਸੀ। ਇਸੇ ਤਰ੍ਹਾਂ ਵੈਸ਼ ਵਰਣ ਮਿਹਨਤ ਕਰਨ ਵਾਲਿਆਂ ਦਾ ਹੋਇਆ ਕਰਦਾ ਸੀ ਜੋ ਪਸ਼ੂ ਪਾਲਦੇ ਸਨ, ਵਪਾਰ ਕਰਦੇ ਸਨ ਅਤੇ ਦੇਸ਼ਾਂ ਪ੍ਰਦੇਸ਼ਾਂ ਵਿਚ ਜਾ ਕੇ ਆਪਣਾ ਪੈਦਾ ਕੀਤਾ ਹੋਇਆ ਮਾਲ ਵੇਚਿਆ ਕਰਦੇ ਸਨ ਅਤੇ ਧਨ ਕਮਾ ਕੇ ਟੈਕਸ ਦੇ ਰੂਪ ਵਿਚ ਰਾਜੇ ਦਾ ਕੋਸ਼ ਭਰਿਆ ਕਰਦੇ ਸਨ ਅਤੇ ਖਤਰੀ ਨੂੰ ਖੇਤੀਬਾੜੀ ਰਾਹੀਂ ਅਨਾਜ ਪੈਦਾ ਕਰਨ ਦਾ ਨੀਯਤ ਹਿੱਸਾ ਦਿਤਾ ਜਾਂਦਾ ਸੀ ਅਤੇ ਬ੍ਰਾਹਮਣ ਨੂੰ ਪਵਿੱਤਰ ਸਮਝ ਕੇ ਦਾਨ ਦਿਤਾ ਜਾਇਆ ਕਰਦਾ ਸੀ, ਜਿਸ ਨਾਲ ਬ੍ਰਾਹਮਣ ਵਰਗ ਨੂੰ ਕੋਈ ਕੰਮ ਕਰਨ ਦੀ ਲੋੜ ਨਹੀਂ ਸੀ, ਕੇਵਲ ਪੜ੍ਹਨਾ, ਪੜ੍ਹਾਉਣਾ ਤੇ ਸਮਾਜ ਦੇ ਭਲੇ ਲਈ ਸਾਹਿਤ ਪੈਦਾ ਕਰਨਾ ਹੋਇਆ ਕਰਦਾ ਸੀ। ਪਰ ਹੌਲੀ-ਹੌਲੀ ਬ੍ਰਾਹਮਣ ਨੇ ਕਰਮਕਾਂਡ ਦਾ ਪਸਾਰਾ ਕਰਕੇ ਸਮਾਜ ਨੂੰ ਆਪਣੇ ਨਿਯਮਾਂ ਦੀ ਪਕੜ ਵਿਚ ਜਕੜ ਲਿਆ ਅਤੇ ਬਾਕੀ ਵਰਗਾਂ ਨੂੰ ਸਾਹਸਹੀਣ ਕਰ ਦਿਤਾ। ਇਹ ਵਰਗ ਹਰ ਨਵੀਂ ਸੇਧ ਬ੍ਰਾਹਮਣ ਵਰਗ ਤੋਂ ਲਿਆ ਕਰਦੇ ਸਨ, ਇਥੋਂ ਤਕ ਕਿ ਖੇਤੀ ਬੀਜਣ ਲਈ, ਵਪਾਰ ਸ਼ੁਰੂ ਕਰਨ ਲਈ, ਮਕਾਨ ਉਸਾਰੀ ਲਈ, ਸਫਰ ਤੇ ਜਾਣ ਲਈ, ਵਿਆਹ ਸ਼ਾਦੀਆਂ ਦੇ ਦਿਨ ਮੁਕੱਰਰ ਕਰਨ ਲਈ, ਵਿਆਹ ਦੇ ਸਬੰਧ ਪਤੀ ਪਤਨੀ ਰੂਪ ਵਿਚ ਜੋੜਨ ਲਈ, ਨਵੇਂ ਵਸਤਰ ਖਰੀਦਣ ਲਈ, ਪਸ਼ੂ ਖਰੀਦਣ ਲਈ, ਬੱਚੇ ਨੂੰ ਪੜ੍ਹਨ ਪਾਉਣ ਲਈ, ਜ਼ਿੰਦਗੀ ਦੇ ਹਰ ਨਵੇਂ ਕੰਮ ਕਰਨ ਤੋਂ ਪਹਿਲਾਂ ਸਾਰੀ ਅਗਵਾਈ ਬ੍ਰਾਹਮਣ ਵਰਗ ਤੋਂ ਲਈ ਜਾਂਦੀ ਸੀ ਅਤੇ ਉਹ ਸ਼ਗਨ-ਅਪਸ਼ਗਨ, ਥਿਤ, ਵਾਰ, ਮਹੀਨੇ, ਰੁੱਤਾਂ ਗ੍ਰਹਿਾਂ ਦੀਆਂ ਚਾਲਾਂ ਦੇਖ ਕੇ ਸੇਧ ਦਿਆ ਕਰਦਾ ਸੀ।

ਸ਼ੂਦਰ ਵਰਗ ਦਾ ਕੰਮ ਇਨ੍ਹਾ ਤਿੰਨਾਂ ਵਰਗਾਂ ਦੇ

ਕੰਮਾਂ ਨੂੰ ਕੰਮੀ ਬਣ ਕੇ ਕਰਨਾ ਹੁੰਦਾ ਸੀ। ਇਹ ਆਪਣੇ ਮਾਲਕਾਂ ਦੇ ਤਰਸ ਉਪਰ ਹੋਇਆ ਕਰਦੇ ਸਨ। ਇਨ੍ਹਾਂ ਦਾ ਕੰਮ ਕੇਵਲ ਸੇਵਾ ਕਰਨਾ ਹੀ ਹੋਇਆ ਕਰਦਾ ਸੀ ਜਿਸ ਦੇ ਬਦਲੇ ਇਹਨਾਂ ਨੂੰ ਫਸਲਾਂ ਦੀ ਆਮਦਨ ਆਦਿ ਨੂੰ ਮੁੱਖ ਰੱਖ ਕੇ ਕੁਝ ਹਿੱਸੇ ਦੇ ਦਿਤੇ ਜਾਇਆ ਕਰਦੇ ਸਨ। ਆਦਮੀ ਨੂੰ ਇਥੋਂ ਤਕ ਵੰਡਿਆ ਗਿਆ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਇਕ ਤਾਂ ਉਹ ਸਨ ਜਿਨ੍ਹਾਂ ਨੂੰ ਛੂਹਿਆ ਜਾ ਸਕਦਾ ਸੀ, ਜਿਨ੍ਹਾਂ ਨੂੰ ਛੂਹਣ ਤੋਂ ਭਿੱਟ ਨਹੀਂ ਲੱਗਿਆ ਕਰਦੀ ਸੀ। ਇਕ ਉਹ ਸਨ ਜਿਨ੍ਹਾਂ ਦੇ ਨਾਲ ਲੱਗਣ ਤੇ ਭਿੱਟ ਲਗ ਜਾਂਦੀ ਸੀ। ਸਵੇਰੇ-ਸਵੇਰੇ ਕੰਮ ਕਰਨ ਤੋਂ ਪਹਿਲਾਂ ਜੇ ਇਨ੍ਹਾਂ ਵਿਚੋਂ ਕੋਈ ਮੱਥੇ ਲਗ ਜਾਂਦਾ ਸੀ ਤਾਂ ਬੜੀ ਵਿਚਾਰ ਕੀਤੀ ਜਾਇਆ ਕਰਦੀ ਸੀ। ਇਨ੍ਹਾਂ ਨੂੰ ਭਜਨ ਬੰਦਗੀ, ਪੂਜਾ, ਪਾਠ, ਮੰਦਰ, ਮੱਠ ਜਾਣ ਤੇ ਪਾਬੰਦੀ ਲੱਗੀ ਹੋਈ ਸੀ। ਜੇ ਕਿਤੇ ਭੁੱਲ-ਭੁਲੇਖੇ ਕਿਸੇ ਸ਼ੂਦਰ ਤੋਂ ਓਅੰਕਾਰ ਸ਼ਬਦ ਉਚਾਰਨ ਹੋ ਗਿਆ ਤਾਂ ਉਸ ਦੀ ਜ਼ੁਬਾਨ ਕੱਟ ਦਿਤੀ ਜਾਂਦੀ ਸੀ। ਜੇ ਇਨ੍ਹਾਂ ਵਿਚੋਂ ਕੋਈ ਬ੍ਰਹਮਗਿਆਨ ਦੀ ਗੱਲ ਕਰਦਾ ਸੀ ਤਾਂ ਰਾਜਾ ਖੁਦ ਉਸ ਨੂੰ ਮਾਰ ਦਿੰਦਾ ਸੀ ਜਿਵੇਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਤੋਂ ਸੁੰਬਕ ਰਿਸ਼ੀ ਨੂੰ ਬ੍ਰਾਹਮਣਾਂ ਨੇ ਮਰਵਾਇਆ ਸੀ। ਸ੍ਰੀ ਰਾਮ ਚੰਦਰ ਜੀ ਨੇ ਰਾਜ ਨਿਯਮਾਂ ਦੀ ਪਾਲਣਾ ਕਰਦੇ ਹੋਏ ਸੁੰਬਕ ਰਿਸ਼ੀ ਦਾ ਆਪਣੇ ਹੱਥ ਨਾਲ ਬੱਧ ਕੀਤਾ। ਇਹ ਅਛੂਤ ਵਰਗ ਦਾ ਮਨੁੱਖ ਬਹੁਤ ਹੀ ਤ੍ਰਿਸਕਾਰਿਆ ਹੋਇਆ ਸਮਾਜ ਦਾ ਮੈਲਾ ਅੰਗ ਗਿਣਿਆ ਜਾਂਦਾ ਸੀ। ਇਹ ਅੰਗ ਅਨਪੜ੍ਹ ਰੱਖਿਆ ਜਾਂਦਾ ਸੀ, ਕੋਈ ਸਕੂਲ ਵਿਦਿਆਲਾ, ਕੋਈ ਕਿਰਤ ਦਾ ਸਕੂਲ ਇਨ੍ਹਾਂ ਨੂੰ ਦਾਖਲਾ ਨਹੀਂ ਸੀ ਦਿੰਦਾ। ਇਹ ਨਿਸ਼ਚਾ ਦਿਤਾ ਗਿਆ ਕਿ ਇਹ ਸ਼ੂਦਰ ਪ੍ਰਮੇਸ਼ਰ ਦੇ ਦਰ ਤੋਂ ਨਾ ਪ੍ਰਵਾਣ ਹੋਈਆਂ ਰੂਹਾਂ ਦੇ ਜਨਮ ਕਰਕੇ ਹੈ। ਇਨ੍ਹਾਂ ਦੇ ਸੰਤਾਪ, ਇਨ੍ਹਾਂ ਦੀਆਂ ਤੰਗੀਆਂ, ਇਨ੍ਹਾਂ ਦੇ ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਦੀ ਸਜ਼ਾ ਵਜੋਂ ਹਨ। ਦੁਆਪਰ ਦੇ ਅੰਤ ਵਿਚ ਬਾਲਮੀਕ ਨੇ ਭਜਨ ਕਰਕੇ ਉਹ ਪਦਵੀ ਹਾਸਲ ਕਰ ਲਈ ਜੋ ਸਰਬ ਸ੍ਰੇਸ਼ਟ ਸੀ। ਇਹ ਮਹਾਨ ਰਿਸ਼ੀ ਹੋਏ ਹਨ। ਕ੍ਰਿਸ਼ਨ ਮਹਾਰਾਜ ਜੀ ਨੇ ਪਾਂਡਵਾਂ ਦੇ ਯੱਗ ਸਮੇਂ ਇਨ੍ਹਾਂ ਨੂੰ ਪ੍ਰਗਟ ਕੀਤਾ ਅਤੇ ਆਪਣੇ ਹੱਥਾਂ ਨਾਲ ਇਸ ਰਿਸ਼ੀ ਦੇ ਚਰਨ ਧੋਤੇ ਅਤੇ ਜੂਠੀਆਂ ਪੱਤਲਾਂ ਚੁਕੀਆਂ। ਇਨ੍ਹਾਂ ਦੇ ਪਾਂਡਵਾਂ ਦੇ ਯੱਗ ਵਿਚ ਸ਼ਾਮਲ ਹੋਣ ਕਰਕੇ ਘੰਟਾ ਜ਼ੋਰ ਨਾਲ ਵਜਦਾ ਰਿਹਾ ਅਤੇ ਯੱਗ ਸੰਪੂਰਨ ਹੋਇਆ।

ਗੁਰੂ ਨਾਨਕ ਪਾਤਸ਼ਾਹ ਨੇ ਜਾਤ ਪਾਤ ਨੂੰ ਪੂਰੀ ਤਰ੍ਹਾਂ ਰੱਦ ਕੀਤਾ। ਬ੍ਰਾਹਮਣ ਉਹ ਹੈ ਜੋ ਬ੍ਰਹਮ ਦੀ ਵਿਚਾਰ ਕਰਦਾ ਹੈ, ਐਸੇ ਬ੍ਰਾਹਮਣ ਨੂੰ ਸ੍ਰੇਸ਼ਟ ਬ੍ਰਾਹਮਣ ਆਖਿਆ ਗਿਆ। ਜੋ ਪ੍ਰਮੇਸ਼ਰ ਦੀ ਅੰਦਰ ਪਛਾਣ ਕਰਦਾ ਹੈ ਉਸ ਪੰਡਤ ਦੇ ਉਪਦੇਸ਼ ਨੂੰ ਪ੍ਰਵਾਣ ਕੀਤਾ ਗਿਆ। ਖਤਰੀ ਨੂੰ ਕਰਮਾਂ ਦਾ ਸੂਰਮਾ ਕਰਕੇ ਥਾਪਿਆ ਗਿਆ। ਗੁਰੂ ਨਾਨਕ ਸਾਹਿਬ ਕਥਿਤ ਨੀਚ ਜਾਤਾਂ ਨੂੰ ਮਾਣ ਦਿੰਦੇ ਹੋਏ ਫੁਰਮਾਨ ਕਰਦੇ ਹਨ -

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥*

*ਅੰਗ - ੧੫*

ਗ੍ਰਿਹਸਤੀ ਨੂੰ ਵਡਿਆਇਆ ਗਿਆ, ਕਿਰਤ ਨੂੰ ਮਹਾਂ ਪਵਿੱਤਰ ਆਖਿਆ ਗਿਆ -

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥*
*ਜਪੁ ਤਪੁ ਸੰਜਮੁ ਭੀਖਿਆ ਕਰੈ ॥*
*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥* *ਅੰਗ - ੯੫੨*

ਜਾਤਾਂ ਪਾਤਾਂ ਦਾ ਭਰਮ ਪੂਰੀ ਤਰ੍ਹਾਂ ਨਾਲ ਇਨਸਾਨ ਦੇ ਹਿਰਦੇ ਵਿਚੋਂ ਕੱਢ ਦਿਤਾ ਗਿਆ। ਇਥੋਂ ਤਕ ਗੁਰਸਿੱਖੀ ਨੇ ਇਨਕਲਾਬੀ ਕਦਮ ਪੁਟਿਆ ਕਿ ਸਾਰੇ ਇਨਸਾਨਾਂ ਨੂੰ ਬਿਨਾਂ ਵਿਤਕਰਾ, ਜਾਤ ਪਾਤ, ਧਰਮ, ਮਜ਼ਹਬ, ਉਚ-ਨੀਚ, ਅਮੀਰ-ਗਰੀਬ ਦੇ ਇਕ ਪੰਗਤ ਦੇ ਵਿਚ ਬੈਠ ਕੇ ਪ੍ਰਸ਼ਾਦਾ ਛਕਣਾ ਪਵਿਤਰਤਾ ਦਾ ਸੂਚਕ ਮੰਨਿਆ ਗਿਆ। ਅਕਬਰ ਵਰਗੇ ਮਹਾਨ ਸਮਰਾਟ ਅਤੇ ਹੋਰ ਅਮੀਰ ਵਰਗ ਦੇ ਬੰਦੇ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕ ਕੇ ਗੁਰੂ ਦੇ ਦਰਸ਼ਨ ਕਰਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਕਰਮਾਂ ਧਰਮਾਂ ਦਾ ਬੋਝ ਜੋਤਸ਼ਾਂ, ਗ੍ਰਹਿਆਂ ਦੀਆਂ ਪਕੜਾਂ ਬਿਲਕੁਲ ਦੂਰ ਕਰਕੇ ਫੁਰਮਾਨ ਕੀਤਾ -

*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥*

*ਅੰਗ- ੧੩੬*

ਗੁਰੂ ਦਸ਼ਮੇਸ਼ ਪਿਤਾ ਜੀ ਨੇ ਮਨੁੱਖ ਦੀ ਮਨੁੱਖਤਾ ਨੂੰ ਪੂਰਨ ਰੂਪ ਵਿਚ ਸੁਤੰਤਰ ਕੀਤਾ ਅਤੇ ਇਕੋ ਮਨੁੱਖ ਨੂੰ ਖਾਲਸਾ ਬਣਾ ਕੇ ਉਸ ਵਿਚ ਬ੍ਰਾਹਮਣ, ਖਤਰੀ, ਸ਼ੂਦਰ, ਵੈਸ਼ ਅਤੇ ਰਿਸ਼ੀ ਮੁਨੀਆਂ ਦੇ ਆਦਰਸ਼ ਨੂੰ ਸੰਮਿਲਤ ਕੀਤਾ। ਗੁਰਸਿੱਖ ਬ੍ਰਾਹਮਣ ਦੇ ਰੂਪ ਵਿਚ ਹੁੰਦਾ ਹੋਇਆ, ਗੁਰਬਾਣੀ ਪੜ੍ਹਦਾ ਤੇ ਦੂਜਿਆਂ ਨੂੰ ਗੁਰਬਾਣੀ ਪੜ੍ਹਾਉਂਦਾ ਹੈ, ਲੰਗਰ ਚਲਾਉਂਦਾ ਹੈ। ਸਤਿ ਸਮਾਗਮ ਰਚ ਕੇ ਸਭ ਤੋਂ ਉਚਾ ਸ਼ਬਦ ਦਾ ਲੰਗਰ ਚਲਾਉਂਦਾ ਹੈ, ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਗੁਰੂ ਦੇ ਨਮਿਤ ਦਸਵੰਧ ਦਿੰਦਾ ਹੈ ਅਤੇ ਇਸ ਦਸਵੰਧ ਨੂੰ ਪ੍ਰਾਪਤ ਕਰਕੇ ਜਨਤਾ ਦੇ ਸੁਖ ਲਈ ਧਰਮ ਮੰਦਰ, ਹਸਪਤਾਲ, ਸਕੂਲ, ਕਾਲਜ, ਧਰਮਸਾਲਾ, ਸੜਕਾਂ, ਪੁਲ ਆਦਿ ਅਨੇਕਾਂ ਕਾਰਜ ਕਰਦਾ ਹੈ। ਜਦੋਂ ਇਨਸਾਨਾਂ ਉਪਰ ਕੋਈ ਸੰਤਾਪ ਗਿਰਦਾ ਹੈ ਤਾਂ ਇਹ ਉਸੇ ਦਾਨ ਦੇ ਸਰਮਾਏ ਵਿਚੋਂ ਉਨ੍ਹਾਂ ਦੀ ਇਕ ਦਮ ਮਦਦ ਕਰਦਾ ਹੈ।

*'ਚਲਦਾ......................।'*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-53)*

**ਸਿਰੀਰਾਗੁ ਮਹਲਾ ੧ ਘਰੁ ੩**
**ਇਹੁ ਤਨੁ ਧਰਤੀ, ਬੀਜੁ ਕਰਮਾ ਕਰੋ;**
**ਸਲਿਲ ਆ ਪਾਉ ਸਾਰਿੰਗਪਾਣੀ॥**

ਇਹੁ ਤਨੁ=ਇਸ ਸਰੀਰ ਨੂੰ ਧਰਤੀ ਬਣਾਓ ਤੇ ਨਿਸ਼ਕਾਮ ਕਰਮਾਂ ਨੂੰ ਬੀਜ ਬਣਾਉਣਾ ਕਰੋ। ਜੋ ਸਾਰਿੰਗਪਾਣੀ=ਸਾਰੰਗ ਨਾਮੀ ਧਨੁਸ਼ ਨੂੰ ਹੱਥ 'ਚ ਧਾਰਨ ਕਰਨ ਵਾਲਾ ਪ੍ਰਭੂ ਹੈ, ਉਸ ਦੇ ਨਾਮ ਰੂਪੀ ਸਲਿਲ=ਪਾਣੀ ਨੂੰ ਆ=ਲਿਆ ਕੇ ਪਾਉ=ਪਾਵੋ ਵਾ: (ਸਾਰਿੰਗ ਪਾਣੀ) ਸਾਰੰਗ=ਪਪੀਹੇ ਜਿਵੇਂ ਪਾਣੀ ਨੂੰ ਪ੍ਰਿਉ ਪ੍ਰਿਉ ਕਰਕੇ ਰਟਦਾ ਹੈ, ਇਵੇਂ ਉਸ ਪ੍ਰਭੂ ਦੇ ਨਾਮ ਨੂੰ ਰਟਨ (ਸਿਮਰਨ) ਰੂਪੀ ਸਲਿਲ=ਪਾਣੀ ਆ=ਲਿਆ ਕੇ ਪਾਉ=ਪਾਵੋ।

**ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ;**
**ਇਉ ਪਾਵਸਿ ਪਦੁ ਨਿਰਬਾਣੀ॥੧॥**

ਮਨ ਨੂੰ ਕਿਰਸਾਣੁ ਬਣਾਵੋ ਤੇ ਹਰਿ=ਪਰਮੇਸ਼ਰ ਦਾ ਨਾਮ ਰਿਦੈ=ਹਿਰਦੇ ਰੂਪੀ ਖੇਤ ਵਿਚ ਜੰਮਾਇਲੈ=ਜਮਾ ਲਵੋ। ਹੇ ਭਾਈ! ਇਉ=ਇਸ ਪ੍ਰਕਾਰ ਤੁਸੀਂ ਨਿਰਬਾਣੀ=ਬੰਧਨਾਂ ਤੋਂ ਰਹਿਤ ਪਦੁ=ਪਦਵੀ ਨੂੰ ਪਾਵਸਿ=ਪਾ ਲਵੋਗੇ।

**ਕਾਹੇ ਗਰਬਸਿ ਮੂੜੇ; ਮਾਇਆ॥**

ਮੂੜੇ=ਹੇ ਮੂਰਖ ਜੀਵ! ਕਾਹੇ=ਕਿਉਂ ਇਸ ਮਾਇਆ ਵਲ ਵੇਖ ਕੇ ਗਰਬਸਿ=ਹੰਕਾਰ ਕਰਦੇ ਹੋ, ਭਾਵ ਇਹ ਚਾਰ ਦਿਨਾਂ ਦੀ ਪ੍ਰਾਹੁਣੀ ਅਨਿਸਥਿਰ ਹੈ।

**ਪਿਤ ਸੁਤੋ ਸਗਲ ਕਾਲਤ੍ਰ ਮਾਤਾ;**
**ਤੇਰੇ ਹੋਹਿ ਨ ਅੰਤ ਸਖਾਇਆ॥ਰਹਾਉ॥**

ਪਿਤ=ਪਿਤਾ, ਸੁਤੋ=ਪੁੱਤ੍ਰ ਕਾਲਤ੍ਰ (ਕਲੱਤਰ)=ਇਸਤ੍ਰੀ, ਮਾਤਾ ਤੇ ਸਗਲ=ਸਾਰੇ ਹੋਰ ਸੰਬੰਧੀ ਆਦਿ ਜੋ ਸਭ ਤੇਰੇ ਹਨ, ਅੰਤ ਨੂੰ ਕਿਸੇ ਨੇ ਵੀ ਸਖਾਇਆ=ਮਿੱਤਰ ਬਣ ਕੇ ਸਾਥ ਨਹੀਂ ਨਿਭਾਉਣਾ।

**ਬਿਖੈ ਬਿਕਾਰ ਦੁਸਟ ਕਿਰਖਾ ਕਰੇ;**
**ਇਨ ਤਜਿ ਆਤਮੈ ਹੋਇ ਧਿਆਈ॥**

ਇਸ ਖੇਤੀ ਵਿਚ ਜਿਹੜੇ ਬਿਖੈ=ਸ਼ਬਦ, ਸਪਰਸ਼, ਰੂਪ, ਰਸ, ਗੰਧ ਵਿਸ਼ੇ ਹਨ ਅਤੇ ਬਿਕਾਰ=ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਕਾਰ ਹਨ। ਇਹ ਦੁਸਟ=ਮੰਦੇ ਸੁਭਾਅ ਵਾਲੇ ਹਨ। ਇਹ ਸਭ ਖੇਤੀ ਵਿਚ ਨਦੀਨ ਪਏ ਹੋਏ ਹਨ। ਇਨ੍ਹਾਂ ਨੂੰ ਕਿਰਖਾ ਕਰੇ=ਕੱਟਣਾ ਕਰੇ।

**ਜਪੁ ਤਪੁ ਸੰਜਮੁ, ਹੋਹਿ ਜਬ ਰਾਖੇ;**
**ਕਮਲੁ ਬਿਗਸੈ, ਮਧੁ ਆਸ੍ਰਮਾਈ॥੨॥**

ਜਦੋਂ ਬਾਣੀ ਕਰਕੇ ਜਪ ਕਰਨਾ, ਤਪੁ=ਸਰੀਰ ਕਰਕੇ ਸੇਵਾ ਵਾ: ਸਾਧਨਾ ਕਰਨੀ, ਸੰਜਮੁ=ਇੰਦ੍ਰੀਆਂ ਉਤੇ ਕਾਬੂ ਰੱਖਣਾ ਆਦਿ ਸ਼ੁਭ ਗੁਣ ਜਬ=ਜਦੋਂ ਇਸ ਖੇਤੀ ਦੇ ਰਾਖੇ=ਰਖਵਾਲੇ ਹੋਹਿ=ਹੋਣਗੇ ਤਾਂ ਉਸ ਵੇਲੇ ਹਿਰਦਾ ਕਮਲ ਬਿਗਸੈ=ਖਿੜ ਪਵੇਗਾ, ਭਾਵ ਕਰੁਣਾ ਮੈਤ੍ਰੀ=ਮੁਦਤਾ, ਅਪੇਖਿਆ ਆਦਿ ਸ਼ੁਭ ਗੁਣਾਂ ਰੂਪੀ ਪੰਖੜੀਆਂ ਪ੍ਰਫੁਲਿਤ ਹੋ ਜਾਣਗੀਆਂ ਅਤੇ ਇਸ ਦੇ ਵਿਚੋਂ ਮਧੁ=ਅੰਮ੍ਰਿਤ ਰੂਪੀ ਆਤਮਿਕ ਅਨੰਦ ਆਸ੍ਰਮਾਈ=ਚੋਵੇਗਾ, ਟਪਕੇਗਾ ਭਾਵ ਬ੍ਰਹਮਾ ਰਿਦੇ ਵਿਚ ਪ੍ਰਾਪਤ ਹੋਵੇਗਾ।

**ਬੀਸ ਸਪਤਾ ਹਰੋ, ਬਾਸਰੋ ਸੰਗ੍ਰਹੈ;**
**ਤੀਨਿ ਖੋੜਾ ਨਿਤ ਕਾਲੁ ਸਾਰੈ॥**

ਹੇ ਭਾਈ! ਬੀਸ ਸਪਤਾ ਹਰੋ=ਵੀਹ ਤੇ ਸੱਤ ਸਤਾਈ ਜੋ ਹਨ ਜਿਵੇਂ ਪੰਜ ਗਿਆਨ-ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਸੂਖਮ ਤੱਤ, ਪੰਜ ਸਥੂਲ ਤੱਤ, ਪੰਜ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਸ਼ੇ ਮਨ ਤੇ ਚਿੱਤ ਜੋ ਇਹ ਸਤਾਈ (27) ਹਨ, ਇਨਹਾਂ ਦਾ ਹਰੋ=ਅਭਿਮਾਨ ਦੂਰ ਕਰ ਦਿਓ। ਵਾ: 27 ਨਛੱਤ੍ਰਾਂ ਦੀ ਉਪਾਸਨਾ ਛੱਡ ਦਿਉ। ਸਤਾਰਾਂ ਤੱਤਾਂ ਵਾਲਾ ਇਹ ਸੂਖਮ ਸਰੀਰ ਜਿਸ ਵਿਚ ਪੰਜ ਪ੍ਰਾਣ, ਪੰਜ ਕਰਮ-ਇੰਦ੍ਰੇ, ਪੰਜ ਗਿਆਨ-ਇੰਦ੍ਰੇ, ਮਨ ਤੇ ਬੁੱਧ ਅਤੇ ਪੰਜ ਸੂਖਮ ਤੱਤ ਤੇ ਪੰਜ ਅਸਥੂਲ ਤੱਤ, ਇਨ੍ਹਾਂ ਸਤਾਈਆਂ ਤੱਤਾਂ ਦੀ ਦੇਹ ਦਾ ਅਭਿਮਾਨ ਛੱਡ ਦਿਉ ਵਾ: ਕਾਮ, ਕ੍ਰੋਧ, ਲੋਭ, ਆਸਾ ਤੇ ਤ੍ਰਿਸ਼ਨਾ ਨੂੰ ਚੱਡ ਦਿਉ ਅਤੇ ਬਾਸਰੋ=ਦਿਨ ਪ੍ਰਤੀ ਦਿਨ ਭਾਵ ਹਰ ਰੋਜ਼ ਉਸ ਪ੍ਰਭੂ ਨਾਮ ਨੂੰ ਸੰਗ੍ਰਹੈ (ਸੰ+ਗ੍ਰਹੈ) ਸੰ=ਭਲੀ ਪ੍ਰਕਾਰ ਗ੍ਰਹੈ=ਗ੍ਰਹਿਣ ਕਰੋ ਭਾਵ ਧਾਰਨ ਕਰੋ ਵਾ: ਬਾਸਰੋ ਸੰਗ੍ਰਹੈ=ਜੋ ਵਸਦਾ ਹੈ ਸਾਰੀਆ ਰੂਹਾਂ ਵਿਚ, ਉਸ ਦਾ ਨਾਮ ਸੰਗ੍ਰਹੈ ਕਰੋ। ਤੀਨਿ ਖੋੜਾ=ਤਿੰਨ ਖੋੜਾ (ਖੁੱਡਾਂ) ਵਿਚ ਭਾਵ ਜਾਗ੍ਰਤ, ਸੁਪਨ ਤੇ ਸਖੋਪਤੀ ਵਿਚ ਨਿੱਤ ਜੋ ਕਾਲੁ ਸਾਰੈ=ਸਾੜਦਾ ਹੈ, ਉਸ ਤੋਂ ਤੁਰੀਆ ਪਦ ਵਿਚ ਟਿਕ ਕੇ ਬਚ ਜਾਵੋਗੇ ਵਾ: ਤੀਨਿ ਖੋੜਾ=ਬਾਲਪਨ, ਯੁਵਾ ਅਵਸਥਾ ਤੇ ਬ੍ਰਿਧ ਅਵਸਥਾ ਵਿਚ ਨਿੱਤ ਕਾਲੁ=ਮੌਤ ਸਾਰੈ=ਸੰਭਾਲਦੀ ਹੈ, ਭਾਵ ਕਦੇ ਵੀ ਆ ਸਕਦੀ ਹੈ ਵਾ: ਤੀਨਿ ਖੋੜਾ=ਤਿੰਨ ਖੁੱਡਾਂ (ਸੂਖਮ, ਕਾਰਨ, ਅਸਥੂਲ) ਵਿਚ ਨਿੱਤ ਕਾਲ ਸੰਭਾਲਦਾ ਹੀ ਰਹੇਗਾ।

**ਦਸ ਅਠਾਰ ਮੈ, ਅਪਰੰਪਰੋ ਚੀਨੈ;**
**ਕਹੈ ਨਾਨਕੁ ਇਵ ਏਕੁ ਤਾਰੈ॥੩॥੨੯॥**

ਦਸ=ਚਾਰ ਵੇਦ ਤੇ ਛੇ ਸ਼ਾਸਤ੍ਰ, ਅਠਾਰ=18 ਪੁਰਾਣਾਂ ਮੈ=ਵਿਚ ਜਿਸ ਅਪਰੰਪਰੋ=ਪਰਮੇਸ਼ਰ ਦਾ ਕਥਨ ਕੀਤਾ ਗਿਆ ਹੈ, ਉਸ ਨੂੰ ਚੀਨੈ=ਜਾਣਨਾ ਕਰੋ। ਵਾ: ਦਸ ਇੰਦ੍ਰੀਆਂ ਤੇ 18 ਵਰਣਾਂ ਵਾਲਾ ਜੋ ਸਰੀਰ ਹੈ, ਇਸ ਵਿਚ ਪ੍ਰਕਿਰਤੀ ਤੋਂ ਪਰ੍ਹੇ ਪ੍ਰਭੂ ਨੂੰ ਜਾਣੋ। ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਇਵ=ਇਸ ਤਰ੍ਹਾਂ ਇਕ ਪ੍ਰਭੂ ਇਸ ਭਵ ਸਾਗਰ ਤੋਂ ਤਾਰੈ=ਤਾਰ ਦੇਵੇਗਾ। ਵਾ: ਇਵ=ਇਹ ਸਾਧਨ ਕਰੋਗੇ ਤਾਂ ਤੁਹਾਨੂੰ ਉਹ ਪਰਮੇਸ਼ਰ ਤਾਰ ਦੇਵੇਗਾ ਭਾਵਮੁਕਤ ਕਰ ਦੇਵੇਗਾ।

*'ਚਲਦਾ........।'*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*

*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-62)*

'ਦੇਖਿਆ ਜਾਵੇ ਤਾਂ ਸਾਰਾ ਸੰਸਾਰ ਹੀ ਇਕ ਹਸਪਤਾਲ ਬਣਿਆ ਪਿਆ ਹੈ, ਬਿਮਾਰ ਲੋਕ ਹੀ ਬਿਮਾਰਾਂ ਦਾ ਇਲਾਜ ਕਰ ਰਹੇ ਹਨ। ਸਾਨੂੰ ਅਜੇ ਤਕ ਮਾਨਵਤਾ ਦੀਆਂ ਸਮੱਸਿਆਵਾਂ ਦਾ ਸਮਾਧਾਨ ਨਹੀਂ ਮਿਲਿਆ। ਕਿਸ ਤਰ੍ਹਾਂ ਨਾਲ ਐਥੇ ਰਹਿੰਦੇ ਹੋਏ, ਸੰਸਾਰ ਵਿਚ ਰਹਿੰਦੇ ਹੋਏ, ਸੰਸਾਰ ਦੀਆਂ ਸੀਮਾਵਾਂ ਤੋਂ ਉਪਰ ਰਹਿ ਸਕਦੇ ਹਾਂ। ਮਾਨਵਤਾ ਕਿਸ ਤਰ੍ਹਾਂ ਨਾਲ ਸ਼ਾਂਤੀ ਪ੍ਰਾਪਤ ਕਰ ਸਕਦੀ ਹੈ, ਨਾਲ ਹੀ ਸੰਸਾਰਿਕ ਡਿਊਟੀਆਂ ਪੂਰੀ ਕਰ ਸਕਦੀ ਹੈ। ਅੱਜ ਤਕ ਇਹੋ ਜਿਹਾ ਕੋਈ ਵੀ ਵਿਦਿਅਕ ਤਰੀਕਾ ਨਹੀਂ ਜਿਹੜਾ ਇਸ ਸਮੱਸਿਆ ਦਾ ਸਮਾਧਾਨ ਕਰ ਸਕੇ।

ਅਸੀਂ ਸਮਾਧਾਨ ਦਸਦੇ ਹਾਂ। ਇਕ ਨਿਯਮਤ ਤਰੀਕੇ ਨਾਲ ਤੁਸੀਂ ਸਰੀਰ ਦੀ ਚੇਤਨਾ ਤੋਂ ਸ਼ੁਰੂ ਕਰੋ। ਫੇਰ ਜਦੋਂ ਇਕ ਵਾਰੀ ਤੁਸੀਂ ਸ਼ਾਂਤ ਹੋ ਕੇ, ਚੁੱਪ ਕਰਕੇ ਬੈਠਣਾ ਸਿੱਖ ਲੈਂਦੇ ਹੋ, ਇਕਸੁਰਤਾ ਨਾਲ ਸੁਆਸ ਲੈਣ ਲਗ ਪੈਂਦੇ ਹੋ, ਤੁਸੀਂ ਚੇਤਨ ਮਨ ਨੂੰ ਸਮਝ ਸਕਦੇ ਹੋ। ਜਦੋਂ ਤੁਸੀਂ ਚੇਤਨ ਮਨ ਨੂੰ, ਉਸ ਮਨ ਨੂੰ ਜਿਹੜਾ ਹਰ ਸਮੇਂ ਤੁਸੀਂ ਵਰਤਦੇ ਹੋ, ਜਦੋਂ ਤੁਸੀਂ ਉਸ ਨੂੰ ਕੰਟਰੋਲ ਕਰਨਾ ਸਿੱਖ ਲੈਂਦੇ ਹੋ, ਤੁਸੀਂ ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਕਰ ਲੈਂਦੇ ਹੋ, ਤੁਸੀਂ ਆਪਣੇ ਆਪ ਨੂੰ ਜਾਨਣ ਲਗ ਪੈਂਦੇ ਹੋ, ਸਮਝਣ ਲਗ ਪੈਂਦੇ ਹੋ। ਇਥੇ ਪਹੁੰਚ ਕੇ ਤੁਸੀਂ ਇਹ ਨਹੀਂ ਕਹਿੰਦੇ, ਏਸ ਚੇਤਨਾ ਦੇ ਹੇਠਾਂ ਕਿੰਨੀ ਮਿੱਟੀ ਹੈ। ਕਿੰਨਾ ਗੰਦ ਹੈ। ਤੁਸੀਂ ਤਾਂ ਕੇਵਲ ਦਰੀ ਦੇ ਗਲੀਚੇ ਦੇ ਥੱਲੇ ਮਿੱਟੀ ਸਾਫ ਕਰ ਰਹੇ ਹੋ, ਪਰ ਜਦੋਂ ਤੁਸੀਂ ਮੈਡੀਟੇਸ਼ਨ ਕਰਕੇ, ਅੱਗੇ ਵਧ ਜਾਂਦੇ ਹੋ, ਤੁਸੀਂ ਦੇਖਦੇ ਹੋ ਕਿ ਤੁਹਾਡੇ ਚੇਤਨ ਮਨ ਦੀ ਦਰੀ ਦੇ ਹੇਠਾਂ ਭਾਵ ਅਰਧ ਚੇਤਨ ਮਨ ਤੇ ਕਿੰਨੀ ਮਿੱਟੀ ਜੰਮੀ ਪਈ ਹੈ। ਫੇਰ ਤੁਸੀਂ ਆਪਣੇ ਅਚੇਤ ਮਨ ਦੇ ਆਹਮਣੇ ਸਾਹਮਣੇ ਹੋ ਜਾਓਗੇ। ਅਚੇਤ ਮਨ ਤਾਂ ਬਹੁਤ ਵੱਡਾ ਹੈ। ਵਾਸਤਵ ਵਿਚ ਤਿੰਨ ਚੌਥਾਈ ਭਾਗ ਤਾਂ ਅਚੇਤ ਹੈ, ਤੁਹਾਨੂੰ ਸਵੈ ਪ੍ਰਾਪਤੀ ਲਈ ਇਸ ਦੀ ਸਫਾਈ ਕਰਨੀ ਹੀ ਪਵੇਗੀ, ਕੇਵਲ ਤੁਸੀਂ ਹੀ ਇਹ ਸਫਾਈ ਕਰ ਸਕਦੇ ਹੋ, ਕੋਈ ਹੋਰ ਤੁਹਾਡੇ ਲਈ ਨਹੀਂ ਕਰ ਸਕਦਾ।

ਅੰਤਰ ਦੇ ਮਾਰਗ ਤੇ ਤੁਸੀਂ ਬਹੁਤ ਮੀਲ ਪੱਥਰ ਦੇਖੋਗੇ, ਬਹੁਤ ਸਾਰੇ ਮੀਲ ਪੱਥਰ ਆਉਣਗੇ, ਛੇਤੀ ਤੁਸੀਂ ਮਹਿਸੂਸ ਕਰੋਗੇ ਕਿ ਤੁਹਾਡਾ ਅਧਿਆਪਕ ਤੁਹਾਡੇ ਨਾਲ ਹੈ, ਤੁਹਾਡੇ ਅੰਦਰ ਹੈ, ਉਹ ਹੈ ਤੁਹਾਡੀ ਅੰਤਰ ਆਤਮਾ, ਕੇਵਲ ਇਕ ਹੀ ਮਾਸਟਰ ਹੈ, ਇਕ ਹੀ ਤਾਕਤ ਹੈ। ਆਪਣੇ ਆਪ ਨੂੰ ਪਰੇਸ਼ਾਨ ਨਾ ਕਰੋ, ਬਾਹਰ ਅਧਿਆਪਕ ਨਾ ਲੱਭੋ, ਤੁਹਾਡਾ ਅਧਿਆਪਕ ਤੁਹਾਡੇ ਨਾਲ ਹੈ, ਤੁਹਾਡੇ ਅੰਦਰ ਹੈ, ਤੁਸੀਂ ਉਸ ਪ੍ਰਤੀ ਚੇਤਨ ਰਹੋ। ਤੁਸੀਂ ਮੈਡੀਟੇਸ਼ਨ ਰਾਹੀਂ ਉਸ ਗੁਰੂ ਨੂੰ ਮਿਲੋ, ਫੇਰ ਉਹ ਗੁਰੂ ਤੁਹਾਨੂੰ ਪ੍ਰਮਾਤਮਾ ਨੂੰ ਮਿਲਾਏਗਾ। ਤੁਹਾਡੀ ਚੇਤਨਾ ਨਾਲ ਮਿਲਾਏਗਾ, ਫੇਰ ਵਿਸ਼ਵ ਚੇਤਨਾ ਤਕ ਲੈ ਜਾਏਗਾ। ਤੁਹਾਡਾ ਜੀਵਨ ਮਾਰਗ ਅਤਿ ਸਫਲ ਹੋ ਜਾਂਦਾ ਹੈ। ਜਦੋਂ ਤੁਸੀਂ ਆਪਣੇ ਅੰਦਰ ਬੈਠੇ ਪ੍ਰਮਾਤਮਾ ਨੂੰ ਜਾਣ ਲੈਂਦੇ ਹੋ। ਜਦੋਂ ਤੁਸੀਂ ਆਪਣੇ ਅੰਦਰ ਦੇ ਸਤਿ ਨੂੰ ਜਾਣ ਲੈਂਦੇ ਹੋ, ਜਦੋਂ ਅੰਦਰ ਦੇ ਸਤਿ ਦਾ ਅਨੁਭਵ ਕਰ ਲੈਂਦੇ ਹੋ, ਉਸ ਤੋਂ ਪਸਚਾਤ ਤੁਸੀਂ ਇਹ ਸਮਝ ਲੈਂਦੇ ਹੋ ਕਿ ਸਾਰਾ ਸਤਿ ਦਾ ਹੀ ਪਸਾਰਾ ਹੈ।

### ਮੈਡੀਟੇਸ਼ਨ - ਚਕਿਤਸਾ

ਸਤਿ ਦੀ ਪ੍ਰਾਪਤੀ ਬਾਰੇ ਸਾਰੇ ਮਜ਼੍ਹਬਾਂ ਨੇ ਵਿਸਤਾਰ ਨਾਲ ਦਸਿਆ ਹੈ, ਪਰ ਮੈਡੀਟੇਸ਼ਨ ਕੋਈ ਮਜ਼੍ਹਬ ਨਹੀਂ ਹੈ। ਕੇਵਲ ਮੈਡੀਟੇਸ਼ਨ ਹੀ ਜੀਵਨ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰ ਸਕਦੀ ਹੈ। ਜਦੋਂ ਮਨੋਵਿਗਿਆਨਕ ਇਹ ਸਮਝ ਲੈਣਗੇ ਕਿ ਮੈਡੀਟੇਸ਼ਨ ਕਿੰਨੀ ਲਾਭਕਾਰੀ ਹੈ ਫੇਰ ਇਹ ਸੰਸਾਰ ਭਰ ਵਿਚ ਪ੍ਰਚਲਿਤ ਹੋ ਜਾਵੇਗੀ ਕਿਉਂਕਿ ਮੈਡੀਟੇਸ਼ਨ ਹੀ ਕੇਵਲ ਪੂਰਨ ਚਕਿਤਸਾ ਹੈ। ਹੁਣ ਤਾਂ ਮਨੋਵਿਗਿਆਨਕ ਕੇਵਲ ਸਲਾਹ, ਸਥਿਰ ਹੋਣਾ ਹੀ ਦਸਦੇ ਹਨ, ਇਹ ਤਕਨੀਕਾਂ ਹੀ ਵਰਤਦੇ ਹਨ। ਇਹ ਜਾਣ ਲੈਣਾ ਜ਼ਰੂਰੀ ਹੈ ਕਿ ਮੈਡੀਟੇਸ਼ਨ, hypnosis ਤੋਂ ਵੱਖ ਹੈ। hypnosis ਭਾਵ ਨੀਂਦ ਵਿਚ ਲੈ ਜਾਣਾ ਇਹ ਸਭ ਕੁਝ jung, Freud, Jams ਤੇ ਹੋਰ ਵੱਡੇ-ਵੱਡੇ ਮਨੋਵਿਗਿਆਨਕਾਂ ਨੇ ਛੱਡ ਦਿਤੀਆਂ ਸੀ ਜਦੋਂ ਉਹ ਕੁਝ ਗੱਲਾਂ ਨੂੰ ਸਪੱਸ਼ਟ ਨਹੀਂ ਕਰ ਸਕੇ। ਨੀਂਦ ਵਿਚ ਲੈ ਜਾਣਾ ਮਾੜਾ ਨਹੀਂ ਪਰ ਇਹ ਸਵੈ ਦੇ ਕਰਨ ਦਾ ਵਿਸ਼ਾ ਨਹੀਂ ਹੈ, ਤੁਸੀਂ ਦੂਸਰੇ ਦੀ ਸਲਾਹ ਤੇ ਚਲਦੇ ਹੋ। ਅਸੀਂ ਤਾਂ ਪਹਿਲਾਂ ਹੀ ਆਪਣੇ ਸਭਿਆਚਾਰ ਤੋਂ ਕਾਫੀ ਪ੍ਰਭਾਵਤ ਹਾਂ, ਫੇਰ ਸਾਡਾ ਸਿਖਿਆ ਦਾ ਤਰੀਕਾ ਸਾਨੂੰ ਬਹੁਤ ਸਾਰੀਆਂ ਗੱਲਾਂ ਸਿਖਾ ਦਿੰਦਾ ਹੈ। ਪਰ ਪ੍ਰਸ਼ਨ ਉਠਦਾ ਹੈ ਕਿ ਕੀ ਅਸੀਂ ਜੋ ਕੁਝ ਸਿਖਿਆ ਹੈ ਉਹ ਭੁੱਲ ਸਕਦੇ ਹਾਂ? ਕੀ ਅਸੀਂ ਸਿਖਿਆ ਹੋਇਆ ਅਣਸਿਖਿਆ ਕਰ ਸਕਦੇ ਹਾਂ? ਸਾਨੂੰ ਸਿੱਖਣ ਦੇ ਤਰੀਕੇ ਤਾਂ ਪਤਾ ਹਨ, ਅਸੀਂ ਜਾਣਦੇ ਹਾਂ। ਪਰ ਸਿੱਖੇ ਹੋਏ ਨੂੰ ਅਣਸਿਖਣ ਦਾ ਤਰੀਕਾ ਅਸੀਂ ਨਹੀਂ ਜਾਣਦੇ, ਮੈਡੀਟੇਸ਼ਨ ਨਾਲ ਤੁਸੀਂ ਸਿੱਖ ਵੀ ਸਕਦੇ ਹੋ, ਸਿੱਖੇ ਹੋਏ ਨੂੰ ਅਣਸਿਖਿਆ ਵੀ ਕਰ ਸਕਦੇ ਹੋ। ਤੁਸੀਂ ਆਪਣੀ ਯਾਦ-ਦਾਸ਼ਤ ਤੇ ਪੂਰਾ ਕੰਟਰੋਲ ਕਰ ਸਕਦੇ ਹੋ, ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਪੜ੍ਹੇ ਲਿਖੇ ਕਿਹਾ ਜਾ ਸਕਦਾ ਹੈ।

ਜਦੋਂ ਮੈਡੀਟੇਸ਼ਨ ਨਾਲ ਤੁਹਾਡਾ ਆਪਣਾ ਅਨੁਭਵ ਹੋ ਜਾਂਦਾ ਹੈ ਫੇਰ ਬਾਹਰੋਂ ਪੁਸ਼ਟੀਕਰਨ ਦੀ ਲੋੜ ਨਹੀਂ ਰਹਿੰਦੀ, ਫੇਰ ਤੁਹਾਨੂੰ ਬਾਹਰੋਂ ਪੁਛਣ ਦੀ ਲੋੜ ਨਹੀਂ ਰਹਿੰਦੀ ਕਿ 'ਮੈਂ ਕੌਣ ਹਾਂ।' ਤੁਹਾਨੂੰ ਬਾਹਰੋਂ ਪੁਸ਼ਟੀ ਕਰਨ ਦੀ ਲੋੜ ਨਹੀਂ, ਤੁਸੀਂ ਆਪਣੇ ਆਪ ਵਿਚ ਸੁਰਖਤ ਹੋ ਜਾਂਦੇ ਹੋ। ਮੈਡੀਟੇਸ਼ਨ ਕਰਕੇ ਤੁਸੀਂ ਉਥੇ ਪਹੁੰਚ ਜਾਂਦੇ ਹੋ ਜਿਥੇ ਤੁਹਾਨੂੰ ਪਤਾ ਲਗ ਜਾਂਦਾ ਹੈ ਕਿ ਖੁਸ਼ੀ ਕੀ ਹੈ, ਖੁਸ਼ ਰਹਿਣਾ ਕੀ ਹੈ, ਉਸ ਦਿਨ ਤੋਂ ਬਾਦ ਤੁਹਾਨੂੰ ਇਹ ਲੋੜ ਨਹੀਂ ਰਹਿੰਦੀ ਕਿ ਕੋਈ ਕਹੇ, ਤੁਸੀਂ ਸੋਹਣੇ ਹੋ, ਅੱਛੇ ਹੋ, ਪਰ ਇਹ ਉਦੋਂ ਹੀ ਹੁੰਦਾ ਹੈ ਜਦੋਂ ਤੁਹਾਡਾ ਆਪਣਾ ਅਨੁਭਵ ਹੋ ਜਾਂਦਾ ਹੈ। ਤੁਸੀਂ ਚੇਤਨ ਹੋ ਜਾਂਦੇ ਹੋ। ਵਾਸਤਵ ਵਿਚ ਤੁਹਾਡਾ ਆਪਣਾ ਅਨੁਭਵ ਹੀ ਤੁਹਾਡੀ ਸਵੈ ਸੋਧਣ ਦਾ ਸਵੈ ਸਿਖਲਾਈ ਦਾ ਆਧਾਰ ਹੈ। ਜਦੋਂ ਤਕ ਤੁਸੀਂ ਆਪਣੇ ਆਪ ਨੂੰ ਇਸ ਪ੍ਰੋਗਰਾਮ ਵਿਚ ਨਹੀਂ ਲੈ ਕੇ ਆਉਂਦੇ ਇਸ ਦੇ ਅਧੀਨ ਨਹੀਂ ਹੁੰਦੇ, ਤੁਸੀਂ ਕਿਸੇ ਨਾ ਕਿਸੇ, ਸਰੀਰਕ, ਮਾਨਸਿਕ ਅਧਿਆਤਮਕ ਸਮੱਸਿਆ ਵਿਚ ਉਲਝੇ ਰਹੋਗੇ। ਕੋਈ ਵੀ ਦਵਾਈ ਤੁਹਾਡੀ ਸਹਾਇਤਾ ਨਹੀਂ ਕਰ ਸਕਦੀ ਕਿਉਂਕਿ ਤੁਸੀਂ ਕੇਵਲ ਸਰੀਰ ਨਹੀਂ ਹੋ, ਤੁਸੀਂ ਸੋਚਣ ਵਾਲੇ ਸੁਆਸ ਲੈਂਦੇ ਪ੍ਰਾਣੀ ਹੋ, ਤੁਸੀਂ ਚੇਤਨ ਹੋ, ਚੇਤਨ ਬਿੰਦੂ ਹੋ, ਜੋ ਕਿ ਇਨ੍ਹਾਂ ਸੀਮਾਵਾਂ ਤੋਂ ਬਹੁਤ ਦੂਰ ਹੈ, ਪਰ੍ਹੇ ਹੈ, ਕੇਵਲ ਮੈਡੀਟੇਸ਼ਨ ਹੀ ਤੁਹਾਨੂੰ ਉਥੇ ਤਕ ਪਹੁੰਚਾ ਸਕਦੀ ਹੈ ਜਿਥੇ ਚੇਤਨਾ ਦਾ ਪ੍ਰਵਾਹ ਹੈ ਜਿਥੋਂ ਉਹ ਵੱਖ-ਵੱਖ ਮਾਤਰਾ ਵਿਚ ਵੱਖ-ਵੱਖ ਰੂਪ ਵਿਚ ਨਿਕਲਦੀ ਹੈ।

ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਮੈਡੀਟੇਸ਼ਨ ਤੋਂ ਭਾਵ ਹੈ, ਸੋਚੋ ਨਹੀਂ ਪਰ ਜੇ ਤੁਸੀਂ ਸੋਚਣਾ ਬੰਦ ਕਰ ਦਿਓਗੇ, ਫੇਰ ਤੁਸੀਂ ਭਰਮਾਂ ਵਿਚ ਪੈ ਜਾਓਗੇ, ਭੁਚਕਿਆਂ ਵਿਚ ਪੈ ਜਾਓਗੇ। ਤੁਹਾਡੇ ਮਨ ਦੀ ਚੇਤਨਾ ਜਾਂਦੀ ਰਹੇਗੀ, ਮੈਡੀਟੇਸ਼ਨ ਤੋਂ ਇਹ ਭਾਵ ਨਹੀਂ ਕਿ ਤੁਸੀਂ ਸਤ ਤੋਂ ਪਰ੍ਹੇ ਹੋ ਜਾਓ ਜਾਂ ਸੋਚਣ ਤੋਂ ਪਰ੍ਹੇ ਹੋ ਜਾਓ। ਜਦੋਂ ਤੁਸੀਂ ਆਪਣੀ ਸੋਚ ਨਾਲ, ਸੋਚ ਦੀ ਵਿਧੀ ਨਾਲ ਲੜ ਰਹੇ ਹੋ ਤਾਂ ਤੁਸੀਂ ਮੈਡੀਟੇਸ਼ਨ ਨਹੀਂ ਕਰ ਰਹੇ, ਸੋਚ ਨਾਲ ਲੜਾਈ ਕਰਨ ਨਾਲ ਤੁਹਾਡੇ ਅੰਦਰ ਨਖੇਧੀ ਦੇ ਵਿਚਾਰ ਆਉਂਦੇ ਹਨ। ਇਸ ਕਰਕੇ ਸੋਚਣ ਦਾ ਪਰਵਾਹ ਚੱਲਣ ਦਿਓ, ਹੌਲੀ-ਹੌਲੀ ਆਪਣੀ ਘੋਖਣ ਦੀ ਸ਼ਕਤੀ ਨੂੰ ਤਿੱਖਾ ਕਰੋ, ਇਸ ਤਰ੍ਹਾਂ ਨਾਲ ਤੁਸੀਂ ਆਪਣੀ ਸਮਝਣ ਦੀ, ਦੇਖਣ ਦੀ ਸ਼ਕਤੀ ਦੇ ਨਾਲ ਆਤਮ ਚਿੰਤਨ ਦੀ ਸ਼ਕਤੀ ਵੀ ਵਧਾਉਂਦੇ ਹੋ, ਦੇਖਦੇ ਹੋ ਕਿ ਕਿਹੜੇ ਵਿਚਾਰ ਸਕਾਰਾਆਤਮਕ ਹਨ, ਉਤਸ਼ਾਹ ਦੇਣ ਵਾਲੇ ਹਨ ਕਿਉਂਕਿ ਸਕਾਰਾਤਮਕਤਾ ਵਿਚ ਤੁਹਾਨੂੰ ਇਕ ਦ੍ਰਿੜ੍ਹ ਮਨੋਵਿਰਤੀ ਦਿੰਦੀ ਹੈ, ਜੋ ਤੁਹਾਨੂੰ ਇਕ ਸੁਅਸਥ ਜੀਵਨ ਲਈ ਅਵੱਸ਼ਕ ਹੈ।

ਸਕਾਰਆਤਮਕ ਵਿਚਾਰਾਂ ਨੂੰ ਤੁਹਾਡੇ ਅੰਦਰੋਂ ਹੀ ਸ਼ਕਤੀ ਮਿਲਦੀ ਹੈ। ਤੁਸੀਂ ਆਪਣੇ ਅੰਦਰ ਨੂੰ ਦੇਖਦੇ ਹੀ ਨਹੀਂ ਤੁਸੀਂ ਬਹੁਤ ਵਾਰੀ ਉਸ ਨੂੰ ਅਣਡਿਠਿਆ ਕਰਦੇ ਹੋ। ਉਹ ਹੈ ਖੁਸ਼ੀ ਖੇੜਾ। ਸੰਪੂਰਨ ਦੇਹ ਅਰੋਗਤਾ ਲਈ ਤੁਹਾਨੂੰ ਖੁਸ਼ ਰਹਿਣਾ ਸਿੱਖਣਾ ਚਾਹੀਦਾ ਹੈ, ਖੁਸ਼ੀ ਸਭ ਤੋਂ ਵੱਡਾ ਡਾਕਟਰ ਹੈ। ਲੜੋ ਨਾ, ਆਪਣੇ ਅੰਦਰ ਨਕਾਰਾਤਮਕ ਵਿਚਾਰ ਨਾ ਲਿਆਓ, ਇਹ ਦੋ ਗੱਲਾਂ ਨੂੰ ਚੰਗੀ ਤਰ੍ਹਾਂ ਨਾਲ ਸਮਝਣ ਦੀ ਲੋੜ ਹੈ। ਇਨ੍ਹਾਂ ਦਾ ਅਭਿਆਸ ਕਰਨ ਦੀ ਲੋੜ ਹੈ। ਖਾਣੇ ਦੇ ਮੇਜ਼ ਤੇ ਬੈਠ ਕੇ ਲੜਨਾ ਨਹੀਂ ਚਾਹੀਦਾ, ਗੁੱਸੇ ਨਾਲ ਤੁਹਾਡੀ ਸਾਰੀ ਪਾਚਨ ਵਿਧੀ ਖਰਾਬ ਹੋ ਜਾਂਦੀ ਹੈ। ਇਹ ਸਮਝਣਾ ਬਹੁਤ ਜ਼ਰੂਰੀ ਹੈ, ਹਮੇਸ਼ਾਂ ਖੁਸ਼ ਰਹਿਣਾ ਸਿੱਖੋ। ਅਸੀਂ ਸੰਸਾਰ ਵਿਚ ਬਹੁਤ ਥੋੜ੍ਹੇ ਸਮੇਂ ਲਈ ਆਉਂਦੇ ਹਾਂ, ਜੇਕਰ ਤੁਸੀਂ ਆਪਣੀ ਰੋਜ਼ ਦੀ ਜ਼ਿੰਦਗੀ ਦੇਖੋਗੇ ਤੁਹਾਨੂੰ ਪਤਾ ਲੱਗੇਗਾ ਕਿ ਅਸੀਂ ਬਹੁਤ ਸਾਰਾ ਸਮਾਂ ਸੌਣ ਵਿਚ, ਖਾਣ ਵਿਚ, ਨਹਾਉਣ ਧੋਣ ਸਰੀਰ ਨੂੰ ਸੰਵਾਰਨ ਵਿਚ ਲਾ ਦਿੰਦੇ ਹਾਂ। ਅਸੀਂ ਆਪਣਾ ਸਮਾਂ ਐਨਾ ਕਿਉਂ ਬਰਬਾਦ ਕਰੀਏ? ਕੀ ਮਨੁੱਖ ਦਾ ਸਰੀਰ ਹੋਰ ਕਿਸੇ ਚੰਗੇ ਕੰਮ ਲਈ ਨਹੀਂ ਹੈ?

ਜੇਕਰ ਅਸੀਂ ਆਪਣੇ ਅੰਦਰ ਦੇ ਸਤ ਨੂੰ ਜਾਣ ਸਕੀਏ, ਜਾਣ ਲਈਏ ਤਾਂ ਅਸੀਂ ਚਿੰਤਾ ਹਟਾ ਸਕਦੇ ਹਾਂ। ਖਲੇਰਾ ਹਟਾ ਸਕਦੇ ਹਾਂ। ਸ਼ਕਤੀ ਨੂੰ ਖਿਨ ਭਿੰਨ ਹੋਣ ਤੋਂ ਬਚਾ ਸਕਦੇ ਹਾਂ। ਖੁਸ਼ ਰਹਿਣਾ ਸਿੱਖੋ, ਆਪਣੀ ਖੁਸ਼ੀ ਨੂੰ ਅੱਗੇ ਨਾ ਪਾਓ, ਪ੍ਰਮਾਤਮਾ ਤੇ ਨਾ ਛੱਡੋ ਕਿ ਉਹ ਤੁਹਾਨੂੰ ਖੁਸ਼ ਕਰੇਗਾ। ਪ੍ਰਮਾਤਮਾ ਤਾਂ ਤੁਹਾਡੇ ਅੰਦਰ ਹੈ, ਖੁਸ਼ੀ ਤੁਹਾਡੇ ਅੰਦਰ ਹੈ, ਇਸ ਖੁਸ਼ੀ ਨੂੰ ਮਹਿਸੂਸ ਕਰੋ, ਨਿਰਭੈ ਹੋ ਕੇ ਰਹੋ, ਤੁਸੀਂ ਆਪਣਾ ਜੀਵਨ ਆਪ ਬਣਾਉਂਦੇ ਹੋ। ਕਦੀ ਵੀ ਇਹ ਨਾ ਭੁੱਲੋ। ਤਿੰਨ ਮਹੀਨੇ ਦੇ ਅਭਿਆਸ ਕਰਨ ਤੋਂ ਬਾਦ ਤੁਸੀਂ ਦੇਖੋਗੇ ਤੁਹਾਡੇ ਸੁਆਸ ਸ਼ਾਂਤ ਹੋ ਜਾਣਗੇ। ਹੌਲੀ-ਹੌਲੀ ਤੁਸੀਂ ਦੇਖੋਗੇ ਕਿ ਤੁਹਾਡਾ ਚੇਤਨ ਮਨ ਸਥਿਰ ਹੋ ਜਾਏਗਾ, ਸ਼ਾਂਤ ਹੋ ਜਾਏਗਾ ਫੇਰ ਤੁਸੀਂ ਅਸੀਮ ਲਾਇਬ੍ਰੇਰੀ ਤੇ ਪਹੁੰਚ ਜਾਓਗੇ, ਜਿਸ ਨੂੰ ਅਚੇਤ ਮਨ ਕਹਿੰਦੇ ਹਨ। ਫੇਰ ਹੌਲੀ-ਹੌਲੀ ਤੁਸੀਂ ਚੇਤਨਾ ਦੇ ਪੱਧਰ 'ਤੇ ਆਓਗੇ। ਫੇਰ ਤੁਸੀਂ ਇਨ੍ਹਾਂ ਤੋਂ ਪਰ੍ਹੇ ਚੇਤਨ ਬਿੰਦੂ ਤੇ ਪਹੁੰਚ ਜਾਓਗੇ।

ਇਹ ਮੈਡੀਟੇਸ਼ਨ ਦਾ ਰਾਹ ਹੈ, ਮੈਡੀਟੇਸ਼ਨ ਦਾ ਸਕੂਲ ਅਤਿ ਅਵੱਸ਼ਕ ਹੈ, ਸਹਾਇਕ ਹੈ, ਹਰੇਕ ਮਨੁੱਖ ਲਈ ਜੋ ਵੀ ਮੈਡੀਟੇਸ਼ਨ ਕਰਦਾ ਹੈ, ਉਸ ਨੂੰ ਕਿਸੇ ਨਾ ਕਿਸੇ ਸਕੂਲ ਦੀ ਲੋੜ ਹੈ। ਇਹ ਸਮਝ ਲੈਣਾ ਜ਼ਰੂਰੀ ਹੈ, ਸ਼ਾਂਤੀ, ਖੁਸ਼ੀ ਸਥਿਰਤਾ ਜਿਸ ਨੂੰ ਤੁਸੀਂ ਲੋਚਦੇ ਹੋ, ਉਹ ਤੁਸੀਂ ਕੇਵਲ ਮੈਡੀਟੇਸ਼ਨ ਨਾਲ ਪ੍ਰਾਪਤ ਕਰ ਸਕਦੇ ਹੋ। ਮੈਡੀਟੇਸ਼ਨ ਇਕ ਚਕਿਤਸਾ ਹੈ, ਮੈਡੀਟੇਸ਼ਨ ਕਰਕੇ ਹਰ ਕੋਈ ਲਾਭ ਲੈ ਸਕਦਾ ਹੈ, ਸ਼ਾਂਤ ਹੋ ਸਕਦਾ ਹੈ, ਸਥਿਰ ਹੋ ਕੇ ਹੀ ਤੁਸੀਂ ਅੰਦਰ ਦੇ ਪ੍ਰਮਾਤਮਾ ਨੂੰ ਜਾਣ ਸਕਦੇ ਹੋ।

*'ਚਲਦਾ..........................।'*

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ ਰਤਵਾੜਾ ਸਾਹਿਬ, ਸਮਾਂ-12.00 ਤੋਂ 4.00 ਵਜੇ ਤੱਕ ।**
**ਪੂਰਨਮਾਸ਼ੀ - 30 ਅਪ੍ਰੈਲ (ਦਿਨ ਸੋਮਵਾਰ)**
**(ਸਮਾਂ - ਦੁਪਹਿਰ 12.00 ਤੋਂ 4.00 ਵਜੇ ਤੱਕ)**
**ਸੰਗਰਾਂਦ - ਵੈਸਾਖਿ 14 ਅਪ੍ਰੈਲ (ਦਿਨ ਸ਼ਨਿੱਚਰਵਾਰ) (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ - ਮਹੀਨੇ ਦੇ ਪਹਿਲੇ ਐਤਵਾਰ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਦਿਨੇ 11 ਵਜੇ ਹੁੰਦਾ ਹੈ।**

## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib13**
**Live Audio Link 1 - https://www.awdio.com/Ratwara Sahib**
**Live Audio Link 2 - https://mixlr.com/ratwara-sahib**
**E-mail :- sratwarasahib.in@gmail.com** ***Contact - 9569455861, 9417912900, 9814612900***

*(ਪੰਨਾ 52 ਦੀ ਬਾਕੀ)*

ਇਹ ਸਾਰੇ ਗੁਣ ਜੇ ਇਕ ਇਨਸਾਨ 'ਚ ਹੋਣ, ਅਤਿ ਦਾ ਸੁੰਦਰ ਹੋਵੇ, ਉੱਚੀ ਕੁਲ ਵਾਲਾ ਹੋਵੇ, ਚਤੁਰ ਹੋਵੇ, ਕਿੰਨਾ ਹੀ ਧਨੀ ਹੋਵੇ ਤੇ ਮੁਖ ਦਾ ਗਿਆਨੀ ਵੀ ਹੋਵੇ, ਪਰ ਜੇ ਪ੍ਰਮੇਸ਼ਰ ਨਾਲ ਪ੍ਰੀਤ ਨਹੀਂ ਉਸ ਦੀ ਤਾਂ ਫੇਰ ਉਹ ਤਾਂ ਮਿਰਤਕ ਹੈ।

ਜੇ ਇਥੇ ਵੀ ਤੇ ਅੱਗੇ ਲਈ ਸੁਖੀ ਹੋਣਾ ਹੈ ਤਾਂ ਕਹਿੰਦੇ ਗੁਰੂ ਦੀ ਚਰਨ ਸ਼ਰਨ ਲਓ। ਸੰਗਤਾਂ ਦੀ ਸੇਵਾ ਕਰੋ ਪਿਆਰ 'ਚ, ਫੇਰ ਉਹ ਪ੍ਰਾਪਤੀ ਹੋ ਜਾਂਦੀ ਹੈ -

*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਸੋ ਸਾਰੀਆਂ ਤੋਂ ਪ੍ਰੀਤਾਂ ਤੋਂ ਬਾਅਦ -

*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ।*

*ਭਾਈ ਗੁਰਦਾਸ ਜੀ, ਵਾਰ ੨੭/੪*

ਸਾਡੀ ਨਿਭ ਜਾਵੇ ਉਸ ਪ੍ਰਮੇਸ਼ਰ ਨਾਲ।

ਵਾਹਿਗੁਰੂ ਜੀ ਕਾ ਖਾਲਸਾ,

ਵਾਹਿਗੁਰੂ ਜੀ ਕੀ ਫਤਹਿ।

## ਜ਼ਰੂਰੀ ਬੇਨਤੀਆਂ

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦ੍ਰ ਤੇ ਵਾਪਿਸ ਕਰ ਦਿਤੇ ਜਾਣ।

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861000000003** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ **sms** ਕੀਤਾ ਜਾਵੇ।

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

✓ ☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

*Foreign Membership*

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ ਪਤਾ/Address.................................................................................................

.................................................................................................................................

..............................Pin Code.........................................Phone.......................... E-mail :...............................

ਮੈਂ.......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ...........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 2. | ਡਾ. ਸਵੇਤਾ | ਫੀਜ਼ੀਓਥਰੈਪਿਸਟ | ਸੋਮਵਾਰ ਤੋਂ ਸ਼ੁਕਰਵਾਰ |
| 3. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 4. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ | " |
| 5. | ਜੇ.ਪੀ.ਆਈ ਹਸਪਤਾਲ ਮੋਹਾਲੀ ਵਲੋਂ ਡਾਕਟਰ | ਅੱਖਾਂ ਦੇ ਮਾਹਿਰ | " |
| 6. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ ਅਤੇ ਵੀਰਵਾਰ |
| 7. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਬੁੱਧਵਾਰ |
| 8. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 9. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 10. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 11. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 12. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 14. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਐਤਵਾਰ |
| 15. | ਡਾ. ਜਿੰਦਲ, ਡਾ. ਗਰਗ | ਜਨਰਲ ਮੈਡੀਸਨ | " |
| 16. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਊਪੈਥਿਕ | ਬੁੱਧਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੂਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

## ਜ਼ਰੂਰੀ ਸੂਚਨਾ

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | 50/- | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਉ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/- |

| | English Version | Price |
|---|---|---|
| 1. | Baisakhi (**ਵੈਸਾਖੀ**) | . 5/- |
| 2. | How Rend The Veil of Untruth (**ਕਿਵ ਕੂੜੈ ਤੁਟੈ ਪਾਲਿ**) | . 70/- |
| 3. | Discourses on the Beyond-1 (**ਬਾਤ ਅਗੰਮ ਕੀ ਭਾਗ ੧**) | 50/- |
| 4. | Discourses on the Beyond -2 (**ਬਾਤ ਅਗੰਮ ਕੀ ਭਾਗ ੨**) | 50/- |
| 5. | Discourses on the Beyond -3 (**ਬਾਤ ਅਗੰਮ ਕੀ ਭਾਗ ੩**) | 50/- |
| 6. | Discourses on the Beyond -4 (**ਬਾਤ ਅਗੰਮ ਕੀ ਭਾਗ ੪**) | 60/- |
| 7. | Discourses on the Beyond -5 (**ਬਾਤ ਅਗੰਮ ਕੀ ਭਾਗ ੫**) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (**ਕਿਵ ਸਚਿਆਰਾ ਹੋਈਐ**) | 80/- |
| 12. | How to Know Thy Real Self-(Vol-2) (**ਕਿਵ ਸਚਿਆਰਾ ਹੋਈਐ**) | 80/- |
| 13. | How to Know Thy Real Self-(Vol-3) (**ਕਿਵ ਸਚਿਆਰਾ ਹੋਈਐ**) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (**ਸੁਰਤਿ ਸਬਦਿ ਮਾਰਗ**) | 150/– |
| 17. | The Story of Immortality (**ਅਮਰ ਗਾਥਾ**) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861000000003**

**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib, (Near New Chandigarh) P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

# How to Serve The Lord and Meditate on Him ?

*Sant Waryam Singh Ji*
*English Translation: Prof. Beant Singh*

*(Continued from P. 76, issue* Mar., 2018*)*

*All by listening to the holy Name find liberation.*
*Whomsoever by His grace to devotion to the Name He attaches.*
*Saith Nanak, entering the Fourth State finds liberation.'* *P. 284*

ਨਾਮ ਕੇ ਧਾਰੇ ਸਗਲੇ ਜੰਤ॥
ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ
ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ
ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥
ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ
ਜਿਸੁ ਆਪਨੈ ਨਾਮਿ ਲਾਏ॥
ਨਾਨਕ ਚਉਥੇ ਪਦ ਮਹਿ
ਸੋ ਜਨੁ ਗਤਿ ਪਾਏ॥

**The power of the holy Word (the Name) has assumed this body. If the holy Word power is absent, it becomes a heap of dust–**

*'The body is the invaluable citadel of gold, wherein is permeating the Infinite Name.*
*The Guruward sings ever the Lord's praise and meeting his Love, obtains peace.*
*The body is the Lord's mansion.*
*God Himself embellished it.*
*Within that abides the sire Lord, the enemy of ego.*
*By the Guru's instruction the merchants deal with Him and by His grace the Lord unites them with Himself.'* *P. 1059*

ਕਾਇਆ ਕੰਚਨ ਕੋਟੁ ਆਪਾਰਾ॥
ਜਿਸਿ ਵਿਚਿ ਰਵਿਆ ਸਬਦੁ ਅਪਾਰਾ॥
ਗੁਰਮੁਖਿ ਗਾਵੈ ਸਦਾ ਗੁਣ ਸਾਚੇ
ਮਿਲਿ ਪ੍ਰੀਤਮ ਸੁਖੁ ਪਾਇਦਾ॥
ਕਾਇਆ ਹਰਿ ਮੰਦਰੁ
ਹਰਿ ਆਪਿ ਸਵਾਰੇ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥
ਗੁਰ ਕੈ ਸਬਦਿ ਵਣਜਨਿ ਵਪਾਰੀ
ਨਦਰੀ ਆਪਿ ਮਿਲਾਇਦਾ॥

**This body is called the temple of God. But man puts alcohol into it; as if he puts into it a dead cat. Man's self is a pool full of Nectar, but he puts into it the dead rotten cat of slander and jealousy and dead rats of enmity and rancour. Then he claims that this temple will remain pure. This is absolutely wrong. The purity and piety of this temple is due to virtuous qualities. To gain control of temples made of brick and stone, we draw swords and kill one another, while the temple within the self we are contaminating and defiling everyday. Why havn't we followed the teachings of *Gurbani*? Why haven't we imbibed faith in it? Imbibing faith in *Gurbani* is a far cry. We continue with our preconceived notions which we have been listening since childhood. We continue to believe in the utterances of blind and ignorant persons which have become firmly fixed in our mind.**

*'Blind is the world and blind its dealings.*
*Without the Guru there is pitch darkness.'*
*P. 600*

ਅੰਧਾ ਜਗਤੁ ਅੰਧੁ ਵਰਤਾਰਾ

ਬਾਝੁ ਗੁਰੂ ਗੁਬਾਰਾ ॥

He, who is bereft of Divine knowledge, his inner eyes are blind. Darkness of ignorance is not dispelled without the Guru, howmuchsoever may be light, such as–

*'Should a hundred moons rise and a thousand suns appear –*
*With all this illumination, without the Guru's guidance all remains pitch darkness.'* P. 463

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥

Spiritually blind persons who try to show the path to others do not reach the goal. They waste their life in meaningless and needless wanderings. One does not know the path without the Guru's guidance and teaching –

*'The blind alone shall follow the way by the blind shown:*
*Saith Nanak: Why should one with eyes go astray?'* P. 954

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥

Blind are the teachings of the blind –

*'If the leader or guide is blind, he drowns the entire company.'* *Bhai Gurdas Ji, Var 35/2*

ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ ॥

If we make a blind person as our leader, he will drown the entire group. At very many places does Gurbani say – 'Adorn this temple of God within yourself'. It is made up of one hundred fifteen thousand million bricks; that is, it has this large number of cells. Blood flows in the veins to keep it living. These veins number 727272200. Twenty of them are very big through which flows current. There are five motors installed in it – *praan, upaan, suman, bian, udaan.*

Five are the kinds of *praans* (life breaths); five are the small breath passages. Five are the motor organs and five sense organs made up of 25 *prakritis* (natures or tendencies). This body is made with great design and planning–

*'The body is the Lord's abode, by Him beautified.'* P. 1059

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥

God has Himself adorned and embellished this body –

*'In it abides Himself, the Divine Being.'* P. 1059

ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥

After embellishing the body-temple God sits therein –

*'The merchants of God in the Master's Word hold commerce,*
*By His grace to the Master united.'* P. 1059

ਗੁਰ ਕੈ ਸਬਦਿ ਵਣਜਨਿ
ਵਪਾਰੀ ਨਦਰੀ ਆਪਿ ਮਿਲਾਇਦਾ ॥

God's merchants or devotees come to the Guru and seek the boon of the holy Word. They come in the august presence of the Five Beloved Ones and pray – "Sir! grant us the boon of the holy Word. We have come for it." So, the Five Beloved Ones bestow the boon of the holy Word on them. So, those who are God's merchants come and take away the merchandise of the holy Word. They take a pledge to preserve it carefully, just as a customer has to fill in a form for obtaining loan from a bank. The banker asks for a guarantor. We take a guarantor. The banker examines the guarantor's property etc. and only then grants loan. So, in the same manner, the Five Beloved Ones are the guarantors. They first purify or reform him by laying down a code of conduct of do's and dont's. They seek a solemn pledge from him. This is an honourable man's commitment from which he will not go back.

These are called *'rehats'* [rules of conduct and behaviour]. Regarding *'kurehats'* [breach of the code], they command: 'Don't indulge in slandering, backbiting and envy. Don't usurp anybody's right. Don't do any wrong deed with hands, feet, eyes and ears.' If he breaks the pledge, what happens? Then he has gone wrong and he ceases to be God's merchant or devotee. So, the Guru bestows the boon of the Name. Those who are true merchants or devotees associate with others like them and hold commerce in the holy Word in congregations, but man continues to be deluded. He remains oblivious of his true soul-form. He talks of the body again and again, because he is deluded. He is divided between two paths – the worldly and the spiritual. If you ask an enlightened devotee or seeker what he will choose between rule over the world or Divine knowledge, he will spurn the former and choose the latter –

*'Such an empire is of no avail by which the mortal is appeased not.'* *P. 745*

ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹਿ ਤ੍ਰਿਪਤਾਏ॥

Sovereign Guru Sahib has advised us thus in a hymn –

*Refrain: O my mind, don't be deluded*
*At the sight of pearl palaces.*

ਧਾਰਨਾ – ਕਿਤੇ ਭੁੱਲ ਨਾ ਜਾਈਂ ਓ
ਮਨਾਂ ਮੇਰਿਆ,
ਮੋਤੀਆਂ ਦੇ ਮੰਦਰ ਵੇਖ ਕੇ

*'Palaces with pearls erected, with gems embellished;*
*With musk, saffron, agar and sandalwood paste plastered,*
*A sheer joy to the heart –*
*Lest in these delights involved I forget Thee.*
*Thy Name from the mind effaced.*
*May I burn in flames, should I without the Lord live.*
*My Preceptor have I consulted.*
*No shelter without the Lord may be found.'*
*P. 14*

ਮੋਤੀ ਤ ਮੰਦਰ ਊਸਰਹਿ
ਰਤਨੀ ਤ ਹੋਹਿ ਜੜਾਊ॥
ਕਸਤੂਰਿ ਕੁੰਗੂ ਅਗਰਿ ਚੰਦਨਿ
ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ॥
ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈਂ ਆਪਣਾ ਗੁਰੁ ਪੂਛਿ ਦੇਖਿਆ
ਅਵਰੁ ਨਾਹੀ ਥਾਉ॥

In this hymn, Guru Sahib has compared the holy Name of God with the most enamouring things of nature. The latter are capable of charming man's mind. It is very difficult for the seeker to renounce the charming things of the empirical world. We fall from principles for very small material gains. We become totally deluded and absorbed in Maya (Mammon), and thus forget our soul-form. The Supreme Divine Light abiding within us does not have any attraction for us. Every thought of ours whirls about in *Maya* (material riches). In this hymn, Guru Sahib gives four examples. First is the acquisition of *Maya* (material wealth) for which the whole world exhausts itself, when man's basic needs are food, clothing and shelter. He needs a little food to subsist, a small shelter and clothes to wear to guard him against summer's heat and winter's cold. But God has lighted such a fire in man which ceases to be appeased and extinguished. The more man acquires, the more fierce it becomes. Its job is to keep man forgetful of his death, that one day, he is to depart from here. Attachment, he never forgets. Guru Sahib has called it the malady of desire and said –

*'Gripped by the malady of desire, death have they forgotten.'* *P. 919*

ਏਹ ਤਿਸਨਾ ਵਡਾ ਰੋਗੁ ਲਗਾ

ਮਰਣੁ ਮਨਹੁ ਵਿਸਾਰਿਆ॥

*'Rare are such as have their fire of thirst for the world assuaged.*
*Hoarding of millions upon millions yet turns not the mind away from it,*
*Involved in seeking more and more.' P. 213*

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ।
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥
ਪਰੈ ਪਰੈ ਹੀ ਕਉ ਲੁਝੀ ਹੇ॥

**Guru Sahib has prescribed its cure also. This thirst can be quenched only by acquiring the Name Divine. When the Name-wealth becomes revealed in the body and grants Supreme peace and makes him enter the region of Truth, Intellect and Bliss, in that state, the fire of desire cannot touch him. If the Name Divine is not revealed in the body, then this *'jeev'* (sentient being) becomes completely entangled in the snare of desire and leaving his motherland, he labours hard in foreign lands. He creates various means of earning wealth. Day and night he is troubled by thoughts of desire because caught in the fire of avarice, he cannot come out of struggle. Guru Sahib says–**

*'Maya (Mammon) has spread out its net and in it has placed the bait.*
*The avaricious bird is snared and cannot escape, O my mother.' P. 50*

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ॥

**At another place, Guru Sahib says –**

*'The craving of even great kings and big landlords is not quenched.*
*Intoxicated with the pleasure of wealth, they remain engrossed in it, and their eyes see not anything else.' P. 672*

ਵਡੇ ਵਡੇ ਰਾਜਨ ਅਰੁ ਭੂਮਨ
ਤਾ ਕੀ ਤ੍ਰਿਸਨ ਨ ਬੂਝੀ॥
ਲਪਟਿ ਰਹੇ ਮਾਇਆ
ਰੰਗ ਮਾਤੇ ਲੋਚਨ ਕਛੂ ਨ ਸੂਝੀ॥

**As we put the fuel of material things into this fire of thirst, it blazes more and more. Guru Sahib says that all the living beings in the world are creatures of wealth. To keep them up and doing, they have been afflicted with the malady of desire. They have no rest. Day and night, they are running about to earn wealth. Devotion and worship have no place in their life. This malady has been called a big malady as is T.B., a serious disease which consumes man. But Guru Sahib has clearly prescribed its medicine also. It is that, if by chance, the man afflicted with this disease happens to come into the refuge of a holy man who has realized the Ultimate Reality, and he receives the grace of a capable holy Preceptor, then the medicine for its cure is revealed in him. In this way, he can find complete riddance from the malady of desire, as is the Gurbani edict -**

*'O yogi! out of clay is the world cast,*
*Afflicted with malady of desire for Maya.*
*Despite all praxis and garbs, this malady goes not.*
*The Name Divine is the true medicine, should it in the mind be lodged;*
*One obeying the Master's guidance alone, this realization has,*
*And the true yoga-praxis performs.' P. 909*

ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ
ਇਸੁ ਮਹਿ ਰੋਗੁ
ਵਡਾ ਤ੍ਰਿਸਨਾ ਮਾਇਆ॥
ਅਨੇਕ ਜਤਨ ਭੇਖ ਕਰੇ ਜੋਗੀ
ਰੋਗੁ ਨ ਜਾਇ ਗਵਾਇਆ॥
ਹਰਿ ਕਾ ਨਾਮੁ ਅਉਖਧੁ ਹੈ
ਜੋਗੀ ਜਿਸ ਨੋ ਮੰਨਿ ਵਸਾਏ॥
ਗੁਰਮੁਖਿ ਹੋਵੈ ਸੋਈ
ਬੂਝੈ ਜੋਗ ਜੁਗਤਿ ਸੋ ਪਾਏ॥

**When man earns the Name medicine through meditation, the fire of desire starts getting extinguished, and mind and body start becoming cool –**

*'Ignorance and desire consume the body:*

*Assuaged are these by living the Master's Word.*
*Then are body and mind made cool, wrath lifted.*
*And with egoism annulled, in the Supreme is the self absorbed.'* *P. 1067*

***ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ॥***
***ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ॥***
***ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ***
***ਹਉਮੈ ਮਾਰਿ ਸਮਾਇਆ॥***

**In this context, there is a strange story that occurs in history. Once, riding his horse named Neela and accompanied by devotees and followers, Tenth Guru Sahib was going somewhere. On both sides, five armed Sikhs were going along with him. The horse ambled gracefully. It was rather a quiet atmosphere when Guru Sahib heard the sound, of a partridge. On hearing the sound suddenly, the following utterance escaped his lips –**

*Refrain: The landlord over land is wrangling ever;*
*This must he one day leave, yet assuaged is his desire never.*

***ਧਾਰਨਾ – ਭੂਮੀਆ ਭੂਮ ਉਪਰ***
***ਨਿਤ ਲੁਝੈ***

*'The land owner over land is wrangling ever;*
*This must he one day leave,*
*Yet assuaged is his desire never.*
*Saith Nanak: This is the essence of wisdom:*
*Without devotion to God no release can come.'* *P. 188*

***ਛੋਡ ਚਲੇ ਤ੍ਰਿਸ਼ਨਾ ਨਹੀ ਬੁਝੈ***
***ਭੂਮੀਆ ਭੂਮਿ ਊਪਰਿ ਨਿਤ ਲੁਝੈ॥***
***ਛੋਡਿ ਚਲੈ ਤ੍ਰਿਸਨਾ ਨਹੀ ਬੁਝੈ॥***
***ਕਹੁ ਨਾਨਕ ਇਹੁ ਤਤੁ ਬੀਚਾਰਾ॥***
***ਬਿਨੁ ਹਰਿ ਭਜਨ ਨਾਹੀ ਛੁਟਕਾਰਾ॥ ਅੰਗ – 188***

**Then escaped from his lips the following utterance –**

*'Without devotion to God, no release can come.'* *P. 188*

***ਧਾਰਨਾ – ਬਿਨ ਹਰਿ ਭਜਨ ਨਹੀਂ ਛੁਟਕਾਰਾ***

**The utterance suddenly made by Guru Sahib was heard by all those accompanying him. One of them, coming forward, asked very gently and respectfully, "Reverend sir! words coming out of your lips are designed for a particular purpose. There is some deep meaning hidden in your utterance, which you made while riding the horse on the way." At that time, Guru Sahib said, "My dear devotees! do you hear what the partridge is saying?" Many of them spoke out, "Sir! the partridge is speaking its own language. But it is not possible to decide what it is saying. Many, having spiritual knowledge and understanding, on hearing the partridge's utterance explain what it is saying –**

*'Holy is Thy nature – holy is Thy nature.'*

***ਸੁਭ੍ਹਾਨ ਤੇਰੀ ਕੁਦਰਤ – ਸੁਭ੍ਹਾਨ ਤੇਰੀ ਕੁਦਰਤ।***

**But others blurt out suddenly. No; it is saying this –**

*'Sita, Ram, Dasrath; Sita, Ram, Dasrath.'*

***ਸੀਤਾ ਰਾਮ ਦਸਰਥ – ਸੀਤਾ ਰਾਮ ਦਸਰਥ।***

**The third one who has the bent of mind of a merchant, says –**

**The partridge is saying –**

*'Turmeric, salt, ginger*
*'Turmeric, salt, ginger.'*

***ਹਲਦੀ ਨਮਕ ਅਦਰਕ – ਹਲਦੀ ਨਮਕ ਅਦਰਕ***

**But if a wrestler were going with Guru Sahib, he would have said that the partridge is saying –**

*'Eat ghee and sugar and take exercise.'*

***ਖਾਹ ਖੰਡ ਘਿਓ ਕਰ ਕਸਰਤ–ਖਾਹ***
***ਖੰਡ ਘਿਓ ਕਰ ਕਸਰਤ।***

**On hearing these different interpretations Guru Sahib smiled and said–**

**"O Gursikhs! these are your own estimates or surmises. Only a spiritually experienced and enlightened person, who can understand the language of birds and**

**animals, can say what the bird is saying. Holy congregation! it is a very strange thing. We are amazed at it and refuse to believe it. We assert that birds and animals do not say anything meaningful – a dog only barks, a tiger roars, an elephant trumpets, a peacock screeches and a koel sings. We cannot understand the depth of what they say. But when we get the opportunity of living among birds and animals for a long time, we gain understanding of their speech and come to know what they are saying. Cows and buffaloes low. Their lowing is of two types. One is when they are in heat; secondly, when they want fodder. The third type of sound they make when they are separated from their companion or calf; and fourthly when their udders are full of milk and they want to be milked. Similarly, when they are frightened, they make another type of sound. Suddenly, if a snake comes, they indicate by breathing loudly. Some persons think that when a person's end is about to come, animals see Death's agents sent by the Righteous Judge. They are frightened and try to break loose from the stake. Dogs start barking at their fearful sight. Such scenes are often witnessed in the villages.**

**When my mother was dying, she was uttering – Waheguru! (God's Name) Waheguru! but the animals tethered nearby were in great agitation. Our pet dogs started weeping. They created an atmosphere of great awe and fear. My mother also said on hearing and seeing – "Only a few breaths are left now. Recite 'bani' or God's Name."**

**Similarly, let me narrate here another experience. When we bought lands in U.P., we had to cut down heavy jungles which were inhabited by tigers, cheetahs, panthers etc. They were a common sight. Daily we came across one ferocious animal or another. We encountered huge snakes measuring 22 feet by 6 feet. When the tiger came out of its lair to hunt an animal, the peacocks screeched loudly which was audible over miles. Various other small animals, including squirrels, would make their sounds to announce that the tiger was on prowl for a prey. In the same manner, the deer, called the 'moon' danced before the tiger announcing to other animals of its (tiger's) advent. This disturbed the tiger very much because it alerted all other animals, and they tried to find the safest way to escape from danger. Every man comes across such things in life. From guesses we come to know what birds and animals are saying. Even small birds like sparrows in their own language ask for feed from the kind man who feeds them daily. But men of perfect spiritual experience understand the language of birds and animals fully. This is because language has four parts. One is *'baikhri'* which we utter loudly. Another is spoken in the throat which man speaks to himself. This is called 'madhma' or you can call it whispering. The third is which is expressed in the form of heart's feelings and emotions, and the fourth is one that emerges from deeper layers in mans' being. Serially, these are – *baikhri, madhma, pasanti* and *pra*. *'Pasanti'* is the language of emotions. Now a days, in the world of computers such machines have been made which are called 'lie detectors'. They map the high and low in man's emotions in the form of a graph. But there is extreme poise in the heart of exalted holy men. They understand the thoughts and feelings going on in every human being. They understand feelings and emotions even from a distance**

of hundreds of miles. There are real examples of this kind in our history.

